# ਸੰਪਾਦਕੀ

*ਡਾ. ਜਗਜੀਤ ਸਿੰਘ*

ਸਤੰਬਰ 1604 ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਪੂਰਨ ਸਤਿਕਾਰ ਤੇ ਮਰਿਆਦਾ ਅਨੁਸਾਰ ਕੀਤਾ ਗਿਆ। ਇਹ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਮਨੁੱਖਤਾ ਨੂੰ ਬਹੁਤ ਵੱਡੀ ਦੇਣ ਸੀ। ਰੂਹਾਨੀਅਤ ਦੇ ਇਸ ਅਥਾਹ ਸਾਗਰ ਨੇ ਮਨੁੱਖਤਾ ਵਿਚ ਨਵੀਂ ਰੂਹ ਫੂਕੀ। ਸਤੰਬਰ 2004 ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ 400 ਸਾਲਾਂ ਪ੍ਰਕਾਸ਼ ਵਰ੍ਹੇ ਗੰਢ ਮਨਾਈ ਜਾ ਰਹੀ ਹੈ। ਲੋੜ ਹੈ ਕਿ ਅਸੀਂ ਵਿਸ਼ੇਸ਼ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲੇ ਗੁਰੂ ਦੇ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸੇਧ ਪ੍ਰਾਪਤ ਕਰੀਏ ਤੇ ਜੀਵਨ ਨੂੰ ਅਨੰਦਮਈ ਬਣਾਉਣ ਲਈ ਯਤਨਸ਼ੀਲ ਹੋਈਏ। ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਨੇ ਅਪ੍ਰੈਲ 1995 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਦੇ ਪਾਸਾਰ ਹਿਤ ਹੀ 'ਆਤਮ ਮਾਰਗ' ਦਾ ਸੰਚਾਲਨ ਕੀਤਾ ਸੀ।

ਸਿੱਖੀ ਇਕ ਜੀਵਨ ਜਾਚ ਹੈ। ਇਹ ਜੀਵਨ ਜਾਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿਖਾਂਦੀ ਹੈ। ਇਸ ਬ੍ਰਹਿਮੰਡ ਵਿਚ ਮਨੁੱਖ ਦੀ ਹਸਤੀ ਕੀ ਸਥਾਨ ਰਖਦੀ ਹੈ? ਉਸ ਦਾ ਜੀਵਨ ਲਕਸ਼ ਕੀ ਹੈ? ਉਸ ਦਾ ਨਿੱਜੀ ਜੀਵਨ ਕੈਸਾ ਹੋਵੇ ਜੋ ਉਸਨੂੰ ਸੁੱਖ, ਸ਼ਾਂਤੀ, ਖੁਸ਼ੀ ਅਤੇ ਅਨੰਦ ਬਖਸ਼ਿਸ਼ ਕਰੇ? ਉਸ ਦਾ ਖਾਣਾ ਪੀਣਾ, ਪਹਿਨਣਾ ਉਸ ਦੀ ਵਿਦਿਆ, ਕਾਰੋਬਾਰ, ਵਿਹਾਰ, ਉਸ ਦੇ ਪਰਿਵਾਰਕ ਸਬੰਧ, ਮਾਤਾ ਪਿਤਾ, ਭੈਣ ਭਰਾ, ਪਤੀ ਪਤਨੀ, ਧੀਆਂ ਪੁੱਤਰਾਂ ਨਾਲ ਸਬੰਧ ਕੈਸੇ ਹੋਣ ਜਿਸ ਨਾਲ ਜੀਵਨ ਸੰਤੁਲਤ ਰਹੇ, ਦੁਖਾਂ ਦਾ ਕਾਰਨ ਭਾਈਚਾਰਕ ਤੇ ਸਮਾਜਿਕ ਰਿਸ਼ਤੇ ਨਾਤੇ ਕਿਵੇਂ ਸੁਖਾਵੇ ਤੇ ਸੁਹਾਵਣੇ ਰਹਿ ਸਕਦੇ ਹਨ? ਉਸ ਦੀ ਦੇਸ਼ ਅਤੇ ਕੁਲ ਸੰਸਾਰ ਪ੍ਰਤੀ ਕੀ ਨਿਸ਼ਠਾ ਹੋਣੀ ਚਾਹੀਦੀ ਹੈ? ਉਸ ਦਾ ਤਮਾਮ ਜੀਵਨ ਵਿਅਕਤੀਗਤ ਅਤੇ ਸਮਾਜਿਕ ਐਸਾ ਸੁਖਾਵਾਂ ਸੰਤੁਲਤ, ਪਰਉਪਕਾਰੀ ਤੇ ਸੁਹਿਰਦ ਹੋਵੇ ਜੋ ਕੁਲ ਮਨੁੱਖਤਾ ਲਈ ਇਕ ਚੰਗੀ ਉਦਾਹਰਣ ਬਣ ਸਕੇ। ਐਸੇ ਵਿਅਕਤੀ ਦੀ ਸਿਰਜਨਾ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਉਦੇਸ਼ ਹੈ।

ਐਸੇ ਉਤਮ ਜੀਵਨ ਨੂੰ 250 ਸਾਲ ਦੇ ਅਰਸੇ ਵਿਚ ਪਹਿਲਾਂ ਦਸ ਗੁਰੂ ਸਾਹਿਬਾਨ ਨੇ ਨਿਜੀ ਦੇਖ ਰੇਖ ਹੇਠ ਸਿਰਜਿਆ ਅਤੇ ਨਿਰੰਤਰ ਤੌਰ ਤੇ ਇਸ ਨੂੰ ਕਾਇਮ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਬਖਸ਼ਿਸ਼ ਕੀਤੀ।

ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਮੁੱਢਲਾ ਉਪਦੇਸ਼ ਇਕ ਪ੍ਰਮਾਤਮਾ ਵਿਚ ਪੂਰਨ ਵਿਸ਼ਵਾਸ਼ ਹੈ ਜਿਸ ਦਾ ਸਰੂਪ ਮੂਲ ਮੰਤਰ ਵਿਚ ਇਸ ਪ੍ਰਕਾਰ ਦਿਤਾ ਹੈ –

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

ਅਰਥਾਤ ਪ੍ਰਮਾਤਮਾ ਇਕ ਹੈ, ਸਗੋਂ ਸਾਰੇ ਬ੍ਰਹਿਮੰਡ ਵਿਚ ਇਕੋ ਇਕ ਪ੍ਰਮਾਤਮਾ ਹੀ ਸਾਰੇ ਵਿਦਮਾਨ ਹੋ ਰਿਹਾ ਹੈ ਅਤੇ ਉਹ ਸਤਿ ਸਰੂਪ ਹੈ, ਨਾਮ-ਰੂਪ ਹੈ, ਸਾਰੇ ਬ੍ਰਹਿਮੰਡ ਦਾ ਕਰਤਾ ਹੈ ਅਤੇ ਹਰ ਕਿਰਤ ਵਿਚ ਵਿਚਰ ਰਿਹਾ ਹੈ। ਭੈ ਰਹਿਤ ਹੈ, ਵੈਰ ਵਿਰੋਧ ਰਹਿਤ ਹੈ, ਕਾਲ ਰਹਿਤ ਹੈ, ਜੰਮਣ ਮਰਣ ਰਹਿਤ ਹੈ, ਸੁਤੇ ਸਿਧ ਪ੍ਰਕਾਸ਼ਮਾਨ ਹੈ, ਗੁਰੂ ਰੂਪ ਹੈ ਅਗਿਆਨਤਾ ਦਾ ਵਿਨਾਸ਼ਕਾਰੀ ਅਤੇ ਪ੍ਰਸਾਦਿ ਸਰੂਪ ਹੈ, ਹਰੇਕ ਜੀਵ ਨੂੰ ਕ੍ਰਿਪਾ ਕਰਕੇ, ਗੁਰੂ ਰੂਪ ਹੋ ਕੇ ਗਿਆਨ ਬਖਸ਼ਦਾ ਹੈ, ਗੁਰੂ ਵਿਚ ਵਿਦਮਾਨ ਹੋ ਕੇ ਆਪਣੇ ਸਰੂਪ ਦੀ ਲਖਤਾ ਬਖਸ਼ਦਾ ਹੈ।

ਮਨੁੱਖ ਨੂੰ ਇਕ ਅਕਾਲ ਪੁਰਖ, ਇਕ ਵਾਹਿਗੁਰੂ ਨੂੰ ਸੇਵਨ ਕਰਨ, ਯਾਦ ਕਰਨ, ਧਿਆਉਣ, ਨਿਧਿਆਸਣ ਕਰਨ ਦੀ ਪ੍ਰੇਰਨਾ ਹੈ, ਇਕ ਤੋਂ ਬਿਨਾਂ ਕਿਸੇ ਹੋਰ ਦੇਵੀ ਦੇਵਤਿਆਂ, ਕੁਦਰਤੀ ਸ਼ਕਤੀਆਂ, ਬੁੱਤਾਂ, ਮੜ੍ਹੀਆਂ ਮਸਾਣਾਂ ਆਦਿ ਸਭਨਾਂ ਦੀ ਪੂਜਾ ਉਸ ਦੇ ਭੈ ਅਤੇ ਬੰਦਨਾਂ ਤੋਂ ਆਜ਼ਾਦ ਕਰਕੇ ਇਕ ਸਤਿ-ਚਿਤ-ਅਨੰਦ ਸ਼ਕਤੀ ਨਾਲ ਜੋੜ ਦਿਤਾ ਅਤੇ ਇਹ ਮਨੋਵਿਗਿਆਨਕ ਸੱਚ ਦ੍ਰਿੜ੍ਹ ਕਰਵਾਇਆ – 'ਜੈਸਾ ਸੇਵੈ ਤੈਸੋ ਹੋਇ॥'

ਅਰਥਾਤ ਮਨੁੱਖ ਜੈਸੇ ਇਸ਼ਟ ਦੀ ਅਰਾਧਨਾ ਕਰਦਾ ਹੈ ਵੈਸੇ ਸਰੂਪ ਵਿਚ ਹੀ ਢਲ ਜਾਂਦਾ ਹੈ। ਇਕ ਦੀ ਅਰਾਧਨਾ ਮਨੁੱਖ ਦੀ ਬਿਰਤੀ ਨੂੰ ਖੰਡ ਖੰਡ ਹੋਣ, ਵਿਭਾਜਨ ਹੋਣ ਤੋਂ ਹੋੜ ਕੇ ਇਕ ਨਾਲ ਜੋੜਦੀ ਹੈ। ਇਕ ਤੇ ਕੇਂਦਰਤ ਕਰਦੀ ਹੈ। ਝੂਠ, ਕੂੜ, ਪਾਖੰਡ ਤੋਂ ਮੁਕਤ ਕਰਕੇ ਸੱਚ ਨਾਮ ਰਾਹੀਂ ਸੱਚ ਨਾਲ ਜੋੜਦੀ ਹੈ। 'ਸਚਿਆਰੇ' ਮਨੁੱਖ ਦੀ ਘਾੜਤ ਘੜਦੀ ਹੈ, ਉਸ ਨੂੰ ਕਰਤਾਰੀ (Creative) ਗੁਣ ਪ੍ਰਦਾਨ ਕਰਦੀ ਹੈ। ਨਿਰਭਉ, ਨਿਰਵੈਰ, ਡਰ ਰਹਿਤ ਅਤੇ ਵੈਰ-ਰਹਿਤ ਅਵਸਥਾ ਬਖਸ਼ਦੀ ਹੈ ਜੋ ਮਨੁੱਖੀ ਕਿਰਦਾਰ ਦੀਆਂ ਸਰਵੋਤਮ ਪਦਤੀਆਂ ਹਨ।

'ਅਕਾਲ' ਦੀ ਸੇਵਨਾ ਮਨੁੱਖ ਅੰਦਰ ਇਹ ਸੱਚ ਪ੍ਰਗਟ ਕਰਦੀ ਹੈ ਕਿ ਉਹ ਵੀ ਅਕਾਲ ਹੈ, ਕਾਲ ਰਹਿਤ ਹੈ, ਮਰਦਾ ਨਹੀਂ ਅਜੂਨੀ ਹੈ, ਕਿਉਂਕਿ ਉਹ ਸਰੀਰ ਨਹੀਂ ਆਤਮਾ ਹੈ। ਸਰੀਰ ਤਾਂ ਉਸ ਦਾ ਬਾਹਰਲਾ ਸਰੂਪ ਹੈ, ਚੋਲਾ ਹੈ ਜੋ ਕਰਮਾਂ ਅਨੁਸਾਰ ਪ੍ਰਾਪਤ ਹੁੰਦਾ ਹੈ। ਐਸਾ ਪ੍ਰਮਾਤਮਾ ਕ੍ਰਿਪਾਲੂ ਹੈ, ਦਿਆਲੂ ਹੈ, ਸਦਾ ਸਦਾ ਸਦਾ ਦਇਆਲ ਹੈ, ਪ੍ਰਸਾਦਿ ਦਾ ਸਰੂਪ ਹੈ, ਹਰ ਸਮੇਂ ਮਨੁੱਖ ਉਤੇ ਉਸ ਦੀ ਕ੍ਰਿਪਾਲਤਾ ਹੋ ਰਹੀ ਹੈ, ਕੇਵਲ ਇਕ ਜਾਣਨ ਪਛਾਨਣ ਦੀ ਲੋੜ ਹੈ ਜਿਸ ਦਾ ਮਾਧਿਅਮ ਉਸ ਦਾ ਨਾਮ ਹੈ, ਨਾਮ ਉਸ ਦੀ ਯਾਦ ਹੈ, ਉਸ ਦਾ ਸਿਮਰਨ ਉਸ ਨੂੰ ਅੰਦਰ ਵਸਾਉਣਾ ਹੈ, ਆਪਣੇ ਅਸਲ ਸਰੂਪ ਦੀ ਲਖਤਾ

ਹੈ, ਇਹ ਉਸ ਦੇ ਜੀਵਨ ਦਾ ਆਦਰਸ਼ ਹੈ ਜੋ ਬੜੇ ਸਪਸ਼ਟ ਸ਼ਬਦਾਂ ਵਿਚ ਗੁਰਬਾਣੀ ਦਰਸਾਉਂਦੀ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅੰਗ - 378*

ਐਸੇ ਆਦਰਸ਼ ਦੀ ਪ੍ਰਾਪਤੀ ਹਿਤ ਮਨੁੱਖ ਨੇ ਕਿਰਿਆਸ਼ੀਲ ਹੋਣਾ ਹੈ। ਗੁਰੂ, ਗੁਰਬਾਣੀ ਇਹ ਸੋਝੀ ਬਖਸ਼ਦੀ ਹੈ ਕਿ ਬੜੇ ਚਿਰ ਪਿਛੋਂ ਅਨੇਕਾਂ ਜੂਨਾਂ ਦੇ ਭਰਮਣ ਪਿਛੋਂ ਇਹ ਮਨੁੱਖਾ ਸਰੀਰ ਪ੍ਰਾਪਤ ਹੁੰਦਾ ਹੈ ਜਦੋਂ ਮਨੁੱਖ ਮਨ, ਬੁੱਧੀ, ਚੇਤਨਤਾ ਰਾਹੀਂ ਗਿਆਨ ਪ੍ਰਾਪਤ ਕਰਕੇ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ ਤੇ ਆਪਣੇ ਜੀਵਨ ਪ੍ਰਯੋਜਨ ਨੂੰ ਸਮਝਦਾ ਹੈ। ਗੁਰਬਾਣੀ ਸੋਝੀ ਬਖਸ਼ਦੀ ਹੈ ਕਿ ਮਨੁੱਖ ਪਸ਼ੂ ਨਾਲੋਂ ਚੇਤਨਤਾ ਕਰਕੇ ਚੰਗੇਰਾ ਹੈ। ਵਿਕਸਤ ਬੁੱਧੀ ਕਰਕੇ ਸ੍ਰੇਸ਼ਠ ਹੈ। ਜੋ ਮਨੁੱਖ ਕੇਵਲ ਖਾਣ ਪੀਣ, ਪਹਿਨਣ ਦੀ ਸੇਵਾਵਾਂ ਵਿਚ ਅਤੇ ਮਾਇਕ ਪਦਾਰਥਾਂ ਦੀ ਦੌੜ ਵਿਚ ਹੀ ਜੀਵਨ ਬਤੀਤ ਕਰਦਾ ਹੈ ਉਹ ਪਸ਼ੂ ਤੋਂ ਸ੍ਰੇਸ਼ਠ ਕਿਵੇਂ ਹੋ ਸਕਦਾ ਹੈ? ਗੁਰਵਾਕ ਹੈ –

*ਅਨਿਕ ਰਸਾ ਖਾਏ ਜੈਸੇ ਢੋਰ॥*
*ਮੋਹ ਕੀ ਜੇਵਰੀ ਬਾਧਿਓ ਚੋਰ॥*
*ਮਿਰਤਕ ਦੇਹ ਸਾਧਸੰਗ ਬਿਹੂਨਾ॥*
*ਆਵਤ ਜਾਤ ਜੋਨੀ ਦੁਖ ਖੀਨਾ॥ ਅੰਗ - 190*

ਇਨਸਾਨ ਸੰਸਾਰ ਵਿਚ ਆਉਂਦਾ ਤਾਂ ਮਨੁੱਖ ਰੂਪ ਵਿਚ ਹੈ ਪਰ ਪ੍ਰਮਾਤਮਾ ਦੇ ਗਿਆਨ ਬਿਨਾਂ ਪਸ਼ੂ ਹੈ, ਢੋਰ ਹੈ –

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥*
*ਅੰਗ - 251*

ਮਨੁੱਖ ਦੇ ਦੁਖਾਂ ਦਾ ਕਾਰਨ ਪ੍ਰਮਾਤਮਾ ਤੋਂ ਵਿਛੋੜਾ ਹੈ, ਵਿਛੋੜੇ ਦਾ ਕਾਰਨ ਹਉਮੈ ਹੈ, ਹਉਮੈ ਅਧੀਨ ਸਵਾਰਥ ਵਿਚ ਬੱਝਾ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਹਉਮੈ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੈ, ਹਉਮੈ ਅਧੀਨ ਹੀ ਮਨੁੱਖ ਦ੍ਵੈਤ ਭਾਵਨਾ ਵਿਚ ਕਰਮ ਕਰਦਾ ਹੈ ਤੇ ਸਾਡੇ ਕਰਮ ਹੀ ਸਾਨੂੰ ਘੁੰਮਾਈ ਫਿਰਦੇ ਹਨ, ਇਸ ਨੂੰ ਗੁਰਬਾਣੀ ਵਿਚ ਦੀਰਘ ਰੋਗ ਕਿਹਾ ਹੈ। ਫੁਰਮਾਨ ਹੈ –

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਕਿਰਪਾ ਕਰੇ ਜੋ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥*
*ਅੰਗ - 466*

ਸੱਚ ਦੀ ਸੋਝੀ ਸ਼ਬਦ ਰਾਹੀਂ ਹੁੰਦੀ ਹੈ, ਹਉਮੈ ਤੋਂ ਮੁਕਤੀ ਵੀ ਸ਼ਬਦ ਰਾਹੀਂ ਹੁੰਦੀ ਹੈ। ਹਉਮੈ ਰਾਹੀਂ ਇਕੱਠ ਹੋਈ ਮਨ ਅਤੇ ਮੱਤ ਦੀ ਮੈਲ ਨੂੰ ਧੋਣ ਦਾ ਸਾਧਨ ਵੀ ਸ਼ਬਦ ਜਾਂ ਨਾਮ ਹੀ ਹੈ –

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਪਉੜੀ 30*

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮੁੱਖ ਧੇਯ ਮਨ ਦੀ ਮਤ ਪਿਛੇ ਚੱਲਣ ਵਾਲੇ ਹਉਮੈਵਾਦੀ ਮਨੁੱਖ ਨੂੰ ਗੁਰੂ ਦੀ ਮਤ ਗ੍ਰਹਿਣ ਕਰਨ ਵਾਲਾ ਗੁਰਮੁਖ ਬਨਾਉਣਾ ਹੈ ਜੋ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਨਾਮ-ਅੰਮ੍ਰਿਤ ਦੀ ਬਖਸ਼ਿਸ਼ ਪ੍ਰਾਪਤ ਕਰਕੇ ਮੁਕਤਿ ਪਦ ਨੂੰ ਪ੍ਰਾਪਤ ਹੁੰਦਾ ਹੈ। ਫੁਰਮਾਨ ਹੈ –

*ਗੁਰਮੁਖ ਮੁਕਤੋ ਬੰਧੁ ਨ ਪਾਇ॥*
*ਸਬਦੁ ਬੀਚਾਰਿ ਛੁਟੈ ਹਰਿ ਨਾਇ॥ ਅੰਗ - 152*

ਗੁਰੂ ਗ੍ਰੰਥ ਸਾਹਿਬ ਵਿਚ ਗੁਰਮੁਖ ਦੇ ਅੰਮ੍ਰਿਤ ਵੇਲੇ ਦੇ ਇਸ਼ਨਾਨ, ਨਾਮ ਅਭਿਆਸ, ਗੁਰਬਾਣੀ ਦੇ ਪਾਠ, ਅਧਿਐਨ, ਗਾਇਨ, ਸਾਰਾ ਦਿਨ ਬੈਠਦਿਆਂ ਉਠਦਿਆਂ ਉਸ ਦੀ ਯਾਦ ਵਿਚ ਵਿਚਰਨ ਦਾ ਉਪਦੇਸ਼ ਹੈ। ਐਸੀ ਕਿਰਿਆ ਨਾਲ ਉਹ ਹਉਮੈ ਦੀਰਘ ਰੋਗ ਤੇ ਮਾਇਆ ਦੇ ਬੰਧਨਾਂ ਤੋਂ ਸਹਿਜੇ ਹੀ ਮੁਕਤ ਹੋ ਜਾਂਦਾ ਹੈ ਤੇ ਸਦਾ ਸੁਖ ਸ਼ਾਂਤੀ ਵਿਗਾਸ ਦੀ ਅਵਸਥਾ ਵਿਚ ਵਿਚਰਦਾ ਹੈ। ਰੱਬੀ ਪਿਆਰ ਵਿਚ ਮਖਮੂਰ ਰਹਿੰਦਾ ਹੈ। ਗੁਰੂ ਦਾ ਸੰਗ ਉਸਨੂੰ ਮਾਨੋ ਮਾਨਸ ਤੋਂ ਦੇਵਤਾ-ਸਰੂਪ ਬਣਾ ਦਿੰਦਾ ਹੈ।

ਐਸੀ ਨਾਮ ਦ੍ਰਿਸ਼ਟੀ ਵਾਲੀ ਗੁਰਮੁਖ ਸਖਸ਼ੀਅਤ ਸਾਰੀ ਮਨੁੱਖਤਾ ਨੂੰ ਪਿਆਰ ਕਲਾਵੇ ਵਿਚ ਲੈਂਦੀ ਹੈ। ਨਫਰਤ ਨਿੰਦਿਆ, ਵੈਰ ਵਿਰੋਧ ਤੋਂ ਮੁਕਤ ਜੋ ਕਿ ਪਰਉਪਕਾਰ ਕਰਦੀ ਹੈ। ਦੀਨ ਦੁਖੀਆਂ ਦੀ ਸਹਾਇਤਾ ਕਰਦੀ ਹੈ ਤੇ ਇਸ ਵਿਚੋਂ ਉਤਸ਼ਾਹ ਤੇ ਉਮਾਹ ਪ੍ਰਾਪਤ ਕਰਦੀ ਹੈ। ਸੱਚੀ ਸੁੱਚੀ ਕਿਰਤ ਕਰਕੇ ਲੋੜਵੰਦਾਂ ਦੀ ਸਹਾਇਤਾ ਕਰਨੀ 'ਘਾਲਿ ਖਾਇ ਕਿਛੁ ਹਥਹੁ ਦੇਇ' ਉਸ ਦੇ ਜੀਵਨ ਦਾ ਸਹਿਜਮਈ ਚਲਨ ਹੁੰਦਾ ਹੈ।

ਗੁਰਬਾਣੀ ਸੋਹਣਾ, ਸੁਥਰਾ, ਅਨੰਦਮਈ ਜੀਵਨ ਜੀਉਣ ਦੀ ਜਾਚ ਸਿਖਾਉਂਦੀ ਹੈ, ਜਿਥੇ ਕੋਈ ਵੈਰ ਵਿਰੋਧ ਨਹੀਂ, ਡਰ ਦੀ ਭਾਵਨਾ ਨਹੀਂ ਹੈ, ਮਨੁੱਖ ਦੁਖ, ਰੋਗ ਸੰਤਾਪ ਫਿਕਰ ਅੰਦੇਸ਼ਿਆਂ ਤੋਂ ਮੁਕਤ ਹੁੰਦਾ ਹੈ, ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ, ਪ੍ਰਭੂ ਪਿਆਰ ਵਿਚ ਵਿਲੀਨ ਹੋ ਪ੍ਰਭੂ ਪਿਆਰ ਵਿਚ ਵਿਗਸਦਾ ਹੈ ਤੇ ਐਸੀ ਜੀਵਨ ਜੁਗਤਿ ਵਿਚ ਵਿਚਰਦਾ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ –

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ॥ ਅੰਗ - 522*

ਐਸੀ ਜੀਵਨ ਜੁਗਤਿ ਦਰਸਾਉਣ ਹਿਤ 'ਆਤਮ ਮਾਰਗ' ਪਿਛਲੇ 10 ਸਾਲ ਤੋਂ ਯਤਨਸ਼ੀਲ ਰਿਹਾ ਹੈ ਅਤੇ ਗੁਰੂ ਮਿਹਰ ਸਦਕਾ, ਮਹਾਂਪੁਰਸ਼ਾਂ ਦੀਆਂ ਅਸੀਸਾਂ ਸਦਕਾ ਅਤੇ ਆਪ ਜੀ ਪਾਠਕਾਂ ਦੀਆਂ ਅਰਦਾਸਾਂ ਸਦਕਾ ਅਗੋਂ ਵੀ ਯਤਨਸ਼ੀਲ ਰਹੇਗਾ। ਆਪ ਜੀ ਦੇ ਸਹਿਯੋਗ ਦੀ ਯਾਚਨਾ ਹੈ।

# ਬਾਰਹਮਾਹਾ ਮਾਝ ਮਹਲਾ ੫
# ਅਸੁਨਿ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਕੁ. ਮਿਸ਼ਨ।*

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥*
*ਅੰਗ - 135*

ਸਾਧਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਨੂੰ ਗੁਰੂ ਸਰੂਪ ਦੇ ਧਿਆਨ ਨਾਲ ਜੋੜੋ। ਮਨ ਨੂੰ ਫੁਰਨਿਆਂ ਤੋਂ ਰੋਕ ਕੇ, ਬੁੱਧੀ ਦੇ ਨਾਲ ਬਾਣੀ ਦੀ ਵਿਚਾਰ ਕਰਕੇ ਹਿਰਦੇ 'ਚ ਧਾਰਨ ਕਰੋ। ਫੇਰ ਫਲ ਕਿੰਨਾ ਹੋਏਗਾ?

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*
*ਅੰਗ - 669*

ਜਿੰਨੀ ਦੇਰ ਤੱਕ ਗੁਰੂ ਦੀ ਆਗਿਆ ਨਹੀਂ ਮੰਨਦੇ, ਓਨੀ ਦੇਰ ਤਕ ਪ੍ਰਮੇਸ਼ਰ ਦਾ ਮਿਲਾਪ ਨਹੀਂ ਹੋਇਆ ਕਰਦਾ। ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਅਸੁਨਿ ਮਹੀਨੇ ਦੀ ਸੰਗਰਾਂਦ ਦਾ ਦਿਨ ਜਾਣ ਕੇ ਪਿਆਰ ਦੇ ਨਾਲ ਹਰੀ ਜਸ ਕਰਨ ਵਾਸਤੇ ਇਸ ਅਸਥਾਨ ਤੇ ਪੁੱਜੇ ਓਂ। ਏਸ ਮਹੀਨੇ ਦੇ ਅੰਦਰ ਮਹਾਰਾਜ ਜੀ ਉਪਦੇਸ਼ ਦਿੰਦੇ ਨੇ ਕਿ ਜੇ ਵਾਹਿਗੁਰੂ ਨੂੰ ਮਿਲਣਾ ਹੈ ਤਾਂ ਪਿਆਰ ਕਰ ਓਸਨੂੰ। ਪਿਆਰ ਤੋਂ ਬਗੈਰ ਨਹੀਂ ਮਿਲਦਾ। ਨਾ ਅਸੀਂ ਵਾਹਿਗੁਰੂ ਦੇਖਿਐ, ਨਾ ਜਾਣਿਐ, ਨਾ ਸਾਨੂੰ ਪਤਾ ਲਗਦਾ ਹੈ। ਪਿਆਰ ਤਾਂ ਓਹਦੇ ਨਾਲ ਕੀਤਾ ਜਾਂਦਾ ਹੈ ਜਿਹਨੂੰ ਦੇਖ-ਦੇਖ ਜੀਵੀਏ। ਕਈ ਵਾਰੀ ਐਸਾ ਵੀ ਹੁੰਦਾ ਹੈ ਕਿਸੇ ਦੀ ਸਖਸ਼ੀਅਤ ਬਾਰੇ ਸੁਣਦੇ ਜਾਈਏ ਤਾਂ ਵੀ ਪਿਆਰ ਹੋ ਜਾਇਆ ਕਰਦਾ ਹੈ। ਕਈ ਵਾਰੀ ਐਸਾ ਵੀ ਹੁੰਦਾ ਹੈ ਕਿ ਲੋੜਵੰਦ ਹਾਂ ਅਸੀਂ, ਸਾਨੂੰ ਚੀਜ਼ਾਂ ਚਾਹੀਦੀਆਂ ਨੇ, ਲੋੜਾਂ ਨੇ ਸਾਡੀਆਂ - ਦੁੱਖ ਆਉਂਦਾ ਹੈ, ਅਸੀਂ ਘਬਰਾਹਟ 'ਚ ਜਾਂਦੇ ਹਾਂ, ਕੋਈ ਗੁਪਤ ਹੱਥ ਸਾਡੀ ਸਹਾਇਤਾ ਕਰਦਾ ਹੈ। ਕੋਈ ਪ੍ਰੇਮੀ ਪੈਸੇ ਵੀ ਭੇਜਦਾ ਹੈ ਲੇਕਿਨ ਆਪਣੇ ਆਪ ਨੂੰ ਦੂਰ ਰਖਦਾ ਹੈ। ਬੱਚਿਆਂ ਨੂੰ ਫੀਸਾਂ ਵੀ ਦਿੰਦੈ, ਕਿਤਾਬਾਂ ਵੀ ਦਿੰਦੈ, ਕਾਰੋਬਾਰ ਵੀ ਕਰਦਾ ਹੈ ਲੇਕਿਨ ਫੇਰ ਮੁਕਤ ਰਹਿੰਦਾ ਹੈ। ਸਾਡੇ ਮਨ ਵਿਚ ਨਿਹਚਾ ਹੋ ਜਾਂਦਾ ਹੈ ਕਿ ਕੋਈ ਬਹੁਤ ਅੱਛਾ ਬੰਦਾ ਹੈ ਉਹ। ਜਿਹੜਾ ਸਾਰਾ ਕੁਛ ਕਰ ਰਿਹਾ ਹੈ ਉਹਦੇ ਨਾਲ ਵੀ ਪਿਆਰ ਹੋ ਜਾਇਆ ਕਰਦਾ ਹੈ। ਲੇਕਿਨ ਰੱਬ ਨਾਲ ਨਹੀਂ ਹੁੰਦਾ। ਪਤਾ ਨਹੀਂ ਓਹਦੇ ਨਾਲ ਕੀ ਵੈਰ ਹੈ ਏਸ ਮਨੁੱਖ ਦਾ? ਉਹਨੂੰ ਐਵੇਂ ਹੀ ਗਿਣਦੈ। ਪਾਣੀ ਪੀਂਦਾ ਹੈ ਕਦੇ ਨਹੀਂ ਸੋਚਦਾ ਕਿ ਇਹ ਵਾਹਿਗੁਰੂ ਨੇ ਮੈਨੂੰ ਨਿਰਮਲ ਜਲ ਦਿਤਾ ਹੈ। ਜੇ ਭਲਾ ਇਹ ਦੂਸ਼ਿਤ ਹੋ ਗਿਆ ਕਿਥੋਂ ਪਾਣੀ ਪੀਵਾਂਗੇ। ਅਸੀਂ ਉਹਦੀ ਕਦਰ ਨਹੀਂ ਪਾਉਂਦੇ। ਕਿਉਂ ਨਹੀਂ ਪਾਉਂਦੇ? ਕਿ ਧਰਤੀ ਦੇ ਵਿਚ ਤਾਂ ਪਾਣੀ ਹੈਗਾ ਹੀ ਹੈਗਾ। ਜਿਥੇ ਕਿਤੇ ਪਾਣੀ ਦੀ ਬਹੁਤ ਘਾਟ ਹੋਵੇ, ਉਥੇ ਕੋਈ ਪਾਣੀ ਦਾ ਘੜਾ ਰੱਖ ਜਾਵੇ। ਸਾਡੀ ਪਿਆਸ ਬੁਝਾ ਜਾਵੇ, ਉਹਦੇ ਬਾਰੇ ਤਾਂ ਦਿਲ 'ਚ ਆਏਗਾ ਕਿ ਕਿੱਡਾ ਚੰਗਾ ਬੰਦਾ ਹੈ। ਪਰ ਪ੍ਰਮੇਸ਼ਰ ਨਾਲ ਸਾਡਾ ਪਿਆਰ ਨਹੀਂ ਪੈਂਦਾ, ਹੋਰ ਸਾਰੀਆਂ ਚੀਜ਼ਾਂ ਨਾਲ ਪੈ ਜਾਂਦਾ ਹੈ। ਪਿਆਰ ਤੋਂ ਬਗੈਰ ਪ੍ਰਭੂ ਨਹੀਂ ਮਿਲਦਾ, ਜਦ ਤੱਕ ਡੂੰਘਾ ਹੋ ਕੇ ਉਹਦੇ ਨਾਲ ਪਿਆਰ ਨਹੀਂ ਪਾਉਂਦਾ, ਓਨਾ ਚਿਰ ਰੱਬ ਦਾ ਮਿਲਾਪ ਨਹੀਂ ਹੋਇਆ ਕਰਦਾ। ਮਹਾਰਾਜ ਇਸ ਮਹੀਨੇ ਦੇ ਅੰਦਰ ਉਪਦੇਸ਼ ਦਿੰਦੇ ਫੁਰਮਾਨ ਕਰਦੇ ਨੇ -

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਅੰਗ - 134*

ਕਿ ਅੱਸੂ ਦੇ ਵਿਚ ਪ੍ਰੇਮ ਦਾ ਚਸ਼ਮਾ ਪੈਦਾ ਹੋ ਗਿਆ ਹਿਰਦੇ 'ਚ ਨਾਮ ਜਪਦੇ-ਜਪਦੇ, ਅੰਮ੍ਰਿਤ ਵੇਲੇ ਜਾਗ ਕੇ-

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਅੰਗ - 459*

ਉਹ ਪਿਆਰ ਕਰਦੇ ਨੇ ਪ੍ਰਮੇਸ਼ਰ ਨੂੰ, ਖਿੱਚ ਪਾਉਂਦੇ ਨੇ। ਇਹਦੇ ਵਿਚ ਇਹ ਹੈ ਕਿ ਉਮਾਹ ਪੈਦਾ ਹੋ ਗਿਆ, ਚਸ਼ਮਾ ਪੈਦਾ ਹੋ ਗਿਆ ਪਿਆਰ ਦਾ ਤੇ ਹੁਣ ਕਿਵੇਂ ਜਾ ਕੇ ਓਸ ਨੂੰ ਮਿਲੀਏ।

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਅੰਗ - 134*

ਪਿਆਰ ਤਾਂ ਪੈਦਾ ਹੋ ਗਿਆ ਕਿਉਂਕਿ ਚੇਤ, ਵੈਸਾਖਿ, ਜੇਠ, ਹਾੜ, ਸਾਉਣ, ਭਾਦੋਂ ਛੇ ਮਹੀਨੇ ਸਿੱਕਾਂ

ਸਿਕਦਿਆਂ ਨੂੰ ਲੰਘ ਗਏ। ਬੇਨਤੀਆਂ ਕਰਦਿਆਂ ਨੂੰ ਲੰਘ ਗਏ ਕਿ ਹੇ ਪ੍ਰਭੂ! ਤੇਰਾ ਵਿਛੋੜਾ ਹੋ ਗਿਆ। ਕਿਸ ਤਰ੍ਹਾਂ ਤੂੰ ਮਿਲ ਸਕਦੈਂ?

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਅੰਗ - 176*

ਹੇ ਪ੍ਰਭੂ! ਤੇਰੇ ਨਾਲੋਂ ਵਿਛੜ ਕੇ ਬੜਾ ਹੀ ਦੁੱਖ ਪਾਇਆ ਹੈ। ਕੀੜੇ-ਮਕੌੜੇ, ਪੰਛੀ, ਹਰਨ, ਬਲਦ, ਮੱਛੀਆਂ, ਐਸੀਆਂ ਨਖਿੱਧ ਜੂਨੀਆਂ ਵਿਚ ਜੀਵ ਆਤਮਾ ਭਟਕਦਾ ਰਿਹਾ ਹੈ ਕਿਉਂਕਿ ਤੇਰੇ ਨਾਲੋਂ ਵਿਛੜ ਗਿਆ। ਵਾਸ਼ਨਾ ਦਾ ਬੰਨ੍ਹਿਆ ਹੋਇਆ ਭਟਕਦਾ ਰਿਹਾ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*
*ਅੰਗ - 156*

ਬੜਾ ਕੁੱਛ ਦੇਖਿਆ ਹੈ, ਹੁਣ ਕ੍ਰਿਪਾ ਕਰਕੇ ਮੇਲ ਲੈ। ਪਹਿਲੇ ਮਹੀਨੇ 'ਚ ਕਹਿੰਦੇ ਨੇ ਮਹਾਰਾਜ -

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*
*ਅੰਗ - 133*

ਜਿਨ੍ਹਾਂ ਨੂੰ ਵਿਛੋੜਾ ਲਗ ਗਿਆ। ਬਿਰਹੁ ਪੀੜ ਨੇ ਜਿਨ੍ਹਾਂ ਦਾ ਹਿਰਦਾ ਵਿੰਨ੍ਹ ਦਿਤਾ, ਕਹਿੰਦੇ ਉਹ ਕਿਸ ਤਰੀਕੇ ਨਾਲ ਟਿਕ ਸਕਦੇ ਨੇ। ਉਹ ਧੀਰਜ ਕਿਵੇਂ ਕਰ ਸਕਦੇ ਨੇ, ਧੀਰਜ ਨਹੀਂ ਹੁੰਦੀ ਉਨ੍ਹਾਂ ਤੋਂ। ਸੋ ਇਸ ਤਰ੍ਹਾਂ ਦੇ ਨਾਲ ਜੇਠ ਦਾ ਮਹੀਨਾ ਆਇਆ, ਹਾੜ੍ਹ ਦਾ ਆਇਆ। ਹਾੜ੍ਹ ਤਪਦਾ ਸੀ ਉਨ੍ਹਾਂ ਵਾਸਤੇ ਜਿਨ੍ਹਾਂ ਦਾ ਪਿਆਰ ਪ੍ਰਮੇਸ਼ਰ ਨਾਲ ਨਹੀਂ ਲੱਗਿਆ।

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਅੰਗ - 134*

ਸਾਵਣ ਦੇ ਬੱਦਲਾਂ ਨੇ ਅੰਦਰ ਠੰਢਕ ਲਿਆਂਦੀ ਤੇ ਪਿਆਰ ਪੈ ਗਿਆ ਉਸ ਸਾਂਈ ਨਾਲ, ਅਣਡਿੱਠੇ ਨਾਲ। ਜਿਹੜਾ ਅਣਮੰਗੀਆਂ ਦਾਤਾਂ ਦਿੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਵਣਿ ਦੇ ਮਹੀਨੇ ਦੇ ਅੰਦਰ ਵੈਰਾਗ ਪੈਦਾ ਹੋ ਗਿਆ। ਭਾਦੋਂ ਨੇ ਦੱਸਿਆ ਕਿ ਤੂੰ ਕਿਉਂ ਭਰਮਾਂ 'ਚ ਭੁੱਲ ਗਿਆ, ਪ੍ਰਮੇਸ਼ਰ ਤੇਰੇ ਨਾਲ ਹੈ। ਭੁੱਲਿਆ ਹੋਇਆ ਤੂੰ ਦੁੱਖ ਪ੍ਰਾਪਤ ਕਰਦਾ ਹੈਂ। ਫੇਰ ਅੱਸੂ ਦੇ ਮਹੀਨੇ 'ਚ ਆ ਕੇ ਵਿਚਾਰ ਕੀਤੀ ਕਿ ਹੈਂ ਮੇਰੇ ਨਾਲ ਰਹਿੰਦਾ ਹੈ ਪ੍ਰਮੇਸ਼ਰ? ਹਰ ਵਕਤ ਮੇਰੇ ਨਾਲ ਰਹਿੰਦਾ ਹੈ? ਕਹਿੰਦੇ ਹਾਂ। -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਅੰਗ - 677*

ਜਿਹੜਾ ਰਹਿੰਦਾ ਹੀ ਨਾਲ ਹੈ ਹਰ ਵਕਤ ਉਹਨੂੰ ਭੁੱਲ ਗਿਆ ਤੂੰ। ਉਸਨੂੰ ਨਾ ਭੁੱਲੋ। ਯਾਦ ਰੱਖੋ ਉਸਨੂੰ। ਅੱਸੂ ਦੇ ਮਹੀਨੇ 'ਚ ਉਮਾਹ ਆ ਗਿਆ। ਚਸ਼ਮਾ ਫੁੱਟ ਪਿਆ ਅੰਦਰ ਤੇ ਵੈਰਾਗ ਵਿਚ ਆ ਗਿਆ ਕਿ ਹੁਣ ਮਿਲੇ ਕਿਵੇਂ ਵਾਹਿਗੁਰੂ। ਦਰਸ਼ਨ ਦੀ ਪਿਆਸ ਲੱਗ ਗਈ -

*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ॥* *ਅੰਗ - 135*

ਹੁਣ ਇਹ ਬੰਧਸ਼ ਨਹੀਂ ਰਹੀ ਕੋਈ ਹਿੰਦੂ ਆਵੇ, ਮੁਸਲਮਾਨ ਆਵੇ, ਇਸਾਈ ਆਵੇ, ਸਿੱਖ ਆਵੇ, ਬੱਚਾ ਆਵੇ, ਬੁੱਢਾ ਆਵੇ, ਕੋਈ ਆਓ ਤਾਂ ਸਹੀ ਜਿਹੜਾ ਮੈਨੂੰ ਉਸ ਪ੍ਰਮੇਸ਼ਰ ਨਾਲ ਮਿਲਾ ਦੇਵੇ। ਸਾਰੀ ਮਨੁੱਖਤਾ ਨੂੰ ਅਪੀਲ ਕਰ ਦਿਤੀ ਕਿ ਕੋਈ ਹੈ ਐਸਾ? ਐਸਾ ਕੋਈ ਸੱਜਣ ਟੋਲ੍ਹ ਲੈ ਜਿਹੜਾ ਮਿਲਾ ਦੇਵੇ ਪ੍ਰਮੇਸ਼ਰ ਦੇ ਨਾਲ। ਬਿਰਹੁ ਦੇ ਅੰਦਰ ਅਰਦਾਸਾਂ ਕਰਦਾ ਹੈ। ਕੋਈ ਹੈ ਸੰਸਾਰ ਦੇ ਅੰਦਰ ਐਸਾ ਪ੍ਰੇਮੀ, ਐਸਾ ਵਿਅਕਤੀ, ਐਸਾ ਮਿਹਰਬਾਨ ਜਿਹੜਾ ਮੈਨੂੰ ਆ ਕੇ ਮਿਲਾ ਦੇਵੇ।

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ॥* *ਅੰਗ - 757*

ਮੇਰਾ ਜਿਹੜਾ ਸਭ ਕੁਝ ਹੈ ਮੈਂ ਉਹਦੇ ਚਰਨਾਂ ਵਿਚ ਨਿਛਾਵਰ ਕਰ ਦੇਵਾਂਗਾ। ਬਦਲੇ ਵਿਚ ਮੈਂ ਸਭ ਕੁਛ ਵੇਚ ਦੇਵਾਂਗਾ। ਤੂੰ ਮੈਨੂੰ ਮਿਲਾ ਦੇ ਮੇਰਾ ਸਭ ਕੁਝ ਲੈ ਲੈ। ਕੀਮਤ ਦੇਣੀ ਹੈ ਨਾ ਇਹਦੀ, ਐਵੇਂ ਤਾਂ ਮਿਲਦਾ ਨਹੀਂ ਹੈ। ਦੇਣਾ ਵੀ ਕੀ-ਕੀ ਪੈਂਦੈ।

*ਕੰਚਨ ਸਿਉ ਪਾਈਐ ਨਹੀ ਤੋਲਿ॥*
*ਮਨੁ ਦੇ ਰਾਮੁ ਲੀਐ ਹੈ ਮੋਲਿ॥* *ਅੰਗ - 327*

ਮਨ ਦੇਣਾ ਪੈਂਦਾ ਹੈ -

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥* *ਅੰਗ - 286*

ਕਹਿੰਦੇ ਮਨ ਦੇ ਦੇਵਾਂ, ਤਨ ਵੀ ਦੇ ਦੇਵਾਂ, ਧਨ ਵੀ ਦੇ ਦੇਵਾਂ -

*ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ*
*ਕੋਈ ਮੇਲੈ ਪ੍ਰਭ ਮਿਲਥੇ॥* *ਅੰਗ - 1320*

ਸਭ ਕੁਛ ਅਰਪ ਦੇਵਾਂ, ਕੋਈ ਮੈਨੂੰ ਸੁਨੇਹਾ ਦੇ ਦੇਵੇ ਮੇਰੇ ਪਿਆਰੇ ਦਾ, ਪਿਆਰੇ ਦੀ ਲਗਨ ਲਗ ਗਈ, ਲੇਕਿਨ ਦਿਸਦਾ ਹੈ ਨਹੀਂ ਕਿਹੜੇ ਨੂੰ ਮਿਲੀਏ, ਕੀ ਰੂਪ ਹੈ ਓਹਦਾ।

ਇਕ ਕੋਈ ਪ੍ਰੇਮੀ ਮਹਾਂਪੁਰਸ਼ਾਂ ਦੇ ਕੋਲ ਆਇਆ। ਕਹਿੰਦੇ ਕੀ ਕਰਨ ਆਇਆ ਹੈਂ? ਸੰਸਾਰ ਨਹੀਂ ਜਾਣਦਾ ਕਿ ਸੰਤਾਂ ਕੋਲ ਕੀ ਕਰਨ ਆਈਦਾ ਹੈ। ਸੰਤਾਂ ਨੇ ਕੋਈ

ਠੇਕਾ ਤਾਂ ਨਹੀਂ ਲਿਆ ਹੋਇਆ, ਦੁਨੀਆਂ ਦੇ ਦੁੱਖ ਦੂਰ ਕਰਨ ਨੂੰ। ਉਨ੍ਹਾਂ ਦਾ ਕੰਮ ਤਾਂ ਹੁੰਦਾ ਹੈ ਪ੍ਰਭੂ ਨਾਲ ਮਿਲਾਉਣਾ। ਉਨ੍ਹਾਂ ਤੋਂ ਮਜ਼ੂਰਾਂ ਵਾਲਾ ਕੰਮ ਕਰਾਉਂਦੀ ਹੈ ਦੁਨੀਆਂ। ਜੇ ਸੰਤਾਂ ਨੂੰ ਕੋਈ ਭੇਟਾ ਕਰਦਾ ਹੈ ਉਹ ਲੇਖੇ 'ਚ ਲਾਉਂਦੇ ਨੇ, ਗੁਰੂ ਨੂੰ ਅਰਪਣ ਕਰਦੇ ਨੇ, ਆਪ ਤਾਂ ਕੁਝ ਨਹੀਂ ਲੈਂਦੇ ਤਾਂ ਕਿ ਦੇਣ ਵਾਲਿਆਂ ਦਾ ਭਲਾ ਹੋ ਜਾਏ। ਸੰਤਾਂ ਤੋਂ ਕੰਮ ਲਓ ਜਿਹੜੇ ਸੰਤ ਕਰਦੇ ਨੇ। ਸੰਤਾਂ ਦਾ ਕੰਮ ਹੁੰਦਾ ਹੈ ਪ੍ਰਮੇਸ਼ਰ ਮਿਲਾਉਣਾ, ਜੀਵ ਦਾ ਅਗਿਆਨ ਕੱਟਣਾ। ਪੈਸੇ ਤੁਸੀਂ ਸੰਤਾਂ ਨੂੰ ਦਿੰਦੇ ਓ, ਸੰਤ ਕਹਿੰਦੇ ਨੇ ਕਿ ਮੈਨੂੰ ਤਾਂ ਲੋੜ ਨਹੀਂ, ਇਹ ਜਿਹੜਾ ਤੇਰਾ ਦਿਤਾ ਹੋਇਆ ਦਾਨ ਹੈ ਇਹ ਫਲਣਾ ਹੈ, ਅਸੀਂ ਗੁਰੂ ਦੇ ਨਮਿਤ ਚਰਨਾਂ 'ਚ ਅਰਪਣ ਕਰਕੇ ਲੇਖੇ 'ਚ ਲਾ ਦਿੰਦੇ ਹਾਂ। ਐਸੇ ਖੇਤ ਵਿਚ ਤੇਰਾ ਦਾਣਾ ਬੀਜ ਦਿੰਦੇ ਹਾਂ ਜਿਥੋਂ ਤੈਨੂੰ ਵੱਢਣ ਵਾਸਤੇ ਬਹੁਤਾ ਮਿਲ ਜਾਏ। ਸੰਤਾਂ ਨੇ ਹਲ ਚਲਾਇਐ, ਸੰਤਾਂ ਨੇ ਸੁਹਾਗਾ ਦਿਤਾ, ਸੰਤਾਂ ਨੇ ਪਾਣੀ ਦਿਤਾ ਤੇ ਉਹਦੇ ਵਿਚ ਬੀਜ ਪਾਇਆ ਉਸ ਤੋਂ ਲੈ ਕੇ। ਬੀਜ ਦਾ ਜੋ ਫਲ ਹੋਇਆ ਕਹਿੰਦੇ ਵੱਢ ਲੈ ਭਾਈ। ਸੰਤਾਂ ਨੇ ਕੀ ਕਰਿਆ ਸੰਤਾਂ ਦੇ ਹਿੱਸੇ ਤਾਂ ਖੇਚਲ ਹੀ ਪਈ। ਸੰਤਾਂ ਦਾ ਇਹ ਕੰਮ ਨਹੀਂ ਹੁੰਦਾ। ਸੰਤਾਂ ਦਾ ਕੰਮ ਹੁੰਦਾ ਹੈ ਪ੍ਰਮੇਸ਼ਰ ਮਿਲਾ ਦੇਣਾ। ਸਾਰੇ ਦੁਨੀਆਂ ਹੀ ਮੰਗਦੇ ਨੇ। ਇਹ ਕੰਮ ਤਾਂ ਕੋਈ ਕਰਾਉਂਦਾ ਨਹੀਂ ਸੰਤਾਂ ਤੋਂ। ਸੋ ਕੋਈ ਪ੍ਰੇਮੀ ਹੈ ਜਿਹੜਾ ਕਹਿੰਦਾ ਹੈ ਕਿ ਮੈਨੂੰ ਮਿਲਾ ਦੇ ਪ੍ਰਮੇਸ਼ਰ ਨਾਲ, ਮੈਂ ਸਭ ਕੁਝ ਤੈਨੂੰ ਦੇ ਦੇਵਾਂਗਾ। ਜੋ ਕੁਝ ਮੇਰਾ ਆਪਣਾ ਹੈ ਅੱਜ, ਮਨ ਵੀ ਦੇ ਦੇਵਾਂਗਾ, ਤਨ ਵੀ ਦੇ ਦੇਵਾਂਗਾ, ਧਨ ਵੀ ਦੇਵਾਂਗਾ। ਪਰ ਮੈਨੂੰ ਉਸ ਸਾਈਂ ਦੇ ਦਰਸ਼ਨ ਕਰਾ ਦੇ। ਕਹਿੰਦੇ ਨੇ ਜੀ ਮੈਂ ਮਹਾਰਾਜ! ਮੈਂ ਦਰਸ਼ਨ ਕਰਨ ਆਇਆ ਹਾਂ। ਸੰਤ ਕਹਿਣ ਲੱਗੇ ਦਰਸ਼ਨ ਤਾਂ ਤੈਨੂੰ ਕਰਾ ਦੇਵਾਂਗੇ। ਪਰ ਤੂੰ ਐਉਂ ਦੱਸ ਕਿਹੋ ਜਿਹੇ ਰੱਬ ਦੇ ਦਰਸ਼ਨ ਕਰਨੇ ਨੇ? ਸੋਚ ਕੇ ਆ ਕੇ ਦੱਸੀਂ। ਘਰ ਆ ਕੇ ਸੋਚਣ ਲੱਗ ਗਿਆ ਕਿ ਕਿਹੋ ਜਿਹਾ ਰੱਬ ਦੱਸਾਂ। ਫੇਰ ਕਹਿੰਦਾ ਹੈ ਜੀ ਗੱਲ ਸਮਝ 'ਚ ਨਹੀਂ ਆਈ। ਕਹਿੰਦੇ ਫੇਰ ਜੇ ਸਮਝ 'ਚ ਨਹੀਂ ਆਈ, ਫੇਰ ਦਰਸ਼ਨ ਕਾਹਦੇ ਕਰੇਂਗਾ। ਪਹਿਲਾਂ ਮਨ ਤਾਂ ਬਣਾ ਕਿ ਕਿਹੋ ਜਿਹਾ ਰੱਬ ਚਾਹੀਦਾ ਹੈ ਤੈਨੂੰ। ਕਹਿੰਦਾ ਜਿਹੜਾ ਰੱਬ ਹੈ। ਸੰਤ ਕਹਿੰਦੇ ਰੱਬ ਦਾ ਤਾਂ ਕੋਈ ਰੂਪ ਹੀ ਨਹੀਂ ਹੈ।

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥*

*ਅੰਗ - 283*

ਉਹ ਤਾਂ ਬੁੱਝਣਾ ਪੈਣਾ ਹੈ ਪਿਆਰਿਆ! ਉਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ; ਦੱਸ ਫੇਰ ਕਿਹਨੂੰ ਮਿਲਣੈ ਹੈ ਤੂੰ। ਸੰਤ ਮਿਲਾ ਦਿੰਦੇ ਨੇ ਢੰਗ ਦੇ ਨਾਲ। ਕਹਿਣ ਲੱਗਿਆ ਆਹ ਤਾਂ ਮੈਨੂੰ ਪਤਾ ਨਹੀਂ। ਜੇ ਅਸਲੀ ਰੱਬ ਨੂੰ ਮਿਲਣਾ ਹੈ ਤਾਂ ਭਜਨ ਕਰ। ਪਹਿਲਾਂ ਜਿਹੜੇ ਤੇਰੇ ਪਾਪ ਬੀਜੇ ਹੋਏ ਨੇ, ਕਰਮ ਬੀਜੇ ਹੋਏ ਨੇ ਇਨ੍ਹਾਂ ਤੋਂ ਅੰਤਸ਼ਕਰਣ ਨੂੰ ਸ਼ੁੱਧ ਕਰ। ਇਹਦੇ ਵਿਚ ਟਿਕਾਉ ਆਏਗਾ, ਫੇਰ ਤੂੰ ਉਪਾਸ਼ਨਾ ਕਰ, ਨਾਮ ਜਪ, ਧਿਆਨ ਧਰ। ਉਸ ਤੋਂ ਬਾਅਦ ਤੇਰੇ ਅੰਦਰ ਅਨੁਭਵ ਦੀ ਕਿਰਨ ਜਾਗੇਗੀ ਫੇਰ ਉਹ ਦੇਖੇਗੀ ਰੱਬ ਕਿਹੋ ਜਿਹਾ ਹੈ, ਕਿਹਨੂੰ ਮਿਲਣਾ ਹੈ, ਉਹਨੂੰ ਮਿਲ ਸਕਦੈਂ ਤੇ ਤੂੰ ਭਰਿਆ ਹੋਇਆ ਪਾਪਾਂ ਦਾ ਹੁਣੇ ਆ ਕੇ ਕਹਿਣ ਲੱਗ ਗਿਆ ਕਿ ਮੈਨੂੰ ਰੱਬ ਮਿਲਾ ਦਿਓ। ਪਰ ਕੀਮਤ ਦਿੰਦਾ ਹੈਂ ਕਹਿੰਦੈ ਮੈਨੂੰ ਮਿਲਾ ਤਾਂ ਦਿਓ, ਮੈਂ ਸਭ ਕੁਝ ਦੇ ਦੇਵਾਂਗਾ। ਕਿਉਂਕਿ ਉਸ ਵੇਲੇ ਕਦਰ ਪੈ ਗਈ ਕਿ ਜੇ ਉਹ ਪਿਆਰਾ ਮਿਲ ਜਾਵੇ ਤਾਂ ਬਾਕੀ ਚੀਜ਼ਾਂ ਤਾਂ ਕੁਛ ਵੀ ਨਹੀਂ ਹੈਗੀਆਂ। ਉਹਦਾ ਪਿਆਰ ਉਠ ਗਿਆ ਅੰਦਰ। ਸੋ ਇਸ ਮਹੀਨੇ ਦੇ ਵਿਚ ਕਹਿੰਦੇ ਨੇ ਕਿ ਉਮਾਹ ਉਠ ਗਿਆ, ਚਸ਼ਮਾ ਚਲ ਪਿਆ ਪਿਆਰ ਦਾ। ਹੁਣ ਟਿਕਦਾ ਨਹੀਂ ਹੈ, ਬੇਚੈਨੀ ਲੱਗੀ ਰਹਿੰਦੀ ਹੈ ਕਿਉਂਕਿ ਬਗੈਰ ਮਿਲੇ ਤੋਂ ਸ਼ਾਂਤੀ ਨਹੀਂ ਆਉਣੀ। ਹਾਲਤ ਕਿਹੋ ਜਿਹੀ ਹੋ ਜਾਂਦੀ ਹੈ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*

*ਅੰਗ - 708*

ਐਸਾ ਪਿਆਰ ਪ੍ਰੇਮੀ ਦਾ ਹੋ ਜਾਇਆ ਕਰਦਾ ਹੈ। ਮਹਾਰਾਜ ਕਹਿੰਦੇ ਜਿਹਦੇ ਅੰਦਰ ਪਿਆਰ ਉਹ ਭਾਵੇਂ ਰੋਟੀ ਖਾਂਦੇ ਨੇ, ਪਾਣੀ ਪੀਂਦੇ ਨੇ, ਸਾਹ ਲੈਂਦੇ ਨੇ, ਕੰਮ ਕਰਦੇ ਨੇ, ਤੁਰਦੇ ਨੇ, ਫਿਰਦੇ ਨੇ, ਗੱਲਾਂ ਕਰਦੇ ਨੇ, ਪੜ੍ਹਦੇ ਨੇ ਲਿਖਦੇ ਨੇ, ਮਕਾਨ ਬਣਾਉਂਦੇ ਨੇ, ਨੌਕਰੀਆਂ ਚਾਕਰੀਆਂ ਕਰਦੇ ਨੇ, ਬੜੇ ਅਹੁਦੇ ਪ੍ਰਾਪਤ ਕਰਦੇ ਨੇ, ਉਹ ਪ੍ਰਵਾਨ ਹਨ। ਪਰ ਉਹ ਜਿਹੜੇ ਪ੍ਰੇਮੀ ਨਹੀਂ ਉਨ੍ਹਾਂ ਦਾ ਜੋ ਜੀਵਨ ਹੈ, ਉਹ ਇਸ ਤਰ੍ਹਾਂ ਦਾ ਹੈ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*

*ਅੰਗ - 253*

ਅਤਿ ਸੁੰਦਰ ਦੇਖੀ ਜਾਓ ਕਿ ਇਹ ਤਾਂ ਸਾਰਿਆਂ ਨਾਲੋਂ ਸੋਹਣਾ ਹੈ। ਝਾਕਦੇ ਨੇ ਅੱਜਕਲ੍ਹ ਕਿ ਕੌਣ ਸੋਹਣਾ ਹੈ ਵਿਸ਼ਵ ਦੇ ਅੰਦਰ। ਵਿਸ਼ਵ ਸੁੰਦਰੀ ਦਾ ਉਹਨੂੰ ਖਿਤਾਬ ਮਿਲਦਾ ਹੈ। ਵਿਸ਼ਵ ਸੁੰਦਰ ਦਾ ਖਿਤਾਬ ਮਿਲਦੈ। ਐਨਾ ਸੋਹਣਾ ਹੋਵੇ ਕਿ ਉਸ ਤੋਂ ਅੱਗੇ ਕੋਈ ਸੋਹਣਾ ਹੀ ਨਾ ਹੋਵੇ। ਕੁਲੀਨ ਹੋਵੇ, ਉਚੀ ਕੁਲ ਨਾਲ ਸਬੰਧ ਰੱਖਣ ਵਾਲਾ, ਚਤੁਰ ਹੋਵੇ ਗੱਲਾਂ-ਬਾਤਾਂ ਬਹੁਤ ਮਾਰਨ ਵਾਲਾ,

ਬ੍ਰਹਮਗਿਆਨ ਦੀਆਂ ਗੱਲਾਂ ਮੂੰਹ ਨਾਲ ਕਰਨ ਵਾਲਾ ਹੋਵੇ ਤੇ ਧਨ ਦਾ ਮਾਲਕ ਹੋਵੇ –

*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ - 253*

ਜਿਉਂਦਾ ਨਾ ਆਖੋ ਕਿਉਂਕਿ ਉਹਦੇ ਅੰਦਰ ਹਿਰਦੇ 'ਚ ਪਿਆਰ ਦੀ ਚਿੰਗਾਰੀ ਨਹੀਂ ਹੈ, ਖਿੱਚ ਨਹੀਂ ਹੈ। ਜਿਹਦੇ ਅੰਦਰ ਖਿੱਚ ਨਹੀਂ ਉਹ ਜਿਉਂਦਿਆਂ 'ਚ ਨਹੀਂ ਹੋਇਆ ਕਰਦਾ। ਮਰਿਆ 'ਚ ਹੋਇਆ ਕਰਦਾ ਹੈ। ਐਸਾ ਦਸਦੇ ਨੇ ਕਿ ਉਹਦਾ ਜਿਹੜਾ ਹਿਰਦਾ ਹੈ ਉਹ ਬਿਲਕੁਲ ਮਸਾਣ ਹੁੰਦਾ ਹੈ। ਮਸਾਣ ਦੇ ਵਿਚ ਤੁਸੀਂ ਬੀਜ ਪਾ ਦਿਓ, ਜੰਮਿਆ ਨਹੀਂ ਕਰਦਾ ਕਿਉਂਕਿ ਧਰਤੀ ਜਲ ਗਈ ਹੁੰਦੀ ਹੈ।

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥*
*ਅੰਗ - 1379*

ਪਿਆਰ ਹੀ ਨਹੀਂ ਜਿਸ ਹਿਰਦੇ 'ਚ, ਜਿਸ ਹਿਰਦੇ 'ਚ ਖਿੱਚ ਨਹੀਂ ਹੈ ਉਹ ਸੰਸਾਰ ਦੇ ਕੀ ਕੰਮ ਆਏਗਾ, ਆਪਣਾ ਜੀਵਨ ਜੀਵੇਗਾ, ਦੁਨੀਆਂ ਨੂੰ ਦੁਖੀ ਕਰੇਗਾ। ਜਿਉਂਦੇ ਉਹ ਨੇ ਜਿਹੜੇ ਦੂਸਰਿਆਂ ਦੇ ਵਾਸਤੇ ਸੇਵਾ ਕਰਦੇ ਨੇ। ਜਿਉਂਦੇ ਬੰਦਿਆਂ ਦੇ ਅੰਦਰ ਕਸ਼ਿਸ਼ ਹੋਇਆ ਕਰਦੀ ਹੈ, ਸੇਵਾ ਦੀ ਲਗਨ ਹੋਇਆ ਕਰਦੀ ਹੈ। ਜਿਹੜਾ ਮਰ ਜਾਂਦਾ ਹੈ ਉਹ ਮਰਿਆ ਹੋਇਆ ਹੀ ਹੈ, ਉਹਦੇ ਅੰਦਰ ਕੋਈ ਖਿੱਚ ਨਹੀਂ ਹੋਇਆ ਕਰਦੀ। ਆਹੀ ਫਰਕ ਹੈ ਜਿਉਂਦਿਆਂ 'ਚ ਤੇ ਮਰਿਆਂ 'ਚ। ਰੱਬ ਨੇ ਉਨ੍ਹਾਂ ਨੂੰ ਕੀ ਮਿਲਣਾ ਹੈ, ਨਾ ਰੱਬ ਦੀ ਉਨ੍ਹਾਂ ਨੂੰ ਲੋੜ ਹੈ। ਉਹ ਤਾਂ ਇਕ ਜੰਤ ਆਇਐ, ਜੀਵ ਆਇਐ, ਖਾਏਗਾ, ਪੀਏਗਾ। ਸੋ ਪਿਆਰ ਵਾਲੇ ਦਾ ਜੀਵਨ ਦੂਸਰਿਆਂ ਵਾਸਤੇ ਹੋਇਆ ਕਰਦਾ ਹੈ।

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਅੰਗ - 135*

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ*
*ਬੈਠਿ ਰਹਿਓ ਬਕ ਧਿਆਨ ਲਗਾਇਓ॥*
*ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ*
*ਲੋਕ ਗਇਓ ਪਰਲੋਕ ਗਵਾਇਓ॥*
*ਬਾਸੁ ਕੀਓ ਬਿਖਿਆਨ ਸੋ ਬੈਠ ਕੈ*
*ਐਸੇ ਹੀ ਐਸੇ ਸੁ ਬੈਸ ਬਿਤਾਇਓ॥*
*ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ*
*ਤਿਨ ਹੀ ਪ੍ਰਭੁ ਪਾਇਓ॥* *ਤ੍ਵਪ੍ਰਸਾਦਿ ਸ੍ਵਯੈ*

ਐਉਂ ਨਹੀਂ ਮਿਲਦਾ ਪ੍ਰਮੇਸ਼ਰ, ਬੈਠਾ ਰਹਿ ਅੱਖਾਂ ਮੀਟ ਕੇ। ਭੋਰਿਆਂ 'ਚ ਉਤਰ ਜਾ, ਨਹੀਂ ਰੱਬ ਮਿਲਣਾ ਜਦ ਤਕ ਅੰਦਰ ਪਿਆਰ ਭਰੀ ਖਿੱਚ ਨਹੀਂ ਪੈਦਾ ਹੁੰਦੀ। ਸੋ ਅੱਸੂ ਦੇ ਮਹੀਨੇ ਪਿਆਰ ਉਮੰਡਿਆ, ਪਿਆਰ ਦੀ ਖਿੱਚ ਪਈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਉਹ ਜਾਗਦੇ ਨੇ ਅੰਮ੍ਰਿਤ ਵੇਲੇ, ਸਰੀਰ ਦੀ ਨੀਂਦ ਪੂਰੀ ਕਰਕੇ ਉਠ ਜਾਂਦੇ ਨੇ। ਇਸ਼ਨਾਨ ਕਰਦੇ ਨੇ ਆਪਣੇ ਪ੍ਰਭੂ ਨੂੰ ਯਾਦ ਕਰਦੇ ਨੇ।

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਅੰਗ - 459*

ਇਕ ਖਿਨ ਵਾਸਤੇ ਵੀ ਵਾਹਿਗੁਰੂ ਨੂੰ ਹਿਰਦੇ 'ਚੋਂ ਭੁਲਾਉਣਾ ਨਹੀਂ ਚਾਹੁੰਦੇ। ਸੋ ਐਸਾ ਜੇ ਪਿਆਰ ਹੋਵੇ, ਐਸੀ ਲਗਨ ਹੋਵੇ, ਪ੍ਰਮੇਸ਼ਰ ਦੂਰ ਨਹੀਂ ਹੈ ਸਾਧਸੰਗਤ ਜੀ, ਐਨਾ ਨੇੜੇ ਹੈ, ਜਿਨ੍ਹਾਂ ਨੇ ਦੇਖ ਲਿਆ ਉਹ ਕਹਿੰਦੇ ਐਵੇਂ ਹੀ ਭਟਕਦੇ ਫਿਰਦੇ ਸੀ ਕਿ ਇਹ ਤਾਂ ਨਾਲ ਹੀ ਹੈ ਬਿਲਕੁਲ ਹੀ।

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥*
*ਅੰਗ - 612*

ਮੈਂ ਮੂਰਖ ਦੂਰ ਜਾਣਦਾ ਰਿਹਾ, ਲੁੱਕ ਕੇ ਕਰਦਾ ਰਿਹਾ ਕਿ ਰੱਬ ਨਾ ਦੇਖ ਲਵੇ। ਦਰਵਾਜ਼ੇ ਬੰਦ ਕਰ ਲਏ ਵਿਸ਼ੇ ਵਿਕਾਰਾਂ ਵਾਸਤੇ।

*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਢਾਕੈ॥* *ਅੰਗ - 616*

ਉਹ ਤਾਂ ਚਿਤਰਗੁਪਤ ਦੀ ਗੱਲ ਹੈ, ਰੱਬ ਕੋਲ ਹੀ ਹੁੰਦਾ ਹੈ। ਉਹਦੀ ਹਾਜ਼ਰੀ ਨਹੀਂ ਮੰਨਦਾ। ਪਾਪ ਹੁੰਦਾ ਹੀ ਤਾਂ ਹੈ ਜੇ ਰੱਬ ਦੀ ਹਾਜ਼ਰੀ ਨਹੀਂ ਮੰਨਦਾ। ਰੱਬ ਨਾਲ ਰਹਿੰਦਾ ਹੈ ਹਰ ਵਕਤ, ਦੂਰ ਨਹੀਂ ਰਹਿੰਦਾ। ਫਰਕ ਕਿੰਨਾ ਹੈ, ਇਹਦੇ ਵਿਚ ਸਿਰਫ ਮੈਂ ਦਾ ਜਜ਼ਬਾ ਪਿਆ ਹੋਇਆ ਹੈ। ਇਹ ਜੇ ਮੈਂ ਨਹੀਂ ਮਿਟਦੀ ਓਨਾਂ ਚਿਰ ਨਹੀਂ ਉਹ ਆਉਂਦਾ। ਕੋਲ ਹੀ ਹੁੰਦਾ ਹੈ, ਪ੍ਰਗਟ ਨਹੀਂ ਹੁੰਦਾ ਕਿਉਂਕਿ ਮੈਂ ਦਾ ਬੂਰ ਉਹਨੂੰ ਢੱਕ ਕੇ ਰਖਦਾ ਹੈ ਜਿਵੇਂ ਪਾਣੀ ਦੇ ਉਤੇ ਬੂਰ ਆ ਜਾਵੇ। ਪਈ ਤਾਂ ਰੱਸੀ ਹੈ ਲੇਕਿਨ ਭਰਮ ਪੈ ਗਿਆ ਸੱਪ ਦਾ। ਸੱਪ ਦਾ ਜਿਹੜਾ ਭਰਮ ਹੈ ਰੱਸੀ ਨੂੰ ਉਹਨੇ ਢੱਕ ਕੇ ਰੱਖ ਲਿਆ ਉਹਨੇ ਸੱਪ ਬਣਾ ਦਿਤਾ ਉਹਨੂੰ। ਚਾਨਣਾ ਹੋਇਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਰੱਸੀ ਸੀ। ਇਸੇ ਤਰ੍ਹਾਂ ਮੈਂ ਦਾ ਬੂਰ ਪਿਆ ਹੋਇਆ ਹੈ, ਇਹ ਜਾਂ ਤਾਂ ਵੈਰਾਗ ਨਾਲ ਲਹਿੰਦਾ ਹੈ, ਹੱਦ ਤੋਂ ਜ਼ਿਆਦਾ ਵੈਰਾਗ ਹੋਵੇ। ਜਦੋਂ ਇਹ ਲਹਿ ਜਾਂਦਾ ਹੈ, ਆਦਮੀ ਮਰ

ਜਾਂਦਾ ਹੈ। ਜੀਵਤ ਮਿਰਤਕ ਹੋ ਜਾਂਦਾ ਹੈ ਉਸ ਵੇਲੇ ਪ੍ਰਮੇਸ਼ਰ ਪ੍ਰਗਟ ਹੋ ਜਾਇਆ ਕਰਦਾ ਹੈ। ਕਿਸੇ ਰੂਪ ਵਿਚ ਦਰਸ਼ਨ ਕਰ ਲਓ ਓਹਦੇ, ਜਿਹਦੇ ਜੀਅ ਕਰਦਾ ਹੈ। ਪਰ ਪਹਿਲਾਂ ਮਨਾਉਣਾ ਪੈਂਦਾ ਹੈ। ਜੇ ਉਹ ਦਰਸ਼ਨ ਦੇ ਦੇਵੇ, ਦੋ ਸਿੰਗਾਂ ਵਾਲਾ ਹੋ ਕੇ ਫੇਰ। ਅਸੀਂ ਕਹਾਂਗੇ ਤੂੰ ਤਾਂ ਰੱਬ ਨਹੀਂ ਹੈਂ ਕਿਉਂਕਿ ਪਛਾਣ ਨਹੀਂ ਸਾਨੂੰ ਓਹਦੀ। ਜਿਹੋ ਜਿਹਾ ਨਿਸ਼ਚਾ ਹੁੰਦਾ ਹੈ, ਪਰ ਸਾਰਿਆਂ ਨਾਲੋਂ ਨਿਸ਼ਚਾ ਵਧੀਆ ਹੁੰਦਾ ਹੈ ਗੁਰੂ ਦਾ ਕਿ ਮੈਨੂੰ ਤਾਂ ਗੁਰੂ ਨਾਨਕ ਹੋ ਕੇ ਦਰਸ਼ਨ ਦੇ ਦੇਵੇ। ਜੇ ਭਲਾ ਗੁਰੂ ਨਾਨਕ ਹੋ ਕੇ ਉਹੋ ਜਿਹੇ ਕਪੜੇ ਪਾ ਲਿਆਵੇ, ਜਿਹੋ ਜਿਹੇ ਆਰਟਿਸਟਾਂ ਨੇ ਪਾਏ ਨੇ, ਅਸੀਂ ਤਾਂ ਮੰਨਦੇ ਹੀ ਨਹੀਂ ਅਸੀਂ ਤਾਂ ਕਹਿੰਦੇ ਹਾਂ ਕਿ ਕੋਈ ਪਾਖੰਡੀ ਆ ਗਿਆ, ਬਚੋ ਇਸ ਤੋਂ ਇਹ ਧੋਖਾ ਦਏਗਾ। ਅਸੀਂ ਆਪਣੀ ਮਰਜ਼ੀ ਦਾ ਰੱਬ ਚਾਹੁੰਦੇ ਹਾਂ ਕਿ ਐਸ ਤਰ੍ਹਾਂ ਦਾ ਹੋਵੇ, ਨਿਰਾ ਹੀ ਪ੍ਰਕਾਸ਼ ਹੋਵੇ, ਪ੍ਰਕਾਸ਼ ਦੇ ਵਿਚ ਦਿਸਦਾ ਹੋਵੇ। ਐਹੋ ਜਿਹਾ ਰੱਬ ਹੋਵੇ ਇਹ ਧਾਰਨਾ ਹੈ ਆਪਣੀ, ਲੇਕਿਨ ਰੱਬ ਨੂੰ ਤਾਂ ਦੁਨੀਆਂ 'ਚ ਅੱਜ ਤਾਂਈ ਕਿਸੇ ਨੇ ਦੇਖਿਆ ਨਹੀਂ ਹੈ। ਉਹਦੇ ਨਾਲ ਮਿਲ ਤਾਂ ਜਾਈਦਾ ਹੈ ਪਰ ਦੇਖਿਆ ਨਹੀਂ ਜਾਂਦਾ। ਕਿਉਂਕਿ ਐਡੀ ਵੱਡੀ ਅੱਖ ਤੇ ਬੁੱਧੀ ਨਹੀਂ ਹੈ ਜਿਹਦੇ ਨਾਲ ਉਹਨੂੰ ਸਾਰੇ ਨੂੰ ਦੇਖ ਲਈਏ, ਥੋੜ੍ਹਾ ਜਿਹਾ ਦਿਸ ਜਾਂਦੈ। ਲੇਕਿਨ ਉਹ ਥੋੜ੍ਹਾ ਜਿਹਾ ਰੱਬ ਨਹੀਂ ਹੁੰਦਾ, ਜੇ ਪੂਰਾ ਦੇਖੋ ਤਾਂ ਰੱਬ ਹੁੰਦੈ। ਇਹ ਗੱਲ ਸਮਝ ਵਿਚ ਆਉਣੀ ਬੜੀ ਔਖੀ ਹੈ ਮੈਂ ਸੁਖਾਲੀ ਜਿਹੀ ਕਰਕੇ ਕਹੀ ਹੈ। ਕਿਉਂਕਿ ਪ੍ਰਮੇਸ਼ਰ ਅਨੇਕਾਂ ਰੂਪਾਂ ਰੰਗਾਂ ਦੇ ਅੰਦਰ ਆਪ ਪਸਰਿਆ ਹੈ।

*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥* *ਅੰਗ - 275*

ਸਾਨੂੰ ਤਾਂ ਇਹ ਧਰਤੀ ਦਾ ਗਿਆਨ ਹੈ ਉਹ ਵੀ ਉਹਨੂੰ ਹੈ ਜਿਹਨੇ ਸਮੁੰਦਰਾਂ 'ਚ ਚੁੱਭੀਆਂ ਲਾ ਲਈਆਂ, ਪਹਾੜਾਂ ਦੀਆਂ ਚੋਟੀਆਂ ਤੇ ਘੁੰਮ ਲਿਆ। ਹਵਾਈ ਜਹਾਜ਼ ਦੇ ਨਾਲ ਧਰਤੀ ਦੇ ਦੁਆਲੇ ਗੇੜੇ ਦੇ ਦਿਤੇ, ਸਾਰੇ ਦਰਿਆ ਦੇਖ ਲਏ, ਸਾਰੇ ਜਾਨਵਰ ਦੇਖ ਲਏ ਉਹਨੂੰ ਇਹ ਧਰਤੀ ਦਾ ਗਿਆਨ ਤਾਂ ਹੋ ਗਿਆ। ਇਹ ਇਕੱਲੀ ਧਰਤੀ ਤਾਂ ਰੱਬ ਨਹੀਂ ਨਾ ਹੈ। ਸਾਰਾ ਬ੍ਰਹਿਮੰਡ ਜਿਥੇ ਤੱਕ ਸਾਡੀ ਪਹੁੰਚ ਹੈ ਉਸ ਤੋਂ ਅੱਗੇ ਫੇਰ ਹੈ। ਇਹਨੂੰ ਸਾਰੇ ਨੂੰ ਕੌਣ ਦੇਖ ਲਏਗਾ। ਇਥੇ ਸਾਰਾ ਪ੍ਰਮੇਸ਼ਰ ਹੀ ਹੈ, ਇਥੇ ਹੋਰ ਕੋਈ ਹੈ ਹੀ ਨਹੀਂ ਦੂਜਾ। ਜੇ ਇਕੱਲੀ ਚੀਜ਼ ਨੂੰ ਹੱਥ ਲਾਵੋ, ਰੱਬ ਤੋਂ ਵੱਖ ਨਹੀਂ ਹੈ, ਪਰ ਰੱਬ ਨਹੀਂ ਹੈ ਉਹ। ਦਰਖਤ ਦੇ ਪੱਤੇ ਨੂੰ ਹੱਥ ਲਾਉਂਦੇ ਹੋਂ। ਦਰਖਤ ਤੋਂ ਵੱਖ ਨਹੀਂ ਹੈ ਪਰ ਉਹ ਪੱਤਾ ਹੈ ਜਿਹੜਾ ਤੁਹਾਡੇ ਹੱਥ 'ਚ ਆਇਆ ਹੈ। ਦਰਖਤ ਨਹੀਂ ਆਇਆ ਸਮੁੱਚਾ। ਜੇ ਤਣੇ ਨੂੰ ਜੱਫੀ ਪਾਉਂਦੇ ਹਾਂ ਤਾਂ ਤਣਾ ਆ ਗਿਆ ਜੱਫੀ ਦੇ ਅੰਦਰ ਪੱਤੇ ਨਾ ਆਏ, ਫੁੱਲ ਨਹੀਂ ਆਏ, ਉਹਦੇ ਫਲ ਨਹੀਂ ਆਏ। ਆਹੀ ਮਜ਼ਬੂਰੀ ਹੈ ਬੜੀ ਜ਼ਬਰਦਸਤ ਜਿਹੜੀ ਸਮਝ ਵਿਚ ਨਹੀਂ ਆਉਂਦੀ ਤੇ ਆਦਮੀ ਪ੍ਰਮੇਸ਼ਰ ਤੱਕ ਪਹੁੰਚ ਨਹੀਂ ਸਕਿਆ ਕਰਦਾ।

ਜਿਹੜਾ ਨਿਰਗੁਣ ਪ੍ਰਮੇਸ਼ਰ ਹੈ ਉਹਦੇ ਤਾਂ ਦਰਸ਼ਨ ਹੋ ਜਾਂਦੇ ਨੇ। ਅਨੁਭਵ 'ਚ ਆ ਜਾਂਦਾ ਹੈ, ਸਰਗੁਣ ਦੇ ਬੜੇ ਔਖੇ ਨੇ ਕਿਉਂਕਿ ਸਰਗੁਣ ਸਮੁੱਚਾ ਅਨੁਭਵ 'ਚ ਆਉਂਦਾ ਨਹੀਂ ਹੈ। ਇਹਦੇ ਅੰਦਰ ਜਿਹੜੀ ਜੋਤ ਹੈ ਉਹ ਆ ਜਾਂਦੀ ਹੈ, ਸੋ ਸਾਰਿਆਂ ਨਾਲੋਂ ਚੰਗਾ ਅਨੁਭਵ ਹੈ ਕਿ ਉਹ ਵਾਹਿਗੁਰੂ ਜਿਹੜਾ ਨਾਲ ਹੈ ਜਾਗ੍ਰਤ ਜੋਤ ਹੈ ਜਿਹਦੇ ਬਾਰੇ ਗੁਰੂ ਦਸ਼ਮੇਸ਼ ਪਿਤਾ ਨੇ ਏਸ ਤਰ੍ਹਾਂ ਦਾ ਬਚਨ ਕਰਿਆ ਹੈ-

*ਜਾਗਤ ਜੋਤ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥* *(ਖਾਲਸਾ)*

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਘਟਦੀ ਵਧਦੀ ਨਹੀਂ ਹੈ, ਇਕ ਰਸ ਸਾਰੇ ਪਰੀਪੂਰਨ ਹੈ, ਚੇਤਨਤਾ ਜੇ ਕਹਿ ਦੇਈਏ ਤਾਂ ਕੁਛ-ਕੁਛ ਰਲਦਾ ਹੈ। ਉਹ ਜਾਗ੍ਰਤ ਜੋਤ ਹੈ, ਅਸਮਾਨ ਜਿਹੜਾ ਹੈ ਇਹ ਜਾਗ੍ਰਤ ਜੋਤ ਨਹੀਂ ਹੈ, ਫੈਲਿਆ ਤਾਂ ਇਹ ਵੀ ਹੈ ਬਹੁਤ ਦੂਰ ਤੱਕ। ਖਾਲੀ ਥਾਓਂ ਜਿਹੜੀ space ਹੈ ਹਰ ਥਾਂ ਹੈ ਸਾਡੀ ਜਿਥੇ ਸੁਰਤ ਪਹੁੰਚਦੀ ਹੈ ਉਸ ਤੋਂ ਵੀ ਅੱਗੇ ਹੈ। ਜਿਥੇ ਤੱਕ ਰੱਬ ਹੈ ਖਾਲੀ ਥਾਉਂ ਨਾਲ ਹੀ ਜਾਂਦੀ ਹੈ। ਪਰ ਪ੍ਰਮੇਸ਼ਰ ਇਸ ਤੋਂ ਲੱਖਾਂ ਗੁਣਾਂ ਸੂਖਸ਼ਮ ਹੈ, ਸਭ ਕੁਛ ਜਾਨਣ ਵਾਲਾ, ਸਭ ਨੂੰ ਪਿਆਰ ਕਰਨ ਵਾਲਾ। ਇਕ ਖੂਬੀ ਉਹਦੀ ਇਹ ਹੈ ਕਿ ਉਹ ਹਰ ਥਾਂ ਤੇ ਦੇਖਦਾ ਹੈ -

*ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ*
*ਸਹਸ ਮੂਰਤਿ ਨਨਾ ਏਕ ਤੋਹੀ॥*
*ਸਹਸ ਪਦ ਬਿਮਲ ਨਨ ਏਕ ਪਦ*
*ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥*
*ਅੰਗ - 663*

ਸਾਰੀਆਂ ਬੇਅੰਤ ਥਾਵਾਂ ਤੇ ਖੁਸ਼ਬੂ ਲੈਣ ਨੂੰ ਨਾਸਕਾ ਹੈ ਪਰ ਉਹਦੇ ਕੋਲ ਇਕ ਵੀ ਨਹੀਂ ਹੈ। ਬੇਅੰਤ ਨੇਤਰ ਨੇ ਓਹਦੇ ਲੇਕਿਨ ਕੋਈ ਨੇਤਰ ਨਹੀਂ ਹੈ। ਬੇਅੰਤ ਉਹਦੇ ਚਰਨ ਨੇ ਪਰ ਕੋਈ ਚਰਨ ਨਹੀਂ ਹੈ। ਆਹ ਗੱਲ ਕਿਵੇਂ ਸਮਝ ਵਿਚ ਆ ਜਾਵੇ? ਕਿਉਂਕਿ ਉਹ ਹਰ ਥਾਂ ਦੇ ਉਤੇ ਜਾਗ੍ਰਤ ਹੈ, ਹਰ ਥਾਂ ਦੇ ਉਤੇ ਉਹਨੂੰ ਪਤਾ ਹੈ ਕਿ ਆਹ ਸਰੀਰ

ਕੀ ਸੋਚਦਾ ਹੈ। ਉਸ ਸਰੀਰ ਦੇ ਅੰਦਰ ਕੀ ਮਜ਼ਬੂਰੀ ਹੈ –

*ਜੈਸੀ ਮਤਿ ਦੇਇ ਤੈਸਾ ਪਰਗਾਸੁ॥*
*ਪਾਰਬ੍ਰਹਮੁ ਕਰਤਾ ਅਬਿਨਾਸ॥* *ਅੰਗ - 275*

ਸਰੀਰ ਵਿਚ ਓਨਾ ਹੀ ਆਉਂਦਾ ਹੈ ਜਿੰਨੀ ਕੁ ਮਤ ਦਿਤੀ ਹੈ। ਕਮਰੇ ਦੇ ਵਿਚ ਦੀਵੇ ਨੇ, ਓਨਾ ਹੀ ਚਾਨਣਾ ਕਰਨਾ ਹੈ ਜਿੰਨੀ ਕਮਰੇ ਦੀ ਚਾਰਦੀਵਾਰੀ ਹੈ। ਹਜ਼ਾਰ ਵਾਟ ਦਾ ਬਲਬ ਲਾ ਦਿਓ, ਕਮਰੇ 'ਚ ਚਾਨਣਾ ਕਰੇਗਾ, ਕੰਧਾਂ ਤੋਂ ਬਾਹਰ ਤਾਂ ਉਹ ਕਰ ਨਹੀਂ ਸਕਦਾ। ਐਸੇ ਤਰ੍ਹਾਂ ਦੇ ਨਾਲ ਜੈਸੀ ਕਿਸੇ ਨੂੰ ਮੱਤ ਦਿਤੀ ਹੈ, ਓਹੋ ਜਿਹਾ ਪ੍ਰਕਾਸ਼ ਉਹਦੇ ਅੰਦਰ ਹੋ ਜਾਂਦਾ ਹੈ। ਉਹਦੇ ਅੰਦਰ ਦੇਖ ਲੈਂਦਾ ਹੈ ਲੇਕਿਨ ਸਮੁੱਚਾ ਬਹੁਤ ਮੁਸ਼ਕਲ ਹੈ ਸਾਰੀ ਚੀਜ਼ ਦੇਖਣੀ। ਸੋ ਇਹ ਇਕ ਬਹੁਤ ਭਾਰੀ ਮੁਸ਼ਕਲ ਹੈ ਪ੍ਰਮੇਸ਼ਰ ਨੂੰ ਮਿਲਣ ਵਾਸਤੇ। ਸਰਗੁਣ ਦਾ ਦਰਸ਼ਨ ਗੁਰੂ ਰੂਪ ਵਿਚ ਕਰ ਲਵੇ ਸਾਰਿਆਂ ਨਾਲੋਂ ਵਧੀਆ ਹੈ। ਜੇ ਕਿਸੇ ਨੂੰ ਕੋਈ ਮਹਾਤਮਾ ਦਰਸ਼ਨ ਦਿੰਦੇ ਨੇ, ਉਹ ਮਹਾਤਮਾ ਨਹੀਂ ਹੁੰਦਾ ਪ੍ਰਮੇਸ਼ਰ ਹੁੰਦਾ ਹੈ। ਮਹਾਤਮਾ ਤਾਂ ਬ੍ਰਹਮਲੀਨ ਹੋ ਗਿਆ। ਗੁਰੂ ਪਾਤਸ਼ਾਹ ਦਰਸ਼ਨ ਦਿੰਦੇ ਨੇ, ਪਹਿਲਾਂ ਤਾਂ ਅਸੀਂ ਗੁਰੂ ਨਾਨਕ ਨੂੰ ਜਾਣਦੇ ਨਹੀਂ, ਲੋਕਾਂ ਦੀਆਂ ਮਸੱਵਰਾਂ ਦੀਆਂ ਤਸਵੀਰਾਂ ਬਣਾਈਆਂ ਹੋਈਆਂ ਨੇ। ਗੁਰੂ ਨਾਨਕ ਦਾ ਦਰਸ਼ਨ ਕਰ ਲਓ, ਕਿਸੇ ਸਾਧੂ ਮਹਾਂਪੁਰਸ਼ ਦਾ ਦਰਸ਼ਨ ਕਰ ਲਓ, ਪ੍ਰਮੇਸ਼ਰ ਦਾ ਦਰਸ਼ਨ ਹੀ ਹੁੰਦਾ ਹੈ। ਸਾਰਿਆਂ ਨਾਲੋਂ ਵਧੀਆ ਹੁੰਦਾ ਹੈ ਕਿਸੇ ਦੇਵਤੇ ਦਾ ਧਿਆਨ ਧਰ ਲਿਆ ਪ੍ਰਮੇਸ਼ਰ ਰੂਪ ਜਾਣ ਕੇ, ਉਹ ਵੀ ਪ੍ਰਮੇਸ਼ਰ ਦਾ ਰੂਪ ਹੁੰਦੈ। ਇਸੇ ਤਰ੍ਹਾਂ ਦੇ ਨਾਲ ਪ੍ਰਭੂ ਦਾ ਦਰਸ਼ਨ ਪਿਆਰ ਤੋਂ ਬਗੈਰ ਨਹੀਂ ਹੋਇਆ ਕਰਦਾ। ਪਿਆਰ ਵਾਲਾ ਜਿਹੜਾ ਹੈ ਉਹ ਛੇਤੀ ਹੀ ਪ੍ਰਭੂ ਨੂੰ ਪ੍ਰਗਟ ਕਰ ਲੈਂਦਾ ਹੈ।

ਪ੍ਰਮੇਸ਼ਰ ਨੂੰ ਮਿਲਣ ਦਾ ਰਸਤਾ ਦੱਸਣ ਵਾਲਾ ਸਾਧੂ ਹੋਇਆ ਕਰਦਾ ਹੈ –

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
*ਅੰਗ - 1373*

ਪ੍ਰਭੂ ਦੇ ਪਿਆਰ ਦੇ ਮਦਦਗਾਰ ਹੈ ਨੇ ਸੰਸਾਰ ਵਿਚ ਤਾਂ ਸਾਧੂ ਨੇ। ਪ੍ਰਭੂ ਦੇ ਪਿਆਰ ਦੇ ਜੇ ਵੈਰੀ ਨੇ ਤਾਂ ਉਹ ਮਨਮੁਖ ਨੇ। ਮਨਮੁਖ ਦੀ ਸੰਗਤ ਕਰਕੇ ਨਾਮ ਛੁਟ ਜਾਂਦਾ ਹੈ।

*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੇ ਲਾਗਾ ਪਾਇ।*

ਚਰਨ ਫੜ ਲਓ ਉਨ੍ਹਾਂ ਦੇ ਕਿਉਂਕਿ ਉਹ ਪ੍ਰਮੇਸ਼ਰ ਨੂੰ ਮਿਲਾਉਣ ਦੇ ਵਿਚ ਸਹਾਇਤਾ ਕਰਦੇ ਨੇ।

*ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ*
*ਜਿਨਾ ਮਾਇਆ ਮੋਹਿ ਪਿਆਰੁ॥* *ਅੰਗ - 549*

ਤੋੜ ਦਿਓ ਮਨਮੁਖਾਂ ਨਾਲ ਕਿਉਂਕਿ ਉਨ੍ਹਾਂ ਦਾ ਮਾਇਆ ਨਾਲ, ਮਨਮੁਖਾਂ ਨਾਲ ਪਿਆਰ ਹੈ। ਉਨ੍ਹਾਂ ਦੇ ਕੰਮ ਨੇ ਝਗੜੇ ਕਰਨੇ, ਨਿੰਦਿਆ ਕਰਨੀ ਉਨ੍ਹਾਂ ਦਾ ਸੰਗ ਛੱਡ ਦਿਓ। ਅਰਦਾਸ ਕਰੋ ਰੋਜ਼ ਹੇ ਵਾਹਿਗੁਰੂ! ਉਨ੍ਹਾਂ ਦੇ ਦਰਸ਼ਨ ਕਰਾਈਂ, ਗੁਰਮੁਖਾਂ ਦਾ ਮੇਲ ਕਰਾਈਂ, ਜਿਨ੍ਹਾਂ ਦੇ ਮਿਲਿਆਂ ਤੇਰਾ ਨਾਮ ਚਿੱਤ ਆਵੇ। ਜਿਨ੍ਹਾਂ ਦੇ ਮਿਲਿਆਂ ਤੇਰਾ ਨਾਮ ਭੁੱਲੇ ਉਨ੍ਹਾਂ ਤੋਂ ਬਚਾ ਕੇ ਰੱਖੀ ਆਪ ਹੀ। ਅਸੀਂ ਨਹੀਂ ਜਾਣਦੇ ਤੂੰ ਜਾਣਦਾ ਹੈਂ ਕਿ ਇਹਦੇ ਮਿਲਣ ਨਾਲ ਇਹਦਾ ਨਾਮ ਟੁੱਟ ਜਾਏਗਾ। ਸੋ ਉਨ੍ਹਾਂ ਤੋਂ ਆਪ ਹੀ ਬਚਾ ਕੇ ਰੱਖੀਂ। ਮਨਮੁਖਾਂ ਦਾ ਦੀਦਾਰ ਨਾ ਕਰਾਈਂ, ਗੁਰਮੁਖਾਂ ਦਾ, ਪਿਆਰਿਆਂ ਦਾ, ਰੱਬ ਦੇ ਬਖਸ਼ਿਆਂ ਹੋਇਆਂ ਦਾ ਦਰਸ਼ਨ ਕਰਾਈਂ।

*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਅੰਗ - 135*

ਹੋਰ ਸੰਸਾਰ 'ਚ ਕੋਈ ਥਾਂ ਹੀ ਨਹੀਂ ਹੈ ਜਿਥੇ ਸੁਖ ਹੋਵੇ।

*ਸੁਖੁ ਨਾਹੀ ਬਹੁਤੈ ਧਨਿ ਖਾਟੇ॥*
*ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*
*ਸੁਖੁ ਨਾਹੀ ਬਹੁ ਦੇਸ ਕਮਾਏ॥*
*ਸਰਬ ਸੁਖਾ ਹਰਿ ਹਰਿ ਗੁਣ ਗਾਏ॥*
*ਅੰਗ - 1147*

ਬਾਕੀਆਂ ਚੀਜ਼ਾਂ 'ਚ ਸੁਖ ਨਹੀਂ ਹੈ। ਜਿਹੜੇ ਇਸ ਪਾਸੇ ਪਏ ਨੇ ਪੁਛ ਲਓ ਗੁਰੂ ਨਾਨਕ ਪਾਤਸ਼ਾਹ ਤੋਂ ਉਨ੍ਹਾਂ ਦਾ ਕੀ ਵਿਚਾਰ ਹੈ –

*ਬਾਲੀ ਰੋਵੈ ਨਾਹਿ ਭਤਾਰੁ॥*
*ਨਾਨਕ ਦੁਖੀਆ ਸਭੁ ਸੰਸਾਰੁ॥*
*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ॥* *ਅੰਗ - 954*

ਜਿਹੜੇ ਤੁਸੀਂ ਦੇਖਦੇ ਹੋ ਨਾ ਬਹੁਤ ਵੱਡੇ-ਵੱਡੇ ਬੰਦੇ, ਜਿਨ੍ਹਾਂ ਦੀਆਂ ਕਰੋੜਾਂ ਦੀਆਂ ਆਮਦਨਾਂ ਨੇ, ਉਨ੍ਹਾਂ ਨੂੰ ਵੀ ਕਿੰਨੇ-ਕਿੰਨੇ ਹਉਕੇ ਆਉਂਦੇ ਨੇ।

*ਵਡੇ ਵਡੇ ਜੋ ਦੀਸਹਿ ਲੋਗ॥*
*ਤਿਨ ਕਉ ਬਿਆਪੈ ਚਿੰਤਾ ਰੋਗ॥* *ਅੰਗ - 188*

ਚਿੰਤਾ ਦਾ ਰੋਗ ਲਗ ਜਾਂਦਾ ਹੈ, ਕਾਰੋਬਾਰ ਰਾਸ ਨਹੀਂ ਆਉਂਦੇ, ਕੋਈ ਪਾਸਾ ਨੰਗਾ ਰਹਿ ਜਾਂਦਾ ਹੈ, ਕਿਤੇ ਅਧੂਰਾ ਹੋ ਜਾਂਦਾ ਹੈ, ਖਾਣ ਵਾਸਤੇ ਤਾਂ ਉਨ੍ਹਾਂ ਕੋਲ ਬੇਅੰਤ ਹੁੰਦਾ ਹੈ। ਪਰ ਫਸੇ ਹੁੰਦੇ ਨੇ, ਉਨ੍ਹਾਂ ਹੀ ਉਨ੍ਹਾਂ ਦੇ ਅੰਦਰ ਦੁਖ ਹੁੰਦਾ ਹੈ।

*ਪਰਸ ਰਾਮੁ ਰੋਵੈ ਘਰਿ ਆਇਆ॥*
*ਅਜੈ ਸੁ ਰੋਵੈ ਭੀਖਿਆ ਖਾਇ॥*
*ਐਸੀ ਦਰਗਹ ਮਿਲੈ ਸਜਾਇ॥*

*ਰੋਵੈ ਰਾਮੁ ਨਿਕਾਲਾ ਭਇਆ॥*
*ਸੀਤਾ ਲਖਮਣੁ ਵਿਛੁੜਿ ਗਇਆ॥*
*ਰੋਵੈ ਦਹਸਿਰੁ ਲੰਕ ਗਵਾਇ॥*
*ਜਿਨਿ ਸੀਤਾ ਆਦੀ ਡਉਰੂ ਵਾਇ॥*
*ਰੋਵਹਿ ਪਾਂਡਹ ਭਏ ਮਜੂਰ॥*
*ਜਿਨ ਕੈ ਸੁਆਮੀ ਰਹਤ ਹਦੂਰਿ॥*
*ਰੋਵੈ ਜਨਮੇਜਾ ਖੁਇ ਗਇਆ॥*
*ਏਕੀ ਕਾਰਣਿ ਪਾਪੀ ਭਇਆ॥ ਅੰਗ - 954*

ਜੀਵ ਦੁੱਖੀ ਹੈ ਪਰ ਪ੍ਰਮੇਸ਼ਰ ਤੋਂ ਬਗੈਰ ਸੁਖੀ ਨਹੀਂ ਹੋਣਾ ਇਹਨੇ।

*ਐਸਾ ਜਗੁ ਦੇਖਿਆ ਜੁਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥ ਅੰਗ - 222*

ਭੁਲਦੈ ਨਾਮ ਨੂੰ ਤੇ ਮੰਗਦਾ ਹੈ ਸੁੱਖ। ਬਾਕੀ ਚੀਜ਼ਾਂ ਵਿਚ ਜਦ ਸੁਖ ਹੈ ਹੀ ਨਹੀਂ। ਰੇਤੇ ਵਿਚ ਤੇਲ ਨਹੀਂ, ਕਿਥੋਂ ਕੱਢ ਲਓਂਗੇ। ਸਰੋਂ ਦੇ ਦਾਣਿਆ ’ਚ ਤੇਲ ਹੈ ਓਧਰ ਜਾਂਦਾ ਨਹੀਂ ਹੈ। ਨਾਮ ਵਿਚ ਸੁਖ ਹੈ, ਨਾਮ ਵਲ ਪਿੱਠ ਕਰਕੇ ਸੁੱਖ ਨਹੀਂ ਹੈ, ਦੁਖ ਹੀ ਦੁਖ ਹੈ।

*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਅੰਗ - 135*

ਦੱਸੋ ਕੋਈ ਹੋਰ ਥਾਂ ਹੈ?

*ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਅੰਗ - 135*

ਜਿਨ੍ਹਾਂ ਨੇ ਪ੍ਰਭੂ ਦੇ ਪਿਆਰ ਦਾ, ਨਾਮ ਦਾ ਰਸ ਚਖ ਲਿਆ, ਉਹ ਰੱਜੇ ਹੋਏ ਸੰਤੁਸ਼ਟ ਨੇ, ਉਨ੍ਹਾਂ ਨੂੰ ਭੁੱਖ ਨਹੀਂ ਲਗਦੀ ਤ੍ਰਿਸ਼ਨਾ ਦੀ। ਬਾਕੀਆਂ ਨੂੰ ਤਾਂ –

*ਏਹ ਤਿਸਨਾ ਵਡਾ ਰੋਗੁ ਲਗਾ*
*ਮਰਣੁ ਮਨਹੁ ਵਿਸਾਰਿਆ॥ ਅੰਗ - 919*

ਕੰਮ ਪੂਰੇ ਨਹੀਂ ਹੁੰਦੇ, ਅਧੂਰੇ ਰਹਿ ਜਾਂਦੇ ਨੇ ਤ੍ਰਿਸ਼ਨਾ ਦਾ ਰੋਗ ਦੁਖੀ ਕਰਦਾ ਹੈ ਤੇ ਬਿਮਾਰੀਆਂ ਸਾਰੀ ਦੁਨੀਆਂ ਦੀਆਂ ਆਪਣੇ ਉਤੇ ਸਹੇੜ ਲੈਂਦਾ ਹੈ।

*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਅੰਗ - 135*

ਆਪ ਛੱਡ ਕੇ ਆਪਣਾ ਆਪਾ ਜਿਹੜਾ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ ਮੈਨੂੰ ਗਲ ਲਾ ਲੈ।

*ਜੋ ਹਰਿ ਕੰਤਿ ਮਿਲਾਈਆ ..........॥*
*ਅੰਗ - 135*

ਉਹ ਰੱਬ ਦੇ ਨਾਲ ਮਿਲ ਜਾਂਦਾ ਹੈ, ਜੇ ਇਕ ਵਾਰੀ ਰੱਬ ਨਾਲ ਮਿਲ ਜਾਵੇ

*.......... ਸਿ ਵਿਛੁੜਿ ਕਤਹਿ ਨ ਜਾਇ॥*
*ਅੰਗ - 135*

ਉਹਦੀ ਰੀਤ ਹੈ ਇਹ, ਮਰਿਆਦਾ ਹੈ ਇਹ ਕਿ ਜੇ ਇਕ ਵਾਰੀ ਮਿਲ ਜਾਏ ਫੇਰ ਨਹੀਂ ਵਿਛੋੜਾ ਹੁੰਦਾ। ਅਸੀਂ ਤਾਂ ਵਿਛੁੜ ਜਾਂਦੇ ਹਾਂ ਮਿਲ ਕੇ ਵੀ ਵਿਛੁੜ ਜਾਂਦੇ ਹਾਂ। ਕਦੇ ਕੋਈ ਮਿਤਰ ਹੁੰਦੈ, ਫੇਰ ਸਾਡਾ ਕਦੇ ਵੈਰੀ ਵੀ ਹੋਇਆ ਕਰਦਾ ਹੈ। ਓਹੀ ਬਣ ਜਾਂਦੈ ਵੈਰੀ। ਮਿਲਦੇ ਹਾਂ ਅਸੀਂ ਫੇਰ ਵਿਛੜ ਜਾਂਦੇ ਹਾਂ। ਸੋ ਰੀਤ ਹੈ ਉਸਦੀ –

*ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ॥*
*ਅੰਗ - 249*

ਉਦਮ ਕਰ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਅੰਗ - 306*

ਆਹ ਜਿਹੜਾ ‘ਗੁਰਉਪਦੇਸ ਸੁਣਾਵੈ’ ਹੈ ਇਹਨੂੰ ਅਸੀਂ ਸਾਰੀ ਜ਼ਿੰਦਗੀ ਨਹੀਂ ਸਮਝਦੇ ਕਿ ਗੁਰੂ ਸਾਹਿਬ ਕਿਹੜੇ ਉਪਦੇਸ਼ ਦੀ ਗੱਲ ਕਰਦੇ ਨੇ।

*ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥*
*ਅੰਗ - 1376*

ਕਿਤੇ ਆ ਜਾਏਗਾ ਜ਼ਿੰਦਗੀ ’ਚ ਇਕ ਅੱਧਾ ਗਾਹਕ ਮਹਿੰਗੇ ਮੋਲ ਲੈ ਲਏਗਾ। ਸਭ ਕੁਛ ਦੇ ਜਾਏਗਾ ਤੇ ਬਚਨ ਲੈ ਜਾਏਗਾ। ਜਦ ਬਚਨ ਦੇ ਦਿਤਾ ਉਹ ਫੇਰ ਪ੍ਰਮੇਸ਼ਰ ਦੇ ਨਾਲ ਮਿਲ ਜਾਇਆ ਕਰਦਾ ਹੈ।

*ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ॥*
*ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ॥*
*ਅੰਗ - 249*

ਕਹਿੰਦੇ ਮਾਨ ਤਾਂ ਠੱਗ ਦੀ ਇਕ ਬੂਟੀ ਹੈ ਪਿਆਰ ਦੀ, ਉਹ ਪਿਆਰ ਦੀ ਬੂਟੀ ਸੁੰਘਾ ਦੇ ਰੱਬ ਨੂੰ, ਉਹ ਮੋਹਿਆ ਜਾਏਗਾ। ਸਾਧੂ ਦੇ ਮੰਤਰ ਦੇ ਨਾਲ ਮੋਹ ਹੋ ਜਾਣਾ ਹੈ ਉਹਨੇ। ਜਦ ਵਾਹਿਗੁਰੂ ਨਾਲ ਮੋਹ ਹੋ ਗਿਆ, ਉਹ ਠਗਉਰੀ ਜਿਵੇਂ ਸਾਨੂੰ ਲਾ ਦਿਤੀ ਨਾ ਓਹਨੇ, ਮਾਇਆ ’ਚ ਪਾ ਕੇ ਠਗਮੂਰੀ ਵੱਟੀ ਹੁੰਦੀ ਹੈ, ਬੂਟੀ ਹੁੰਦੀ ਹੈ, ਹੱਥ ਨੂੰ ਮਲ ਲਓ, ਨੱਕ ਕੋਲ ਦੀ ਲੰਘਾ ਦਿਓ ਆਦਮੀ ਬੇਸੁਰਤ ਹੋ ਜਾਂਦਾ ਹੈ। ਰੱਬ ਨੇ ਤਾਂ ਸਾਨੂੰ ਠਗਉਰੀ ਲਾ ਦਿਤੀ ਤੇ ਏਧਰ ਮਹਾਰਾਜ ਕਹਿੰਦੇ ਆਪਾਂ ਪਿਆਰ ਦੀ ਠਗਉਰੀ ਲਾ ਦਿਓ। ਪਿਆਰ ’ਚ ਮੋਹਿਆ ਜਾਂਦੈ।

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ॥*
*ਨਾਨਕ ਜਰਾ ਮਰਣ ਭੈ ਨਰਕ ਨਿਵਾਰੈ*
*ਪੁਨੀਤ ਕਰੈ ਤਿਸੁ ਜੰਤੈ॥* *ਅੰਗ - 249*

ਬੁਢਾਪਾ ਵੀ ਹਟਾ ਦਿਤਾ, ਮਰਨਾ ਵੀ ਹਟਾ ਦਿਤਾ, ਡਰ ਨਰਕਾਂ ਦਾ ਵੀ ਛੁਡਾ ਦਿਤਾ। ਉਹਨੇ ਮਹਾਂ ਪਵਿੱਤਰ ਕਰ ਦਿਤਾ।

ਧੰਨਾ ਜਿਹੜਾ ਸੀ ਉਹਨੂੰ ਬਚਪਨ ਤੋਂ ਪਿਆਰ ਲੱਗਿਆ ਹੋਇਆ ਸੀ। ਕਾਰੋਬਾਰ ਗਲ ਵੀ ਪਿਆ ਹੋਇਆ ਹੈ, ਛੋਟੀ ਉਮਰ ਹੈ ਬਹੁਤੀ ਉਮਰ ਨਹੀਂ, ਵਿਆਹਿਆ ਹੋਇਆ ਉਹ ਨਹੀਂ ਅਜੇ। ਖੇਤੀਬਾੜੀ ਕਰਦੈ, ਆਪਣਾ ਗੁਜ਼ਾਰਾ ਕਰਦੈ, ਫਸਲ ਬੀਜ ਦਿੰਦੈ, ਉਸ ਤੋਂ ਬਾਅਦ ਵੱਢ ਲੈਂਦੈ, ਲੇਕਿਨ ਜ਼ਿਆਦਾ ਧਿਆਨ ਪ੍ਰਮੇਸ਼ਰ ਵਲ ਹੈ। ਉਹ ਸਤਿਸੰਗ ਨਹੀਂ ਛੱਡਦਾ। ਜਿਥੇ ਮਹਾਂਪੁਰਸ਼ਾਂ ਦਾ ਸਤਿਸੰਗ ਹੁੰਦੈ, ਉਥੇ ਉਹ ਚਲਿਆ ਹੀ ਜਾਂਦੈ। ਛੱਡਦਾ ਨਹੀਂ ਆਪਣਾ ਕੰਮ, ਰਾਤ ਨੂੰ ਕਰੈ ਚਾਹੇ ਸਵੇਰੇ ਕਰੇ। ਪਹਿਲਾਂ ਹੀ ਵਿਉਂਤ ਰਖਦਾ ਹੈ ਕਿ ਮੈਂ ਜਾਣਾ ਹੈ ਉਥੇ। ਉਸ ਨੇ ਸਾਰੇ ਮਹਾਂਪੁਰਸ਼ਾਂ ਦਾ ਜੀਵਨ ਬੜੇ ਹੀ ਧਿਆਨ ਨਾਲ ਸਰਵਣ ਕਰਿਆ।

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*
*ਅੰਗ - 487*

ਗਰੀਬ ਬੰਦਾ ਪ੍ਰਮੇਸ਼ਰ ਦਾ ਭਜਨ ਕਰਕੇ ਐਡਾ ਵੱਡਾ ਹੋ ਗਿਆ ਕਿ ਹਿੰਦੁਸਤਾਨ ਦਾ ਚਕਰਵਰਤੀ ਬਾਦਸ਼ਾਹ ਸਲੇਮਸ਼ਾਹ ਜਿਹਨੂੰ ਸ਼ੇਰਸ਼ਾਹ ਸੂਰੀ ਕਹਿੰਦੇ ਨੇ ਉਹ ਮੂੰਹ ਵਿਚ ਘਾਹ ਪਾ ਕੇ ਕਹਿੰਦਾ ਹੈ ਨਾਮਦੇਵ ਨੂੰ ਕਿ –

*ਬਖਸੀ ਹਿੰਦੂ ਮੈ ਤੇਰੀ ਗਾਇ॥* *ਅੰਗ - 1166*

ਮੈਨੂੰ ਬਖਸ਼ ਦੇ ਮੈਂ ਤੇਰੀ ਕਾਲੀ ਗਊ ਹਾਂ। ਐਡੀ ਵੱਡੀ ਪਦਵੀ ਮਿਲ ਜਾਂਦੀ ਹੈ ਨਾਮ ਜਪਣ ਵਾਲੇ ਨੂੰ। ਲੋਕ ਹੈਰਾਨ ਹੋ ਜਾਂਦੇ ਨੇ ਕਿ ਐਡੀ ਵੱਡੀ ਪਦਵੀ। ਸਾਰਾ ਸੁਣਿਆ ਧੰਨੇ ਨੇ ਕਿ ਇਹਦਾ ਦੇਹੁਰਾ ਫੇਰ ਦਿਤਾ। ਜਿਹੜੇ ਈਰਖਾ ਕਰਦੇ ਸੀ ਉਨ੍ਹਾਂ ਵਲ ਪਿੱਠ ਕਰ ਲਈ। ਕਬੀਰ ਸਾਹਿਬ ਦਾ ਸੁਣਿਆ –

*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥*
*ਅੰਗ - 487*

ਕੱਪੜੇ ਬੁਣਨ ਵਾਲਾ ਜਿਨ੍ਹਾਂ ਦੀ ਜਾਤ ਨੂੰ ਲੋਕ ਹਿਕਾਰਤ ਦੀ ਨਿਗ੍ਹਾ ਨਾਲ ਦੇਖਦੇ ਸੀ। ਪਿਆਰ ਨਾਲ ਨਹੀਂ ਸੀ ਦੇਖਦੇ, ਨੀਚ ਕਹਿੰਦੇ ਸੀ, ਜਦ ਨਾਮ ਜਪਿਆ ਉਹਨੇ, ਵੱਡੇ-ਵੱਡੇ ਰਾਜੇ ਚੱਕਰਵਰਤੀ ਬਾਦਸ਼ਾਹ ਚਰਨਾਂ ਤੇ ਆ ਕੇ ਮਸਤਕ ਰਗੜਦੇ ਨੇ।

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥*
*ਅੰਗ - 487*

ਰਵਿਦਾਸ ਛੋਟੀ ਜਾਤ ਦਾ, ਜੁੱਤੀਆਂ ਗੰਢਣ ਵਾਲਾ ਜਿਸ ਵਕਤ ਪ੍ਰਮੇਸ਼ਰ ਦੇ ਨਾਮ ਵਿਚ ਰੱਤਿਆ ਉਸ ਵੇਲੇ ਪ੍ਰਗਟ ਹੋ ਗਿਆ। ਹਰ ਕਿਸਮ ਦੀ ਮਾਇਆ ਦਾ ਤਿਆਗ ਉਸ ਨੇ ਕਰ ਦਿਤਾ।

*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥*
*ਅੰਗ - 488*

ਸੁਣ ਲਿਆ ਕਿ ਇਕ ਨਾਈ ਬੁਤੀਆਂ ਕਰਨ ਵਾਲਾ ਪਿਆਰ ਦੇ ਵਿਚ ਐਸਾ ਮਗਨ ਹੋਇਆ ਕਿ ਰੱਬ ਨੇ ਉਹਦਾ ਰੂਪ ਧਾਰ ਕੇ, ਰਾਜੇ ਦੀ ਜਾ ਕੇ ਸੇਵਾ ਕਰੀ। ਉਸ ਮਨ ਦੇ ਵਿਚ ਬਹੁਤ ਖਿਆਲ ਆਇਆ –

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਅੰਗ - 488*

ਭਗਤੀ ਕਰਨ ਲਗ ਗਿਆ।

ਨੌਂ ਕਿਸਮ ਦੀ ਭਗਤੀ ਹੁੰਦੀ ਹੈ। ਪਹਿਲੀ ਜਿਹੜੀ ਹੈ ਪ੍ਰਧਾਨ ਭਗਤੀ –

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥* *ਅੰਗ - 1075*

ਦੂਸਰੀ ਹੋਇਆ ਕਰਦੀ ਸਰਵਣ ਭਗਤੀ, ਜੋ ਹੁਣ ਤੁਸੀਂ ਕਰ ਰਹੇ ਹੋਂ। ਮੈਂ ਬੋਲ ਰਿਹਾ ਹਾਂ, ਬਾਣੀ ਵਿਚਾਰ ਰਹੇ ਹਾਂ ਤੇ ਤੁਸੀਂ ਇਕ ਟਕ, ਚਿੱਤ ਇਕਾਗਰ ਕਰਕੇ ਸੁਣ ਰਹੇ ਹੋਂ, ਇਹ ਦੂਸਰੀ ਕਿਸਮ ਦੀ ਭਗਤੀ ਹੈ। ਤੀਸਰੀ ਹੈ ਸਿਮਰਨ ਭਗਤੀ – ਪ੍ਰਮੇਸ਼ਰ ਨੂੰ ਯਾਦ ਕਰਨਾ। ਚੌਥੀ ਹੈ ਪ੍ਰਮੇਸ਼ਰ ਦਾ ਧਿਆਨ। ਪੰਜਵੀਂ ਹੈ ਪਾਦ ਸੇਵਨ, ਛੇਵੀਂ ਹੈ ਨਮਸਕਾਰ ਭਗਤੀ, ਸੱਤਵੀਂ ਹੈ ਅਰਚਣ ਭਗਤੀ, ਅੱਠਵੀਂ ਹੈ ਸਖਾ ਭਾਵ ਭਗਤੀ, ਨੌਂਵੀਂ ਹੈ ਆਪਾ ਤਿਆਗ ਭਗਤੀ ਤੇ ਇਨ੍ਹਾਂ ਨੌਵੇਂ ਭਗਤੀਆਂ ਦਾ ਫਲ ਕੀ ਹੋਇਆ ਕਰਦਾ ਹੈ। ਪ੍ਰਮੇਸ਼ਰ ਦਾ ਪਿਆਰ ਪੈਦਾ ਹੋ ਜਾਇਆ ਕਰਦਾ ਹੈ ਅੰਦਰ, ਜਿਹਨੂੰ ਪ੍ਰੇਮਾ ਭਗਤੀ ਕਹਿੰਦੇ ਨੇ। ਜਦ ਪ੍ਰੇਮ ਆ ਗਿਆ ਫੇਰ ਆਪਾ ਗਵਾ ਕੇ ਅਪਰਾ ਭਗਤੀ ਪ੍ਰਾਪਤ ਹੁੰਦੀ ਹੈ। ਸੋ ਇਸ ਤਰ੍ਹਾਂ ਭਗਤੀ ਕਰਦਾ ਹੈ ਧੰਨਾ।

ਚਾਰ ਕਿਸਮ ਦੇ ਭਗਤ ਹੁੰਦੇ ਨੇ। ਇਕ ਨੂੰ ਕਿਸੇ ਚੀਜ਼ ਦੀ ਲੋੜ ਪੈ ਗਈ ਉਹਦੇ ਵਾਸਤੇ ਭਗਤੀ ਕਰਦਾ ਹੈ ਉਹਨੂੰ ਅਰਥਾ-ਅਰਥੀ ਭਗਤ ਕਹਿੰਦੇ ਨੇ। ਜਿਵੇਂ ਧਰੂ ਨੂੰ ਲੋੜ ਪੈ ਗਈ ਕਿ ਮੇਰਾ ਜਿਹੜਾ ਰਾਜ ਹੈ ਉਹ ਮਤਰੇਈ

ਦਾ ਪੁੱਤਰ ਲੈ ਰਿਹਾ ਹੈ। ਉਹ ਵੀ ਪ੍ਰਮੇਸ਼ਰ ਨੂੰ ਮਿਲ ਜਾਂਦਾ ਹੈ। ਦੂਸਰਾ ਆਰਥ ਭਗਤ ਹੁੰਦਾ ਹੈ, ਦੁਖ ਪੈ ਗਿਆ, ਸੰਕਟ ਪੈ ਗਿਆ ਜਿਵੇਂ ਪ੍ਰਹਿਲਾਦ ਤੇ ਪਿਆ ਸੀ। ਤੀਸਰਾ ਹੋਇਆ ਕਰਦਾ ਹੈ ਅਨਿੰਨ ਭਗਤ ਜਿਹੜਾ ਰੱਬ ਨਾਲ ਪਿਆਰ ਕਰਦਾ ਹੈ। ਜਿਵੇਂ ਨਾਮਦੇਵ ਨੇ। ਹੈਂ ਤਾਂ ਸਾਰੇ ਹੀ ਪਿਆਰੇ ਭਗਤ ਤੇ ਅਨਨ ਭਗਤਾਂ ਨੂੰ ਪ੍ਰਮੇਸ਼ਰ ਕਹਿੰਦਾ ਹੈ–

*ਦਾਸ ਅਨਿੰਨ ਮੇਰੋ ਨਿਜ ਰੂਪ॥ ਅੰਗ - 1252*

ਜਿਹੜੇ ਮੇਰੇ ਵਿਚ ਰਹਿੰਦੇ ਨੇ ਉਹ ਮੇਰਾ ਹੀ ਰੂਪ ਨੇ। ਚੌਥੀ ਭਗਤੀ ਹੁੰਦੀ ਹੈ ਗਿਆਨ ਭਗਤੀ। ਬ੍ਰਹਮਗਿਆਨੀ ਪ੍ਰਮੇਸ਼ਰ 'ਚ ਲੀਨ ਹੋ ਜਾਂਦੇ ਨੇ, ਉਸ ਤੋਂ ਅੱਡ ਨਹੀਂ ਹੁੰਦੇ, ਹੁਕਮ ਵਿਚ ਉਨ੍ਹਾਂ ਦਾ ਜੀਵਨ ਬਤੀਤ ਹੁੰਦਾ ਹੈ।

ਧੰਨਾ ਸੰਤਾਂ ਦੇ ਕੋਲ ਜਾਂਦਾ ਹੈ, ਰਾਮਾਨੰਦ ਜੀ ਦੀ ਆ ਕੇ ਸੇਵਾ ਕਰਦਾ ਹੈ, ਬੇਨਤੀ ਕਰਦਾ ਹੈ ਤੇ ਜਦ ਪੁੱਛਦਾ ਹੈ ਉਹ ਕਹਿੰਦੇ ਧੰਨਿਆ! ਜਿੰਨਾ ਤੈਨੂੰ ਨਜ਼ਰ ਆਉਂਦਾ ਹੈ, ਇਹ ਸਾਰਾ ਹੀ ਪ੍ਰਮੇਸ਼ਰ ਹੈ। ਅਗਿਆਨੀ ਨੂੰ ਇਹ ਸੰਸਾਰ ਲਗਦਾ ਹੈ। ਅਗਿਆਨੀ ਨੂੰ ਇਸ ਸੰਸਾਰ ਵਿਚ ਵਸਦਾ ਜੀਵ ਲਗਦਾ ਹੈ। ਗਿਆਨੀ ਨੂੰ ਜਿਹੜਾ ਪਰੀਪੂਰਨ ਪ੍ਰਮੇਸ਼ਰ ਹੈ ਉਹ ਈਸ਼ੂਰ ਲਗਦਾ ਹੈ। ਲੇਕਿਨ ਧੰਨਿਆ! ਜਦ ਤੇਰੇ ਅਸਲੀ ਨੇਤਰ ਖੁਲ੍ਹ ਜਾਣਗੇ ਗਿਆਨ ਦੇ ਨਾਲ ਉਸ ਵੇਲੇ ਆਹ ਸੰਸਾਰ ਕੀ ਬਣ ਜਾਣਾ ਹੈ।

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥*
*ਅੰਗ - 1349*

ਕਹਿੰਦੇ ਧੰਨਿਆ! ਆਹ ਜਿਹੜਾ ਸੰਸਾਰ ਦਿਸਦਾ ਹੈ ਨਾ, ਇਹ ਸਾਰਾ ਹੀ ਪ੍ਰਮੇਸ਼ਰ ਹੈ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥ ਅੰਗ - 922*

ਇਹ ਤਾਂ ਹੈ ਹੀ ਪ੍ਰਮੇਸ਼ਰ ਦਾ ਰੂਪ। ਫੇਰ ਦਿਸਦਾ ਸਾਨੂੰ ਕਿਉਂ ਨਹੀ? ਕਿਉਂਕਿ ਅਸੀਂ ਅਗਿਆਨੀ ਹਾਂ, ਅਗਿਆਨੀ ਨੂੰ ਇਹ ਸੰਸਾਰ ਦਿਸਦਾ ਹੈ। ਆਪਣਾ ਆਪ ਜੀਵ ਦਿਸਦਾ ਹੈ ਤੇ ਈਸ਼ਵਰ ਅੱਡ ਦਿਸਦਾ ਹੈ, ਤਿੰਨ ਦਿਸਦੇ ਨੇ। ਗਿਆਨਵਾਨ ਨੂੰ ਇਕੋ ਹੀ ਦਿਸਦਾ ਹੈ। ਅੰਦਰ ਵੀ ਓਹ, ਬਾਹਰ ਵੀ ਓਹ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਅੰਗ - 293*

ਪ੍ਰਮੇਸ਼ਰ ਕਹਿੰਦਾ ਹੈ ਕਿ ਮੈਂ ਆਪ ਹੀ ਸਾਰਾ ਕੁਛ ਕਰਦਾ ਹਾਂ, ਮੇਰਾ ਹੁਕਮ ਚਲਦਾ ਹੈ ਸਾਰੇ ਪਾਸੇ। ਆਹ ਮੂਰਖ ਲੋਕ ਆਪ ਵਿਚ ਆ ਜਾਂਦੇ ਨੇ, ਲੋਕ ਬਣ ਜਾਂਦੇ ਨੇ, ਜੀਵ ਬਣ ਜਾਂਦੇ ਨੇ, ਆਪ ਵਿਚ ਆ ਜਾਂਦੇ ਨੇ ਫੇਰ ਉਹਦੀ ਸਜ਼ਾ ਭੁਗਤੀ ਜਾਂਦੇ ਨੇ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਅੰਗ - 466*

ਉਹ ਜੋ ਪ੍ਰਮੇਸ਼ਰ ਦਾ ਰੂਪ ਸੀਗਾ ਹਰ ਥਾਂ ਘਟ-ਘਟ ਵਿਚ ਵਿਆਪਕ, ਹਰ ਥਾਂ ਦੇ ਉਤੇ ਜਿਸ ਵਕਤ ਰਾਮਾਨੰਦ ਜੀ ਨੇ ਧੰਨੇ ਨੂੰ ਦਿਖਾਇਆ, ਉਸ ਵਕਤ ਧੰਨੇ ਦੀ ਬਿਰਤੀ ਸਾਕਾਰ ਤੋਂ ਉਠ ਕੇ, ਸਰਗੁਣ 'ਚੋਂ ਉਠ ਕੇ ਤੇ ਪ੍ਰਭੂ ਦੇ ਅਸਲੀ ਨਿਰਗੁਣ ਸਰੂਪ 'ਚ ਜਾ ਕੇ ਵਾਸਾ ਕਰਕੇ, ਆਪ ਪ੍ਰਮੇਸ਼ਰ ਦਾ ਰੂਪ ਹੋ ਗਈ।

ਸੋ ਇਸ ਤਰ੍ਹਾਂ ਭੋਲੇ ਭਾਉ ਦੇ ਵਿਚ ਆਮ ਬੰਦਾ ਜਿਹਨੂੰ ਕੋਈ ਗਿਆਨ ਨਹੀਂ ਸੀ ਆਉਂਦਾ, ਕੋਈ ਫਿਲਾਸਫੀ ਨਹੀਂ ਸੀ ਆਉਂਦੀ, ਕਿੰਨਾ ਉਚਾ ਚੜ੍ਹ ਗਿਆ, ਪ੍ਰਭੂ ਦਾ ਰੂਪ ਬਣ ਗਿਆ –

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

ਸੋ ਏਸ ਅੱਸੂ ਦੇ ਮਹੀਨੇ ਦੇ ਅੰਦਰ ਗੁਰੂ ਮਹਾਰਾਜ ਸਾਨੂੰ ਇਹ ਸ਼ਬਦ ਸਮਝਾਉਂਦੇ ਨੇ ਕਿ ਪਿਆਰ ਦੇ ਨਾਲ ਜੋ ਪ੍ਰਭੂ ਨੂੰ ਮਿਲ ਜਾਂਦਾ ਹੈ, ਉਹ ਉਹਦਾ ਹੀ ਰੂਪ ਹੋ ਜਾਇਆ ਕਰਦਾ ਹੈ।

*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥*
*ਅੰਗ - 135*

ਸੁਖੀ ਵਸਦੇ ਹਨ ਜਿਹੜੇ ਏਸ ਨਾਮ ਦੇ ਅਨੁਭਵ ਦੇ ਵਿਚ ਰਚ ਗਏ।

# ਗੁਰੂ ਅਮਰਦਾਸ ਜੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-20)*

***ਕਬੀਰ ਸੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥***
***ਅੰਗ - 1370***

ਜਿਹੜਾ ਰਾਮ ਨਹੀਂ ਕਹਿੰਦਾ, ਮਹਾਰਾਜ ਜੀ ਕਹਿੰਦੇ ਉਹ ਮੁੱਖ ਤਾਂ ਫਿਟਕਾਰ ਪਾਉਣ ਦੇ ਕਾਬਲ ਹੈ। ਸੋ ਪ੍ਰਮੇਸ਼ਰ ਦਾ ਨਾਮ ਲੈਣ ਦਾ ਫਲ ਕਿੰਨਾ ਹੈ ਕਹਿੰਦੇ -

***ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥***
***ਅੰਗ - 1370***

ਉਸ ਦੀ ਦੇਹੀ ਪਵਿੱਤਰ ਹੋਣੀ ਤਾਂ ਮਾਮੂਲੀ ਬਾਤ ਹੈ, ਉਸ ਦੀ ਆਵਾਜ਼ ਵੀ ਜਿੱਥੇ ਜਾਏਗੀ, ਜਿਸ ਨਗਰ ਵਿਚ ਰਹਿੰਦਾ ਹੈ ਉਹ ਪਵਿੱਤਰ ਹੋ ਜਾਂਦਾ ਹੈ, ਐਉਂ ਫੁਰਮਾਨ ਕਰਦੇ ਨੇ -

***ਧਾਰਨਾ - ਸਾਰਾ ਨਗਰ ਪਵਿੱਤਰ ਹੋ ਜਾਵੇ,***
***ਸਤਿਨਾਮ ਬੋਲ ਵਾਹਿਗੁਰੂ - 2, 2.***
***ਮੇਰੇ ਪਿਆਰੇ ਸਤਿਨਾਮ ਬੋਲ ਵਾਹਿਗੁਰੂ - 2.***
***ਸਾਰਾ ਨਗਰ ਪਵਿੱਤਰ ਹੋ ਜਾਵੇ,........।***

***ਕਬੀਰ ਸੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥***
***ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥***
***ਅੰਗ - 1370***

ਦੇਹੀ ਦੀ ਤਾਂ ਗੱਲ ਹੀ ਨਾ ਕਰੋ, ਸਾਰਾ ਪਿੰਡ, ਸਾਰਾ ਨਗਰ ਪ੍ਰਮੇਸ਼ਰ ਦਾ ਨਾਮ ਲੈਣ ਦੇ ਨਾਲ ਪਵਿੱਤਰ ਹੋ ਜਾਏਗਾ। ਦੂਜੇ ਪਾਸੇ -

***ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥***
***ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥***
***ਅੰਗ - 1383***

ਡਰਾਉਣੇ ਮੁਖੜੇ ਨੇ। ਸੋ ਇਸ ਤਰ੍ਹਾਂ ਦੇ ਨਾਲ ਰਸਨਾ ਦਾ ਨਾਮ, ਉਸ ਦੀ ਮਹਿਮਾ ਮਹਾਰਾਜ ਜੀ ਵਰਣਨ ਕਰਦੇ ਨੇ। ਨਾਮ ਦੀ ਅਵਸਥਾ ਹੋਇਆ ਕਰਦੀ ਹੈ ਫਲ ਉਵੇਂ-ਜਿਵੇਂ ਵਧ ਜਾਇਆ ਕਰਦਾ ਹੈ। ਚਾਰ ਬਾਣੀਆਂ ਨੇ ਆਦਮੀ ਦੇ ਅੰਦਰ, ਇਕ ਨੂੰ ਬੈਖਰੀ ਕਹਿੰਦੇ ਨੇ, ਜਿਵੇਂ ਬੋਲਦੇ ਹਾਂ। ਇਕ ਮਧਮਾ ਕਹਾਉਂਦੀ ਹੈ ਜੋ ਕੰਠ ਵਿਚ ਬੋਲੀ ਜਾਂਦੀ ਹੈ, ਸੁਣਦੀ ਨਹੀਂ ਕਿਸੇ ਨੂੰ। ਤੀਸਰੀ ਪਸੰਤੀ ਬਾਣੀ ਹੈ ਜੋ ਹਿਰਦੇ ਦੇ ਅੰਦਰ ਹੈ, ਅਜੇ ਫੁਰਨਾ-ਬਣਨਾ ਹੁੰਦਾ ਹੈ। ਫੁਰਨੇ ਦੀ ਬਾਣੀ ਨੂੰ ਪਸੰਤੀ ਬਾਣੀ ਕਹਿੰਦੇ ਨੇ। ਚੌਥੀ ਇਸ ਤੋਂ ਥੱਲੇ ਹੈ ਜਿਸ ਨੂੰ ਪਰਾ ਬਾਣੀ ਕਹਿੰਦੇ ਨੇ, ਪਰਾ ਤੇ ਪਸੰਤੀ ਦੂਰ ਸੰਵੇਦਨ ਦੀ ਬਾਣੀ ਹੈ, ਬੋਲੇ ਤੋਂ ਬਗੈਰ। ਦਰਗਾਹ ਵਿਚ ਇਹੀ ਬਾਣੀ ਬੋਲੀ ਜਾਂਦੀ ਹੈ। ਮੂੰਹ ਨਹੀਂ ਹਿਲਦਾ, ਮੂੰਹ ਇਥੋਂ ਪਹਿਲਾਂ ਜਾ ਕੇ ਹਿਲਾਉਂਦੇ ਨੇ ਫੇਰ ਉਥੇ ਸਿਖਲਾਈ ਮਿਲ ਜਾਂਦੀ ਹੈ ਕਿ ਕਾਹਨੂੰ ਮੂੰਹ ਹਿਲਾਈ ਜਾਂਦਾ ਹੈਂ ਇਥੇ ਤਾਂ ਉਈਂ ਸਮਝੀ ਜਾਂਦੀ ਹੈ ਗੱਲ, ਚਾਹੇ ਪੰਜਾਬੀ ਬੋਲੇ, ਚਾਹੇ ਅੰਗ੍ਰੇਜ਼ੀ, ਚਾਹੇ ਫਾਰਸੀ ਬੋਲੇ। ਬੋਲੀ ਤਾਂ ਇਕੋ ਹੀ ਹੈ, ਅੱਖਰ ਤਾਂ ਬਾਅਦ ਵਿਚ ਬਣਦੇ ਨੇ, ਭਾਵ ਪਹਿਲਾਂ ਬਣਦੇ ਨੇ। ਸੋ ਭਾਵਾਂ ਦੀ ਬਾਣੀ ਹੈ ਉਹ ਸਾਰੀ। ਪਰਾ ਬਾਣੀ ਉਥੇ ਹੈ ਜਿਥੋਂ ਸ਼ਬਦ ਪੈਦਾ ਹੁੰਦਾ ਹੈ। ਸੋ ਜਿਹੜਾ ਬੰਦਗੀ ਕਰਦਾ ਹੈ, ਰਸਨਾ ਦੇ ਨਾਲ ਨਾਮ ਜਪਣ ਦਾ ਬਹੁਤ ਵੱਡਾ ਫਲ ਹੈ। ਬੁੱਲ੍ਹ ਨਾ ਹਿੱਲਣ, ਜੀਭ ਨਾ ਹਿੱਲੇ ਕੇਵਲ ਕੰਠ ਦੇ ਵਿਚ ਹਰਕਤ ਹੁੰਦੀ ਹੋਵੇ। ਉਸ ਤੋਂ ਦਸ ਗੁਣਾਂ ਫਲ ਪਸੰਤੀ ਬਾਣੀ ਵਿਚ, ਫੁਰਨੇ ਦੀ ਬਾਣੀ ਵਿਚ ਜਿਥੇ ਪਿਆਰ ਵਸਦਾ ਹੈ ਉਸ ਥਾਂ ਤੇ ਜਦੋਂ ਪ੍ਰਮੇਸ਼ਰ ਦਾ ਨਾਂ ਜਪਿਆ ਜਾਂਦਾ ਹੈ ਤਾਂ ਬਾਹਰ ਸੌ ਵਾਰੀ ਤੇ ਉਥੇ ਇਕ ਵਾਰੀ ਕਹਿ ਲਓ। ਉਸ ਤੋਂ ਦੱਸ ਗੁਣਾਂ ਫਲ ਹੁੰਦਾ ਹੈ ਪਰਾ ਬਾਣੀ ਦੇ ਅੰਦਰ। ਬਾਹਰ ਹਜ਼ਾਰ ਵਾਰੀ ਤੇ ਉਥੇ ਇਕ ਵਾਰੀ।

ਸੋ ਜਿਉਂ-ਜਿਉਂ ਬਿਰਤੀ ਇਕਾਗਰ ਹੁੰਦੀ ਜਾਂਦੀ ਹੈ ਨਾਮ ਦਾ ਫਲ ਵਧਦਾ ਤੁਰਿਆ ਜਾਂਦਾ ਹੈ। ਪਹਿਲਾਂ ਨਾਮ ਅਸੀਂ ਰਸਨਾ ਨਾਲ ਜਪਦੇ ਹਾਂ। ਉਸ ਤੋਂ ਬਾਅਦ ਵਾਰੀ ਆ ਜਾਂਦੀ ਹੈ ਸ੍ਵਾਸ ਦੀ। ਇਸ ਦੀ ਜੁਗਤ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਵੀ ਬਹੁਤ ਖੋਲ੍ਹ ਕੇ ਲਿਖੀ ਗਈ ਹੈ।

***ਸੂਰ ਸਰ ਸੋਖਿ ਪੋਖਿ ਸੋਮ ਸਰ ਪੂਰਨ ਕੈ,***
***ਬੰਧਨ ਦੈ ਮ੍ਰਿਤ ਸਰ ਅਪਿਅ ਪੀਆਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੧੬***

ਤੇ ਭਾਈ ਗੁਰਦਾਸ ਜੀ ਨੇ ਵੀ ਇਹ ਗੱਲ ਬਹੁਤ ਖੋਲ੍ਹ ਕੇ ਲਿਖੀ ਹੋਈ ਹੈ, ਆਪ ਫੁਰਮਾਨ ਕਰਦੇ ਨੇ ਕਿ ਜਿਵੇਂ ਮੱਛੀ ਪੁੱਠੀ ਤਾਰੀ ਤਰਦੀ ਹੈ, ਜਿੱਧਰੋਂ ਪਾਣੀ ਆਉਂਦਾ ਹੈ ਉਧਰ ਨੂੰ ਜਾਂਦੀ ਹੈ, ਇਸ ਤਰ੍ਹਾਂ ਦੇ ਨਾਲ ਤੂੰ ਪਵਨ, ਸਾਹ ਨੂੰ ਉਲਟਾ ਲੈ। ਸਾਹ ਨੂੰ ਉਲਟਾ ਕੇ ਪਹਿਲਾਂ-

***ਸੂਰ ਸਰ ਸੋਖਿ.........॥***

ਜਿਸਨੂੰ ਇੜਾ ਕਹਿੰਦੇ ਨੇ। ਇੜਾ, ਪਿੰਗਲਾ, ਸੁਖਮਨਾ ਤਿੰਨ ਨਾੜੀਆਂ ਨੇ ਆਦਮੀ ਦੇ ਅੰਦਰ। ਰੀੜ੍ਹ ਦੀ ਹੱਡੀ ਦੇ ਨਾਲ-ਨਾਲ ਜਾਂਦੀਆਂ ਨੇ। ਸੁਖਮਨਾ ਵਿਚਕਾਰਲੀ ਹੈ, ਇੜਾ ਸੱਜੇ ਹੱਥ ਵਾਲੀ ਹੈ ਤੇ ਪਿੰਗਲਾ ਖੱਬੇ ਹੱਥ ਵਾਲੀ ਹੈ, ਸੋ ਉਸ ਦੇ ਵਿਚ ਲਿਖਦੇ ਨੇ ਕਿ ਸ੍ਵਾਸ ਖਿੱਚ ਲੈ ਸੱਜੀ

ਨਾਸ ਦੇ, ਇਸ ਦੇ ਨਾਲ ਗੁਰਮੰਤਰ ਕਹਿ ਕੇ ਅੰਦਰ ਨੂੰ ਲੈ ਜਾ। ਜੁਗਤੀ ਪ੍ਰਕਾਸ਼ਤ ਨਹੀਂ ਹੋ ਸਕਦੀ, ਜਿਹੋ ਜਿਹੀ ਕਿਸੇ ਦੀ ਬਿਰਤੀ ਹੈ, ਉਸੇ ਤਰ੍ਹਾਂ ਦੇ ਨਾਲ ਅਨੁਭਵੀ ਪੁਰਸ਼ ਦੱਸ ਦਿੰਦੇ ਹਨ ਕਿ ਤੈਨੂੰ ਆਹ ਠੀਕ ਹੈ। ਉਸ ਤੋਂ ਬਾਅਦ ਬੰਧ ਦੇ, ਉਥੇ ਰੋਕ ਲੈ ਕਹਿੰਦੇ ਮਿਰਤਸਰ ਕਹਿੰਦੇ ਨੇ ਸੁਖਮਨਾ ਨਾੜੀ ਦੇ ਵਿਚਕਾਰਲੇ ਹਿੱਸੇ ਨੂੰ, ਜਿੱਥੇ ਸ੍ਵਾਸ ਨਹੀਂ ਹੋਇਆ ਕਰਦਾ, ਜਿਥੋਂ ਸ੍ਵਾਸ ਦੁਬਾਰਾ ਮੁੜਿਆ ਕਰਦਾ ਹੈ। ਉਥੇ ਰੋਕ ਲੈ, ਰੋਕ ਕੇ ਉਥੇ ਵੀ ਨਾਮ ਕਹਿ ਫੇਰ ਇਹ ਜਪਦੇ-ਜਪਦੇ ਤੇਰੇ ਅੰਦਰ ਰਸ ਪੈਦਾ ਹੋ ਜਾਏਗਾ –

***ਅਜਰਹਿ ਜਾਰਿ ਮਾਰਿ ਅਮਰਹਿ........॥***
***ਕਬਿੱਤ ਭਾਈ ਗੁਰਦਾਸ ਜੀ ੧੯***

ਕਹਿੰਦੇ ਅਜਰ ਜਿਹੜੀ ਹਉਮੈ ਹੈ ਇਸ ਨੂੰ 'ਜਾਰ' ਦਿੰਦਾ ਹੈ ਇਹ ਨਾਮ, ਖਤਮ ਕਰ ਦਿੰਦਾ ਹੈ ਕਿਉਂਕਿ –

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥ ਅੰਗ - 560***

ਜਦੋਂ ਨਾਮ ਦਾ ਅਸਰ ਪੈ ਜਾਣਾ ਹੈ ਤਾਂ ਹਉਮੈ ਮਰਨੀ ਸ਼ੁਰੂ ਹੋ ਜਾਣੀ ਹੈ 'ਮਾਰ ਅਮਰੈ' ਮਨ ਜਿਹੜਾ ਮਾਰਿਆ ਨਹੀਂ ਜਾ ਸਕਦਾ ਇਹ ਫੇਰ ਨਾਮ ਦੇ ਬਲ ਨਾਲ ਇਹ ਵੀ ਮਰਨ ਲੱਗ ਜਾਂਦਾ ਹੈ। ਦੇਹ ਅਧਿਆਸ ਛੱਡ ਦਿੰਦਾ ਹੈ। ਆਪਣੇ ਆਪ ਨੂੰ ਸਰੀਰ ਨਹੀਂ ਸਮਝਦਾ। ਪਤਾ ਲਗ ਜਾਂਦਾ ਹੈ ਕਿ ਮੈਂ ਤਾਂ ਆਤਮਾ ਹਾਂ –

***ਅਸਥਿਰ ਕੰਧ ਹੰਸ ਅਨਤ ਨ ਧਾਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੧੯***

ਸਰੀਰ ਅਰੋਗ ਹੋ ਜਾਂਦਾ ਹੈ ਤੇ ਜਿਹੜਾ ਫੇਰ ਜੀਵ-ਆਤਮਾ ਹੈ ਉਹ ਦੁਬਾਰਾ ਜੰਮਣ-ਮਰਨ ਵਿਚ ਨਹੀਂ ਆਉਂਦਾ, ਜੇ ਨਾਮ ਏਸ ਤਰ੍ਹਾਂ ਪਰਪੱਕ ਕਰ ਲਿਆ ਜਾਵੇ।

***ਆਦੈ ਆਦਿ ਨਾਦੈ ਨਾਦਿ ਸਲਿਲੈ ਸਲਿਲ ਮਿਲਿ,***
***ਬ੍ਰਹਮੈ ਬ੍ਰਹਮ ਮਿਲਿ ਸਹਜਿ ਸਮਾਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੧੯***

ਆਦਿ ਹੈ ਵਾਹਿਗੁਰੂ, ਸ਼ਬਦ ਜਿਹੜਾ ਓਅੰਕਾਰ ਦਾ ਹੈ –

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਅੰਗ - 3***

ਉਸ ਨਾਦ ਦੀ ਧੁਨ ਦੇ ਨਾਲ, ਧੁਨ ਪ੍ਰਗਟ ਹੋ ਕੇ ਨਾਮ ਮਿਲ ਜਾਇਆ ਕਰਦਾ ਹੈ। ਏਸ ਤਰ੍ਹਾਂ ਮਿਲ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ। ਦਸਵਾਂ ਦੁਆਰ ਖੁਲ੍ਹ ਜਾਇਆ ਕਰਦਾ ਹੈ। ਸੋ ਇਸ ਦੇ ਬਾਰੇ ਹੋਰ ਸਪਸ਼ਟ ਕਰਕੇ ਲਿਖਦੇ ਨੇ ਕਿ –

***ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ.......।***
***ਕਬਿੱਤ ਭਾਈ ਗੁਰਦਾਸ ਜੀ ੨੮***

ਜਦੋਂ ਸ਼ਬਦ ਸੁਰਤ ਗੁਰਮੁਖ ਦੇ ਰਾਹੀਂ, ਗੁਰੂ ਦੇ ਰਾਹੀਂ ਇਸ ਦੀ ਸੰਧ ਮਿਲ ਜਾਵੇ –

***ਸਸਿ ਘਰਿ ਸੂਰੁ ਪੂਰਿ ਨਿਜ ਘਰਿ ਆਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੨੮***

ਇਹੀ ਇੜਾ, ਪਿੰਗਲਾ, ਸੁਖਮਨਾ ਦੀ ਬਾਤ ਇਥੇ ਆਈ ਹੈ ਤੇ ਇਸ ਢੰਗ ਨਾਲ ਜਦੋਂ ਅਸੀਂ ਨਾਮ ਜਪਦੇ ਹਾਂ ਤਾਂ ਸਾਡੀ ਸੁਰਤੀ ਤ੍ਰਿਕੁਟੀ ਨੂੰ ਵੇਧ ਕੇ ਦਸਵੇਂ ਦੁਆਰ ਵਿਚ ਦਾਖਲ ਹੋ ਜਾਂਦੀ ਹੈ –

***ਉਲਟਿ ਪਵਨ ਮਨ ਮੀਨ ਤ੍ਰਿਬੇਨੀ ਪ੍ਰਸੰਗ.....॥***
***ਕਬਿੱਤ ਭਾਈ ਗੁਰਦਾਸ ਜੀ ੨੮***

ਜਿਵੇਂ ਮੱਛੀ ਜਾਂਦੀ ਹੈ ਤੇ ਟੱਕਰ ਖਾ ਕੇ ਫੇਰ ਮੁੜ ਆਉਂਦੀ ਹੈ ਇਸੇ ਤਰ੍ਹਾਂ ਸ੍ਵਾਸ ਉਪਰ ਦਸਵੇਂ ਦੁਆਰ ਵਲ ਨੂੰ ਜਾਂਦਾ ਹੈ, ਹੌਲੀ-ਹੌਲੀ ਮੁੜਦਾ-ਮੁੜਦਾ ਤ੍ਰਿਕੁਟੀ ਨੂੰ ਵੇਧ ਲੈਂਦਾ ਹੈ ਉਸ ਤੋਂ ਬਾਅਦ ਦਸਵੇਂ ਦੁਆਰ ਵਿਚ ਦਾਖਲ ਹੋ ਜਾਇਆ ਕਰਦਾ ਹੈ –

***..........ਤ੍ਰਿਕੁਟੀ ਉਲੰਘਿ ਸੁਖ-ਸਾਗਰ ਸਮਾਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੨੮***

ਵਾਹਿਗੁਰੂ ਦਸਵੇਂ ਦੁਆਰ ਦੇ ਅੰਦਰ ਜਿਥੇ ਮਹਾਂ ਅਨੰਦ ਹੈ, ਉਥੇ ਇਸ ਦੀ ਸਮਾਈ ਹੋ ਜਾਂਦੀ ਹੈ।

***ਤ੍ਰਿਗੁਨ ਅਤੀਤ ਚਤੁਰਥ ਪਦ ਗੰਮਿਤਾ ਕੈ........॥***
***ਕਬਿੱਤ ਭਾਈ ਗੁਰਦਾਸ ਜੀ ੨੮***

ਇਥੇ ਰਜੋ ਗੁਣ, ਤਮੋ ਗੁਣ, ਸਤੋ ਗੁਣਾਂ ਦੇ ਅਸਰ ਕਤਮ ਹੋ ਜਾਂਦੇ ਨੇ ਤੇ ਤੁਰੀਆ ਅਤੀਤ ਪਦ ਦੀ ਗੰਮਤਾ ਵਿਚ ਪਹੁੰਚ ਜਾਂਦਾ ਹੈ।

***ਨਿਝਰ ਅਪਾਰ ਧਾਰ ਅਮਿਅ ਚੁਆਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੨੮***

ਇਥੇ ਇੰਨਾ ਅਕਹਿ ਰਸ ਆਉਂਦਾ ਹੈ ਕਿ ਜੀਅ ਨਹੀਂ ਕਰਦਾ ਨੇਤਰ ਖੋਲ੍ਹਣ ਨੂੰ। ਵਿਚ ਬੈਠਾ ਹੈ ਇਹ ਅੰਮ੍ਰਿਤ ਦੀ ਜਾਰ ਜਿਹੜੀ ਹੈ, ਇਕ ਤਾਂ ਸਵਰਗ ਦਾ ਅੰਮ੍ਰਿਤ ਹੈ ਉਹ ਤਾਂ ਇਸਦਾ ਮੁਕਾਬਲਾ ਹੀ ਨਹੀਂ ਕਰ ਸਕਦਾ। ਐਸਾ ਅੰਮ੍ਰਿਤ ਇਸ ਦੇ ਅੰਦਰ ਝਰਨਾ ਸ਼ੁਰੂ ਹੋ ਜਾਂਦਾ ਹੈ –

***ਚਕਈ ਚਕੋਰ ਮੋਰ ਚਾਤ੍ਰਿਕ ਅਨੰਦ-ਮਈ.........॥***
***ਕਬਿੱਤ ਭਾਈ ਗੁਰਦਾਸ ਜੀ ੨੮***

ਜਿਵੇਂ ਚਕਵੀ ਸੂਰਜ ਨੂੰ ਦੇਕਦੀ ਹੈ ਤੇ ਚਕੋਰ ਚੰਦਰਮਾ ਨੂੰ ਦੇਖ ਕੇ ਅਨੰਦਿਤ ਹੁੰਦਾ ਹੈ, ਮੋਰ ਬੱਦਲ ਨੂੰ ਦੇਖ ਕੇ ਕੁਸ਼ ਹੁੰਦਾ ਹੈ ਇਸੇ ਤਰ੍ਹਾਂ ਦੇ ਨਾਲ –

***ਕਦਲੀ ਕਮਲ ਸੋ ਬਿਮਲ ਜਲ ਛਾਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੨੮***

ਨਿਰਲੇਪ ਰਹਿੰਦੀ ਹੈ ਸੁਰਤ ਜਿਵੇਂ ਪਾਣੀ ਦੇ ਅੰਦਰ

ਕਮਲ ਤੇ ਕੇਲੇ ਨੂੰ ਪਾਣੀ ਛੋਹ ਨਹੀਂ ਸਕਿਆ ਕਰਦਾ ਇਸੇ ਤਰ੍ਹਾਂ ਦੇ ਨਾਲ ਜਦੋਂ ਅੰਦਰਲੇ ਪਾਸੇ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ ਉਸ ਦੇ ਅਨੰਦ ਦੇ ਵਿਚ ਲੀਨ ਹੋ ਜਾਇਆ ਕਰਦਾ ਹੈ। ਸੋ ਇਹ ਦਸਵੇਂ ਦੁਆਰ ਤੱਕ ਪਹੁੰਚ ਕਰ ਦਿੰਦਾ ਹੈ ਸ੍ਵਾਸ ਸ੍ਵਾਸ ਦਾ ਨਾਮ। ਇਸ ਕਰਕੇ ਬਾਰ-ਬਾਰ ਤਾਕੀਦ ਹੈ ਨਾਮ ਜਪਣ ਦੀ -

*ਧਾਰਨਾ - ਸ੍ਵਾਸ-ਸ੍ਵਾਸ ਦੇ ਗੇੜੇ ਜਪ ਲਓ ਵਾਹਿਗੁਰੂ- 2, 2.*

*ਪੂਰੇ ਗੁਰ ਕਾ ਸੁਨਿ ਉਪਦੇਸੁ॥*
*ਪਾਰਬ੍ਰਹਮੁ ਨਿਕਟਿ ਕਰਿ ਪੇਖੁ॥ ਅੰਗ - 295*

ਜਦੋਂ ਭਜਨ ਕਰਨ ਲੱਗਣਾ ਹੈ ਤਾਂ ਸਭ ਤੋਂ ਪਹਿਲਾਂ ਵਾਹਿਗੁਰੂ ਨੂੰ ਨੇੜੇ ਜਾਣ, ਪੂਰਾ ਨਿਹਚਾ ਕਰ ਲੈ -

*ਸਾਸਿ ਸਾਸਿ ਸਿਮਰਹੁ ਗੋਬਿੰਦ॥*
*ਮਨ ਅੰਤਰ ਕੀ ਉਤਰੈ ਚਿੰਦ॥ ਅੰਗ - 295*

ਜਦੋਂ ਅਸੀਂ ਸ੍ਵਾਸ-ਸ੍ਵਾਸ ਨਾਮ ਜਪਦੇ ਹਾਂ ਜਿਸ ਤਰ੍ਹਾਂ ਪਿਛੇ ਵਿਆਖਿਆ ਕੀਤੀ ਗਈ ਹੈ ਕਿ ਇੜਾ, ਪਿੰਗਲਾ, ਸੁਖਮਨਾ ਨਾਲ ਕਿਸ ਤਰ੍ਹਾਂ ਨਾਮ ਜਪਿਆ ਜਾਂਦਾ ਹੈ। ਬਹੁਤੇ ਤਾਂ ਪੰਜ ਪਿਆਰੇ ਦੱਸ ਦਿਆ ਕਰਦੇ ਨੇ। ਜੇ ਨਾ ਹੋਵੇ ਪੰਜ ਪਿਆਰਿਆਂ ਤੋਂ ਤਾਂ ਅਨੁਭਵੀ ਮਹਾਂਪੁਰਸ਼ ਦੱਸ ਦਿਆ ਕਰਦੇ ਨੇ ਕਿ ਆਹ ਜੁਗਤ ਹੈ। ਗੁਰੂ ਨਹੀਂ ਬਣਦੇ ਸਹਾਇਕ ਹੋਇਆ ਕਰਦੇ ਨੇ। ਤੋਰ ਦਿਆ ਕਰਦੇ ਨੇ ਕਿ ਰੁਕਿਆ ਪਿਆ ਹੈ ਕਿ ਇਸ ਨੂੰ ਰਸਤਾ ਦੱਸ ਦੇਈਏ, ਰਸਤਾ ਤਾਂ ਸਿਪਾਹੀ ਦੱਸੀ ਜਾਂਦੇ ਨੇ ਉਹ ਗੁਰੂ ਬਣ ਜਾਂਦੇ ਨੇ। ਆਹ ਭਰਮ ਪਿਆ ਹੋਇਆ ਹੈ ਸਾਡੇ ਵਿਚ। ਆਪ ਨੂੰ ਸਮਝ ਵਿਚ ਨਹੀਂ ਆਉਂਦੀ, ਪੁੱਛਣਾ ਕਿਸੇ ਤੋਂ ਹੈ ਨਹੀਂ। ਸੋ ਇਸ ਦੇ ਨਾਲ ਦਸਵੇਂ ਦੁਆਰ ਤੱਕ ਰਸਵਾਈ ਹੋ ਜਾਂਦੀ ਹੈ।

ਇਕ ਜਾਪ ਹੋਇਆ ਕਰਦਾ ਹੈ, ਇਕ ਅਜਪਾ ਹੋਇਆ ਕਰਦਾ ਹੈ। ਜਾਪ ਹੁੰਦਾ ਹੈ ਰਸਨਾ ਹਿੱਲੇ, ਬੋਲ ਕੇ ਕਰੇ। ਦੂਜਾ ਜਾਪ ਹੁੰਦਾ ਹੈ ਅੰਦਰਲਾ ਜਿਸਨੂੰ 'ਅਜਪਾ' ਕਹਿੰਦੇ ਨੇ -

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਅੰਗ - 1291*

ਸੋ ਇਸ ਤਰ੍ਹਾਂ ਅਜਪਾ-ਜਾਪ ਸ੍ਵਾਸ ਦੇ ਨਾਲ ਹੁੰਦਾ ਹੈ, ਇਥੋਂ ਸ਼ੁਰੂ ਹੋ ਜਾਇਆ ਕਰਦਾ ਹੈ। ਉਸ ਤੋਂ ਬਾਅਦ ਥੋੜ੍ਹੀ ਜਿਹੀ ਮਦਦ ਅੰਦਰ ਮਿਲਦੀ ਹੈ ਉਸ ਨੂੰ ਧਿਆਨ ਕਹਿੰਦੇ ਨੇ। ਪਹਿਲਾ ਕਰਮ, ਉਸ ਤੋਂ ਬਾਅਦ ਜਿਹੜੀ ਵਿਖਸ਼ੇਪਤਾ ਹੈ। ਜਦੋਂ ਤੱਕ ਧਿਆਨ ਪਰਪੱਕ ਨਹੀਂ ਹੁੰਦਾ ਓਨਾ ਚਿਰ ਇਹ ਆਇਆ ਨਹੀਂ ਕਰਦੀ। ਧਿਆਨ ਉਹੋ ਜਿਹਾ ਹੀ ਲਾਗੂ ਹੁੰਦਾ ਹੈ ਜਿਹੋ ਜਿਹੀ ਕਿਸੇ ਦੀ ਬੁੱਧੀ ਹੁੰਦੀ ਹੈ। ਇਕ ਪ੍ਰਤੀਕ ਧਿਆਨ ਹੋਇਆ ਕਰਦਾ ਹੈ। ਦੂਜਾ ਹੁੰਦਾ ਹੈ ਸੰਪਤ ਧਿਆਨ। ਤੀਜਾ ਹੁੰਦਾ ਹੈ ਅਹੰਗ੍ਰਹਿ ਧਿਆਨ।

ਪ੍ਰਤੀਕ ਧਿਆਨ ਹੁੰਦਾ ਹੈ ਕਿ ਆਪਣੇ ਗੁਰੂ ਨੂੰ ਸਾਖਸ਼ਾਤ ਪ੍ਰਮੇਸ਼ਰ ਜਾਣ ਕੇ ਧਿਆਨ ਧਰਨਾ। ਦੂਸਰਾ ਹੁੰਦਾ ਹੈ ਕਿ ਉਸ ਦਾ ਕੋਈ ਪ੍ਰਤੀਕ ਹੋਵੇ ਤੇ ਉਸ ਦੇ ਵਿਚ ਗੁਰੂ ਭਾਵਨਾ ਰੱਖ ਕੇ ਉਸ ਦਾ ਧਿਆਨ ਧਰਨਾ। ਤੀਸਰਾ ਜਿਹੜਾ ਅਹੰਗ੍ਰਹਿ ਧਿਆਨ ਹੈ ਉਹ ਧਿਆਨ ਨਹੀਂ ਹੁੰਦਾ ਉਹ ਗਿਆਨ ਹੁੰਦਾ ਹੈ। ਸੋ ਉਸ ਦੇ ਬਾਰੇ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ। ਚਾਰ ਧਿਆਨ ਹੁੰਦੇ ਨੇ -

ਪਹਿਲਾ ਧਿਆਨ ਹੁੰਦਾ ਹੈ ਸਾਕਾਰ ਦਾ। ਦੂਸਰਾ ਹੁੰਦਾ ਹੈ ਸ਼ਬਦ ਦਾ ਧਿਆਨ। ਕਈਆਂ ਦਾ ਖਿਆਲ ਹੁੰਦਾ ਹੈ ਕਿ ਵਾਹਿਗੁਰੂ ਅੱਖਰਾਂ ਦਾ ਧਿਆਨ ਧਰੀਏ। ਨਾ ਸਾਧ-ਸੰਗਤ ਜੀ ਸ਼ਬਦ ਸ਼ਬਦ ਨੂੰ ਕਹਿੰਦੇ ਨੇ। ਸ਼ਬਦ ਧੁਨ ਨੂੰ ਕਹਿੰਦੇ ਨੇ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥ ਅੰਗ - 879*

ਉਹ ਧੁਨ ਹਰੇਕ ਦੇ ਅੰਦਰ ਹੈ। ਸਭ ਦੇ ਅੰਦਰ ਬੋਲ ਰਹੀ ਹੈ, ਪ੍ਰਗਟ ਕਿਉਂ ਨਹੀਂ ਕਿਉਂਕਿ ਦੇਹ ਅਧਿਆਸ ਸਾਡਾ ਟੁੱਟਿਆ ਨਹੀਂ।

*ਮਾਇਆਧਾਰੀ ਅਤਿ ਅੰਨਾ ਬੋਲਾ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਅੰਗ - 313*

ਰੌਲਾ ਘਚੋਲਾ ਮਚਿਆ ਪਿਆ ਹੈ। ਜਦੋਂ ਅਸੀਂ ਧਿਆਨ ਧਰਦੇ ਹਾਂ, ਮੰਤਰ ਦੀ ਧੁਨ ਬਣਾਉਂਦੇ ਹਾਂ ਤਾਂ ਉਸ ਦੇ ਧਿਆਨ ਦੇ ਨਾਲ ਅਸੀਂ ਅੱਗੇ ਚਲਦੇ ਹਾਂ ਤਾਂ ਜਿਹੜੀ ਸਾਡੇ ਅੰਦਰ ਪਹਿਲਾਂ ਤੋਂ ਧੁਨ ਵਜਦੀ ਹੈ ਉਹ ਉਸ ਨਾਲ ਆਪ ਹੀ ਆ ਕੇ ਰਲ ਜਾਂਦੀ ਹੈ। ਸੋ ਉਸ ਦੇ ਬਾਰੇ ਮਹਾਰਾਜ ਜੀ ਦਾ ਇਸ ਤਰ੍ਹਾਂ ਨਾਲ ਫੁਰਮਾਨ ਹੈ -

*ਧਾਰਨਾ - ਧਰੀਏ ਮਨ ਵਿਚ ਧਿਆਨ*
*ਗੁਰਾਂ ਦੀ ਮੂਰਤ ਦਾ - 2, 2.*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ ਅੰਗ - 864*

*ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥*
*ਜੋ ਇਛੈ ਸੋਈ ਫਲੁ ਪਾਏ॥ ਅੰਗ - 661*

*ਗੁਰ ਮੂਰਤਿ ਸਿਉ ਲਾਇ ਧਿਆਨੁ॥*
*ਈਹਾ ਊਹਾ ਪਾਵਹਿ ਮਾਨੁ॥ ਅੰਗ - 192*

ਇਥੇ ਵੀ ਮਾਨ ਤੇ ਦਰਗਾਹ ਵਿਚ ਵੀ ਮਾਨ ਕਿਉਂਕਿ ਜਿਸ ਦਾ ਧਿਆਨ ਧਰਦਾ ਹੈ ਉਸੇ ਦਾ ਰੂਪ ਹੋ ਜਾਂਦਾ ਹੈ। ਤ੍ਰਿਕੁਟੀ ਹੁੰਦੀ ਹੈ ਇਕ ਧਿਆਤਾ-ਧਿਆਨ-ਧੇਅ ਦੀ। ਸੋ ਧਿਆਨ ਦੇ ਬਾਰੇ ਬੜੇ ਸ਼ੰਕੇ ਨੇ। ਜਿਹੋ ਜਿਹੀ ਕਿਸੇ ਦੀ ਬੁੱਧੀ ਓਹੋ-ਜਿਹੀ ਬਾਤ ਉਸਨੇ ਕਰ ਦਿਤੀ। ਜਦੋਂ ਕੋਈ

ਧੇਅ ਸਾਮ੍ਹਣੇ ਨਾ ਹੋਵੇ ਤਾਂ ਧਿਆਨ ਕਿਵੇਂ ਹੋ ਜਾਏਗਾ। ਕੱਪੜਾ ਟੰਗਣਾ ਹੈ ਕੰਧ ਦੇ ਵਿਚ ਕੋਈ ਕਿੱਲਾ ਨਹੀਂ ਹੈ ਤਾਂ ਕੱਪੜਾ ਕਿਵੇਂ ਟੰਗੋਗੇ। ਸੋ ਤਸੱਵਰ ਹਮੇਸ਼ਾ ਤਸਵੀਰ ਦਾ ਹੋਇਆ ਕਰਦਾ ਹੈ।

ਗੁਰੂ ਇਤਿਹਾਸ ਵਿਚ ਐਸੇ ਜ਼ਿਕਰ ਆਉਂਦੇ ਨੇ ਕਿ ਇਕ ਵਾਰੀ ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਕੀਰਤਪੁਰ ਸਾਹਿਬ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸੰਗਤ ਵਿਚ ਬਿਰਾਜਮਾਨ ਨੇ, ਆਪਣੇ ਸ੍ਵੈ-ਸਰੂਪ ਵਿਚ ਲੀਨ ਨੇ। ਇਸੇ ਤਰ੍ਹਾਂ ਬੈਠਿਆਂ ਨੂੰ ਬਹੁਤ ਸਮਾਂ ਬੀਤ ਗਿਆ ਦੀਵਾਨ ਦੀ ਸਮਾਪਤੀ ਹੋ ਗਈ, ਅਰਦਾਸ ਹੋਈ। ਮਹਾਰਾਜ ਜੀ ਨੇ ਕੋਈ ਅੰਗ ਨਾ ਹਿਲਾਇਆ। ਸੰਗਤ ਬੈਠੀ ਹੈ ਸਾਰੀ। ਲਾਂਗਰੀ ਸਿੰਘ ਪ੍ਰਸ਼ਾਦ ਲੈ ਕੇ ਆ ਗਿਆ, ਅਰਦਾਸ ਹੋਈ ਲੰਗਰ ਦੀ ਪਰ ਮਹਾਰਾਜ ਜੀ ਨੇ ਨੇਤਰ ਖੋਲ੍ਹੇ, ਨਾ ਕੋਈ ਬਚਨ ਕੀਤਾ ਉਸੇ ਤਰ੍ਹਾਂ ਬੈਠੇ ਰਹੇ। ਬੈਠੇ-ਬੈਠੇ ਚਾਰ ਵਜ ਗਏ ਸ਼ਾਮ ਦੇ। ਉਸ ਵੇਲੇ ਆਪ ਨੇ 'ਸਤਿਨਾਮ ਸ੍ਰੀ ਵਾਹਿਗੁਰੂ' ਕਹਿ ਕੇ ਨੇਤਰ ਖੋਲ੍ਹੇ। ਸਾਰੀ ਸੰਗਤ ਅੱਗੇ ਹੱਥ ਜੋੜੀ ਬੈਠੀ ਹੈ। ਆਪ ਨੇ ਦ੍ਰਿਸ਼ਟੀ ਪਾਈ ਸਾਰੀ ਸੰਗਤ ਤੇ, ਸਭ ਨੂੰ ਕ੍ਰਿਤਾਰਥ ਕੀਤਾ ਤੇ ਇਕ ਗੁਰਸਿੱਖ ਨੇ ਉਠ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਅੱਜ ਆਪ ਬਹੁਤ ਦੇਰ ਤੱਕ ਬੈਠੇ ਰਹੇ, ਕੀ ਕਾਰਨ ਹੈ?

ਕਹਿਣ ਲੱਗੇ, "ਪ੍ਰੇਮੀਓ! ਇਕ ਗੁਰਸਿੱਖ ਹੈ ਕਾਬਲ ਵਿਚ ਭਾਈ ਗੋਂਦਾ ਜੀ। ਉਨ੍ਹਾਂ ਨੇ ਅੱਜ ਅੰਮ੍ਰਿਤ ਵੇਲੇ ਤੋਂ ਹੀ ਸਾਡੇ ਚਰਨਾਂ ਦਾ ਧਿਆਨ ਧਰ ਕੇ ਜਫਾ ਮਾਰ ਲਿਆ ਤੇ ਜੇ ਅਸੀਂ ਛੁਡਾਉਂਦੇ ਸੀ ਤਾਂ ਉਸ ਗੁਰਸਿੱਖ ਨੂੰ ਖੇਚਲ ਹੁੰਦੀ ਸੀ, ਉਸ ਦੀ ਬਿਰਤੀ ਉਥਾਨ ਹੁੰਦੀ ਸੀ। ਸੋ ਹੁਣ ਉਹ ਸਮਾਧੀ ਤੋਂ ਉਥਾਨ ਹੋਇਆ ਹੈ ਤੇ ਹੁਣ ਅਸੀਂ ਚਰਨ ਚੁਡਾਏ ਨੇ ਉਸ ਤੋਂ।

ਵਕਤ ਨੋਟ ਕਰ ਲਿਆ ਗਿਆ, ਵਿਸਾਖੀ ਦੇ ਦੀਵਾਨ ਤੇ ਭਾਈ ਗੋਂਦਾ ਜੀ ਸੰਗਤ ਨੂੰ ਲੈ ਕੇ ਕੀਰਤਪੁਰ ਸਾਹਿਬ ਆਏ। ਉਸ ਵੇਲੇ ਗੱਲ ਪੁੱਛੀ ਗਈ ਕਿ ਇਕ ਦਿਨ ਤੁਸੀਂ ਏਸ ਤਰ੍ਹਾਂ ਵੀ ਕਰਿਆ ਸੀ? ਉਹ ਕਹਿੰਦੇ ਕਿ ਹਾਂ, ਸਾਡੀ ਸੁਰਤੀ ਐਸੀ ਮਹੱਵ ਹੋਈ, ਲੀਨ ਹੋਈ ਗੁਰੂ ਚਰਨਾਂ ਵਿਚ ਕਿ ਮਾਨੋ ਸਾਡਾ ਜਫਾ ਹੀ ਪੈ ਗਿਆ ਤੇ ਚਾਰ ਵਜੇ ਸਾਨੂੰ ਸੁੱਧ ਆਈ।

ਇਸੇ ਤਰ੍ਹਾਂ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਵੇਲੇ ਦਾ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਿਲਾਸਪੁਰ ਦੇ ਰਾਜੇ ਦੇ ਦਰਬਾਰ ਵਿਚ ਇਕ ਵਜ਼ੀਰ ਦੇਵੀ ਦਾਸ ਨਾਂ ਦਾ ਸੀ। ਜਦੋਂ ਸਾਰੇ ਰਾਜੇ ਮਿਲ ਕੇ ਗੁਰੂ ਮਹਾਰਾਜ ਜੀ ਦਾ ਵਿਰੋਧ ਕਰ ਰਹੇ ਨੇ ਤਾਂ ਉਸ ਨੇ ਮੱਤ ਦਿਤੀ ਕਿ ਉਹ ਤਾਂ ਮਹਾਂਪੁਰਖ ਨੇ, ਗੁਰੂ ਨਾਨਕ ਸਾਹਿਬ ਦੀ ਗੱਦੀ ਹੈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਨੇ। ਉਹੀ ਗੁਰੂ ਜਿਸ ਨੇ ਤੁਹਾਡੇ ਵਡੇਰਿਆਂ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਛੁਡਾ ਕੇ ਫੇਰ ਮੁੜ ਕੇ ਰਾਜ-ਭਾਗ ਦਿਵਾਏ, ਤੁਸੀਂ ਇਨ੍ਹਾਂ ਨਾਲ ਕਿਉਂ ਜਿੱਦ ਕਰਦੇ ਹੋ। ਇਨ੍ਹਾਂ ਤੋਂ ਬਖਸ਼ਿਸ਼ ਮੰਗੋ, ਗੁਰੂ-ਪੀਰਾਂ ਨਾਲ ਮਸ਼ਖਰੀ ਨਹੀਂ ਕਰੀਦੀ ਹੁੰਦੀ।

***ਸੰਤਨ ਸੇਤੀ ਮਸਖਰੀ ਕੁਲ ਡੋਬਨ ਕੀ ਰੀਤ।***

ਜਿਸ ਨੇ ਡੁੱਬਣਾ ਹੋਵੇ ਉਹ ਸੰਤਾਂ ਨੂੰ ਛੇੜ ਦਿਓ। ਸੋ ਮਾੜੀ ਗੱਲ ਕਰਦੇ ਹੋ ਤੁਸੀਂ। ਰਾਜੇ ਕਹਿਣ ਲੱਗੇ ਭੀਮ ਚੰਦ! ਆਹ ਤਾਂ ਤੇਰੇ ਘਰ ਵਿਚ ਹੀ ਗੁਰੂ ਜੀ ਦਾ ਜਸੂਸ ਬੈਠਾ ਹੈ। ਜਦੋਂ ਤੱਕ ਇਸਨੂੰ ਸਖਤ ਸਜ਼ਾ ਨਹੀਂ ਮਿਲਦੀ ਅਸੀਂ ਕੋਈ ਗੱਲ ਅੱਗੇ ਨਹੀਂ ਕਰਨੀ। ਆਖੀਰ ਇਹ ਫੈਸਲਾ ਹੋਇਆ ਕਿ ਇਸ ਨੂੰ ਪਹਾੜ ਤੇ ਲਿਜਾ ਕੇ ਇਸ ਦੀਆਂ ਦੋਵੇਂ ਅੱਖਾਂ ਵਿਚ ਗਰਮ ਸਿਲਾਈਆਂ ਫੇਰ ਦਿਤੀਆਂ ਜਾਣ ਤੇ ਫੇਰ ਇਸ ਨੂੰ ਪਹਾੜ ਤੋਂ ਧੱਕਾ ਦੇ ਦਿਤਾ ਜਾਵੇ, ਆਪੇ ਖੱਡਾਂ ਵਿਚ ਰੁਲ ਕੇ ਮਰ ਜਾਏਗਾ। ਪਹਾੜ ਤੇ ਲੈ ਆਏ, ਇਕ ਪਾਸੇ ਬਿਠਾ ਦਿਤਾ। ਸਿਲਾਈਆਂ ਗਰਮ ਕਰਨੀਆਂ ਸ਼ੁਰੂ ਕਰ ਦਿਤੀਆਂ ਅੱਗ ਵਿਚ। ਇਧਰ ਇਹ ਜਲਾਦਾਂ ਨੂੰ ਕਹਿਣ ਲੱਗਿਆ ਕਿ ਥੋੜ੍ਹੀ ਦੇਰ ਠਹਿਰੋ! ਹੋਰ ਗਰਮ ਹੋ ਲੈਣ ਦਿਓ। ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਚਰਨਾਂ ਦਾ ਧਿਆਨ ਧਰ ਲਿਆ। ਜਦੋਂ ਗੁਰੂ ਮਹਾਰਾਜ ਜੀ ਅੰਦਰ ਪ੍ਰਤੱਖ ਹੋ ਗਏ। ਧਿਆਨ ਤਾਂ ਪਹਿਲਾਂ ਕੀਤਾ ਜਾਂਦਾ ਹੈ ਗੁਰੂ ਦਾ ਉਸ ਤੋਂ ਬਾਅਦ ਗੁਰੂ ਜੋਤੀ ਸਰੂਪ ਹੋ ਜਾਇਆ ਕਰਦਾ ਹੈ ਤੇ ਜਦੋਂ ਇਸ ਤਰ੍ਹਾਂ ਦਾ ਸਰੂਪ ਗੁਰੂ ਦਾ ਹੋਇਆ ਤਾਂ ਉਂਗਲੀ ਹਿਲਾ ਦਿਤੀ, ਉਨ੍ਹਾਂ ਨੇ ਅੱਖਾਂ ਵਿਚ ਦੋਵੇਂ ਪਾਸੇ ਸਿਲਾਈਆਂ ਫੇਰ ਦਿਤੀਆਂ। ਉਸੇ ਤਰ੍ਹਾਂ ਬੈਠੇ ਰਹੇ। ਜਲਾਦ ਜਾਣ ਲੱਗੇ ਕਹਿੰਦੇ, ਅਸੀਂ ਧੱਕਾ ਨਹੀਂ ਤੈਨੂੰ ਦਿੰਦੇ ਵਜ਼ੀਰ ਸਾਹਿਬ! ਤੇਰਾ ਵੀ ਅਸੀਂ ਨਮਕ ਖਾਧਾ ਹੋਇਆ ਹੈ। ਅਸੀਂ ਹੁਕਮ ਵਜਾ ਚੱਲੇ, ਅੱਗੇ ਪ੍ਰਮੇਸ਼ਰ ਤੇਰਾ ਰਾਖਾ। ਕਾਫੀ ਸਮੇਂ ਤੋਂ ਬਾਅਦ ਜਦੋਂ ਨੇਤਰ ਖੋਲ੍ਹੇ ਤਾਂ ਹੈਰਾਨ ਹੋ ਗਏ ਕਿ ਨੇਤਰਾਂ ਨੂੰ ਤਾਂ ਕੁਝ ਵੀ ਨਹੀਂ ਹੋਇਆ। ਉਸ ਵੇਲੇ ਐਡਾ ਵੈਰਾਗ ਆਇਆ ਹਿਰਦੇ ਵਿਚ, ਧਾਹਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਕਿ ਕਲਗੀਧਰ ਪਿਤਾ! ਤੂੰ ਐਡਾ ਸਮਰੱਥ, ਤੇਰਾ ਚਰਨਾਂ ਦਾ ਧਿਆਨ ਧਰਿਆ ਹੈ ਤੇ ਤੂੰ ਸਿਲਾਈਆਂ ਮੇਰੇ ਨੇਤਰਾਂ ਵਿਚ ਨਹੀਂ ਫਿਰਨ ਦਿਤੀਆਂ। ਉਸੇ ਵੇਲੇ ਅਨੰਦਪੁਰ ਸਾਹਿਬ ਵਲ ਨੂੰ ਚੱਲ ਪਿਆ। ਸਫਰ ਕੱਟ ਕੇ ਜਦੋਂ ਨੇੜੇ ਪੁੱਜਿਆ ਤਾਂ ਦਰਸ਼ਨ ਵਾਸਤੇ ਸੇਵਾਦਾਰ ਨੂੰ ਬੇਨਤੀ ਕੀਤੀ। ਸੇਵਾਦਾਰ ਨੇ ਕਿਹਾ ਕਿ ਮਹਾਰਾਜ! ਅੰਦਰ ਨੇ ਤੇ ਅੱਜ ਉਨ੍ਹਾਂ ਦੇ ਚਰਨਾਂ ਵਿਚ ਕੁਝ ਤਕਲੀਫ

ਹੈ। ਉਸੇ ਵੇਲੇ ਮੱਥਾ ਠਣਕ ਗਿਆ ਇਸ ਦਾ ਕਿ ਇਹ ਤਾਂ ਮੇਰੀ ਹੀ ਕੋਈ ਬਾਤ ਹੋਏਗੀ। ਇਜਾਜ਼ਤ ਲੈ ਲਈ ਤੇ ਅੱਗੇ ਮਹਾਰਾਜ ਜੀ ਕੋਲ ਬੇਨਤੀ ਕਰਦਾ ਹੈ ਕਿ ਪਾਤਸ਼ਾਹ! ਆਪ ਨੇ ਚਰਨਾਂ ਤੇ ਪੱਟੀ ਬੰਨ੍ਹੀ ਨੇ ਤੇ ਪੱਟੀਆਂ ਵਿਚ ਖੂਨ ਸਿੰਮਿਆ ਹੋਇਆ ਨਜ਼ਰ ਆਉਂਦਾ ਹੈ।

ਮਹਾਰਾਜ ਜੀ ਕਹਿੰਦੇ, "ਦੇਵੀ ਦਾਸ! ਕਿਸੇ ਪ੍ਰੇਮੀ ਦੀਆਂ ਅੱਖਾਂ ਵਿਚ ਸਿਲਾਈਆਂ ਗਰਮ ਫਿਰ ਰਹੀਆਂ ਸਨ ਉਸ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ ਤੇ ਫੇਰ ਉਹ ਸਾਨੂੰ ਲਗਣੀਆਂ ਹੀ ਸਨ।"

ਸੋ ਇਹ ਧਿਆਨ ਜਿਹੜਾ ਹੈ ਸਾਧਸੰਗਤ ਜੀ! ਕੂੰਜ ਸਿਮਰਨ ਕਰਦੀ ਹੈ। ਜਿਹੜਾ ਕੱਛੂ ਹੈ ਇਹ ਆਂਡੇ ਬਾਹਰ ਦੇ ਕੇ ਧਿਆਨ ਦੇ ਨਾਲ ਪਕਾਉਂਦਾ ਹੈ। ਸੋ ਧਿਆਨ ਕੋਈ ਐਵੇਂ ਹੀ ਨਹੀਂ ਹੈ। ਤੁਸੀਂ ਕਿਸੇ ਦਾ ਵੀ ਧਿਆਨ ਧਰ ਲਓ, ਥੋੜ੍ਹੀ ਜਿਹੀ ਤੁਹਾਡੇ ਵਿਚ ਇਕਾਗਰਤਾ ਹੋਵੇ ਉਹ ਬੰਦਾ ਉਸੇ ਵੇਲੇ ਖਿੱਚ ਖਾ ਕੇ ਤੁਰ ਪਏਗਾ। ਇਕ ਨਾਮ ਹੁੰਦਾ ਹੈ, ਇਕ ਰੂਪ ਹੁੰਦਾ ਹੈ, ਜਦੋਂ ਕਿਸੇ ਦਾ ਨਾਂ ਲਓਗੇ ਤਾਂ ਰੂਪ ਮੱਲੋਮੱਲੀ ਆਏਗਾ। ਤੁਸੀਂ ਕਿਵੇਂ ਰੋਕ ਸਕੋਗੇ ਫੇਰ ਏਸ ਗੱਲ ਤੇ ਜ਼ਿੱਦ ਕਰਨੀ ਕਿ ਅਸੀਂ ਧਿਆਨ ਨਹੀਂ ਧਰਨਾ। ਇਹ ਪਹਿਲੇ ਬੰਦਿਆਂ ਦਾ ਹੈ। ਦੂਸਰਿਆਂ ਲਈ ਹੁੰਦਾ ਹੈ ਧੁਨ ਦਾ ਧਿਆਨ, ਜਿਸਨੂੰ ਸ਼ਬਦ ਦਾ ਧਿਆਨ ਕਹਿੰਦੇ ਨੇ।

ਉਹ ਹਰ ਬੰਦੇ ਨੂੰ ਨਹੀਂ ਆਉਂਦਾ। ਜਦੋਂ ਤਕ ਦੱਸਿਆ ਨਾ ਜਾਵੇ, ਨਹੀਂ ਜਾਣ ਸਕਦਾ ਕਿ ਸ਼ਬਦ ਦਾ ਧਿਆਨ ਕਿਵੇਂ ਧਰੀਦਾ ਹੈ।

ਤੀਸਰਾ ਹੁੰਦਾ ਹੈ ਪ੍ਰਮੇਸ਼ਰ ਨੂੰ ਜੋਤੀ ਸਰੂਪ ਸਮਝ ਕੇ ਧਿਆਨ ਕਰਨਾ, ਕਿਉਂਕਿ ਦਸਮ ਦੁਆਰ ਵਿਚ ਜਦੋਂ ਪ੍ਰਵੇਸ਼ ਹੁੰਦਾ ਹੈ ਉਥੇ ਪਰਮ ਜੋਤੀ ਹੈ ਜਿਸਨੂੰ ਉਨਮਨੀ ਜੋਤ ਕਹਿੰਦੇ ਨੇ। ਇਥੇ ਹੀ ਇਸ ਜੋਤੀ ਦਾ ਧਿਆਨ ਧਰਿਆ ਜਾਂਦਾ ਹੈ ਤੇ ਇਹੀ ਜੋਤੀ ਬਦਲ ਕੇ ਉਨਮਨੀ ਜੋਤ ਬਣ ਜਾਇਆ ਕਰਦੀ ਹੈ। ਚੌਥਾ ਜਿਹੜਾ ਧਿਆਨ ਹੈ ਉਹ ਧਿਆਨ ਨਹੀਂ ਹੁੰਦਾ ਉਹ ਗਿਆਨ ਹੁੰਦਾ ਹੈ ਕਿ ਵਾਹਿਗੁਰੂ ਪਰੀਪੂਰਨ ਹਰ ਥਾਂ ਦੇ ਉਤੇ, ਉਹ ਆਪਣੇ ਸਰੂਪ ਦਾ ਧਿਆਨ ਹੁੰਦਾ ਹੈ। ਉਹ ਸੰਤਾਂ ਤੋਂ ਬਗੈਰ ਪਤਾ ਨਹੀਂ ਲਗਦਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ–

***ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥***
***ਜੋ ਇਛੈ ਸੋਈ ਫਲੁ ਪਾਏ॥*** ***ਅੰਗ - 661***

***ਗੁਰ ਮੂਰਤਿ ਸਿਉ ਲਾਇ ਧਿਆਨੁ॥***
***ਈਹਾ ਊਹਾ ਪਾਵੈ ਮਾਨੁ॥*** ***ਅੰਗ - 192***

ਸੋ ਬਾਕੀ ਇਸ ਤੋਂ ਅੱਗੇ ਜਿਸ ਵਕਤ ਬਿਰਤੀ ਹੋਰ ਇਕਾਗਰ ਹੋ ਜਾਂਦੀ ਹੈ ਫੇਰ ਇਸ ਨੂੰ ਸਾਰੇ ਬ੍ਰਹਿਮੰਡ ਵਿਚੋਂ ਆਵਾਜ਼ਾਂ ਆਉਣ ਲਗ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਲਿਖਦੇ ਨੇ ਕਿ –

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥***
***ਅੰਗ - 1420***

ਸਾਨੂੰ ਕੀ ਸੁਣਦਾ ਸੀ? ਸਾਨੂੰ ਤਾਂ ਟੱਕ-ਟੱਕ ਸੁਣਦਾ ਸੀ ਕਿਉਂਕਿ ਗੁਰੂ ਨਾਨਕ ਸਾਹਿਬ ਵੇਲੇ ਜਿਹੜੇ ਹਰਟ ਸਨ ਉਸ ਵੇਲੇ ਘੁੰਮਰ ਪੁਆਇਆ ਕਰਦੇ ਸਨ। ਘੂੰ-ਘੂੰ ਦੀ ਆਵਾਜ਼ ਦਿੰਦੇ ਸਨ। ਮਹਾਰਾਜ ਜੀ ਨੇ ਨਹੀਂ ਘੂੰ-ਘੂੰ ਦੀ ਆਵਾਜ਼ ਸੁਣੀ ਉਨ੍ਹਾਂ ਨੇ ਆਵਾਜ਼ ਸੁਣੀ ਤੂੰ-ਤੂੰ-ਤੂੰ, ਪੰਛੀ ਬੋਲਦੇ ਨੇ ਉਨ੍ਹਾਂ ਦੇ ਵਿਚੋਂ ਧੁਨ ਦੀ ਆਵਾਜ਼ ਸੁਣ ਰਹੇ ਨੇ ਤੇ ਆਪ ਦਾ ਫੁਰਮਾਨ ਏਸ ਤਰ੍ਹਾਂ ਦੇ ਨਾਲ ਹੈ –

***ਧਾਰਨਾ - ਨਾਮ ਹਰੀ ਦਾ ਜਪਦੇ,***
***ਸਾਰੇ ਵਣਾਂ ਦੇ ਪੰਖੇਰੂ - 2, 2.***

***ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ***
***ਸੁਨਿ ਘਨਿਹਰ ਕੀ ਘੋਰ॥***
***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*** ***ਅੰਗ - 1265***

ਇਹ ਐਵੇਂ ਨਹੀਂ ਸਾਧਸੰਗਤ ਜੀ! ਅੰਦਰਲੀ ਸੋਝੀ ਐਨੀ ਤੱਕੜੀ ਹੋ ਜਾਂਦੀ ਹੈ ਕਿ ਇਨ੍ਹਾਂ ਦੇ ਵਿਚ ਤਾਂ ਸੁਣਦਾ ਹੀ ਹੈ। ਧਰਤੀ ਵਿਚ, ਅਕਾਸ਼ ਵਿਚ, ਪੌਣ ਵਿਚ, ਪਾਣੀ ਵਿਚ ਹਰ ਥਾਂ ਤੇ ਪ੍ਰਮੇਸ਼ਰ ਦੇ ਨਾਮ ਦੀ 'ਵਿਆਪਕ ਧੁਨ' ਸੁਣਨੀ ਸ਼ੁਰੂ ਹੋ ਜਾਂਦੀ ਹੈ। ਨਾਮ ਦੇ ਧਾਰਨ ਕਰਕੇ ਹੀ ਸਾਰੇ ਕਾਇਮ ਨੇ –

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਿਮੰਡ॥*** ***ਅੰਗ - 284***

ਇਹ ਉਹ ਹੈ ਜਿਸਨੂੰ 'ਸੋ ਸ਼ਬਦ' ਕਹਿੰਦੇ ਨੇ, ਆਦਿ ਸ਼ਬਦ ਕਹਿੰਦੇ ਨੇ। ਸਿੱਖਾਂ ਨੇ ਸਵਾਲ ਕਰਿਆ ਸੀ –

***ਸੁ ਸਬਦ ਕਾ ਕਹਾ ਵਾਸੁ ਕਥੀਅਲੇ.........॥***
***ਅੰਗ - 944***

ਹੇ ਗੁਰੂ ਨਾਨਕ ਫੇਰ ਇਹ ਦੱਸ ਉਹ ਸ਼ਬਦ ਜਿਸ ਨੇ ਸਾਰੀ ਸ੍ਰਿਸ਼ਟੀਆਂ ਨੂੰ ਧਾਰਨ ਕਰਿਆ ਹੋਇਆ ਹੈ ਜਦੋਂ ਨਿਰੰਕਾਰ ਨਿਰਗੁਣ ਸੀ ਉਸ ਵੇਲੇ ਕਿੱਥੇ ਸੀ? ਮਹਾਰਾਜ ਜੀ ਕਹਿੰਦੇ –

***........ ਸੁੰਨ ਨਿਰੰਤਰਿ ਵਾਸੁ ਲੀਆ॥*** ***ਅੰਗ - 940***

ਉਸ ਦੇ ਵਿਚ ਹੀ ਸੀ ਇਹ ਸ਼ਬਦ। ਉਹ ਸ਼ਬਦ ਜਦੋਂ ਸੁਣਾਈ ਦਿੰਦਾ ਹੈ ਫੇਰ ਸਾਰੇ ਹੀ ਵਾਹਿਗੁਰੂ-ਵਾਹਿਗੁਰੂ ਸੁਣਾਈ ਦਿੰਦਾ ਹੈ, ਨਾਮ ਹੈ –

***ਧਾਰਨਾ - ਧਰਤ ਆਕਾਸ਼ ਤੇ ਪਾਤਾਲ ਜਿੰਦੇ ਮੇਰੀਏ,***
***ਜਪਦੇ ਨੇ ਨਾਮ ਹਰੀ ਦਾ - 2, 2.***

ਇਹ ਐਵੇਂ ਹੀ ਅਲੰਕਾਰ ਗੱਲ ਨਹੀਂ ਹੈ ਸਾਧ-ਸੰਗਤ ਜੀ! ਉਪਰੋਂ ਸ਼ਬਦ ਦੀ ਧੁਨ ਦੇ ਨਾਲ ਮਿਲ ਜਾਂਦਾ ਹੈ ਤਾਂ ਉਹ ਧੁਨ ਪ੍ਰਗਟ ਹੋ ਜਾਂਦੀ ਹੈ ਜਿਸ ਦੇ ਅਧਾਰ ਤੇ ਸਾਰਾ ਬ੍ਰਹਿਮੰਡ ਖੜ੍ਹਾ ਹੈ। ਸੋ ਜਦੋਂ ਇਥੇ ਨਾਮ ਦੀ ਅਵਸਥਾ ਪਹੁੰਚਦੀ ਹੈ ਫੇਰ ਸਰੀਰ ਦੀ ਕੋਈ ਥਾਂ ਨਹੀਂ ਰਹਿੰਦੀ ਜਿੱਥੋਂ ਨਾਮ ਦੀ ਧੁਨ ਨਾ ਆਉਂਦੀ ਹੋਵੇ -

*ਧਾਰਨਾ - ਰੋਮ ਰੋਮ ਹਰਿ ਧਿਆਵੇ,*
*ਗੁਰਮੁਖ ਪਿਆਰੇ ਦਾ - 2, 2.*

ਨਾਮ ਪਰੀਪੂਰਨ ਸ਼ਕਤੀ ਹੈ। ਜਦੋਂ ਨਾਮ ਦੀ ਐਸੀ ਅਵਸਥਾ ਹੋ ਜਾਂਦੀ ਹੈ ਫੇਰ -

*ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾ ਮਨੁ ਖੀਵਾ ਭਾਈ॥*
*ਅੰਗ - 1123*

ਫੇਰ ਨਿਜ ਘਰ ਦੇ ਅੰਦਰ ਵਾਸਾ ਹੋ ਜਾਇਆ ਕਰਦਾ ਹੈ-

*ਧਾਰਨਾ - ਖੁਲ੍ਹਿਆ ਦਸਮ ਦੁਆਰਾ,*
*ਲੱਗੀ ਸਹਿਜ ਸਮਾਧੀ - 2, 2.*

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅੰਗ - 954*

ਗੁਰੂ ਦੇ ਸ਼ਬਦ ਨੇ ਜਦੋਂ ਤਰੱਕੀ ਕਰੀ ਅੰਦਰ ਦਾਖਲ ਹੋਇਆ ਫੇਰ ਖੁਲ੍ਹ ਜਾਏਗੀ -

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥*
*ਅੰਗ - 1414*

ਉਥੇ ਨਿਸ਼ਾਨੀ ਕੀ ਹੈ?

*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥*
*ਅੰਗ - 1414*
*ਧਾਵਤੁ ਥੰਮਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥*
*ਅੰਗ - 441*

ਜਿਹੜਾ ਮਨ ਦੌੜਿਆ ਫਿਰਦਾ ਸੀ ਉਹ ਮਨ ਮਰ ਗਿਆ, ਅਮਨ ਹੋ ਗਿਆ ਉਨਮਨੀ ਅਵਸਥਾ ਵਿਚ ਆ ਗਿਆ। ਆਤਮ ਵਿਸ਼ੈਣੀ ਬੁੱਧੀ ਪ੍ਰਾਪਤ ਹੋ ਗਈ -

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ਅੰਗ - 8*

ਕਾਲ-ਮੰਡਲ ਨੂੰ ਪਾਰ ਕਰ ਗਿਆ, ਅਕਾਲ-ਮੰਡਲ ਵਿਚ ਪ੍ਰਵੇਸ਼ ਕਰ ਗਿਆ। ਹੁਣ ਕਾਲ ਦੀ ਤਾਕਤ ਨਹੀਂ ਕਿ ਉਸਨੂੰ ਫੇਰ ਦੁਬਾਰਾ ਖਿੱਚ ਲਵੇ। ਸੋ ਥੰਮ ਹੋ ਗਿਆ

*ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ॥*
*ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥*
*ਧਾਵਤੁ ਥੰਮਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ........॥*
*ਅੰਗ - 441*

ਧੁਨ ਦਾ ਫੇਰ ਜ਼ਿਕਰ ਆਉਂਦਾ ਹੈ, ਉਥੇ ਧੁਨ ਚਲਦੀ ਹੈ-

*........ ਜਿਤੁ ਸਬਦਿ ਜਗਤੁ ਥੰਮਿ ਰਹਾਇਆ॥*
*ਅੰਗ - 441*

ਉਹ ਸ਼ਬਦ ਜਿਸ ਨੇ ਸਾਰੇ ਸੰਸਾਰ ਨੂੰ ਧਾਰਨ ਕੀਤਾ ਹੋਇਆ ਹੈ। ਸੋ ਸਮਾਧੀ ਸਾ-ਵਿਕਲਪ ਹੁੰਦੀ ਹੈ, ਨਿਰ-ਵਿਕਲਪ ਹੁੰਦੀ ਹੈ। ਇਨ੍ਹਾਂ ਤੋਂ ਉਪਰ ਸਹਿਜ-ਸਮਾਧ ਹੁੰਦੀ ਹੈ। ਸਹਿਜ-ਸਮਾਧ ਖੁਲ੍ਹੀਆਂ ਅੱਖਾਂ ਨਾਲ ਲੱਗਣ ਵਾਲੀ ਸਮਾਧੀ ਹੈ। ਹਰ ਪਾਸੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਦਿਸਦਾ ਹੈ, ਦੂਜਾ ਭਰਮ ਜਾਂਦਾ ਰਹਿੰਦਾ ਹੈ। ਸੋ ਐਸੀ ਅਵਸਥਾ ਜਦੋਂ ਪ੍ਰਾਪਤ ਹੋ ਜਾਂਦੀ ਹੈ ਇਸ ਅਵਸਥਾ ਨੂੰ ਜਾਨਣਾ, ਦੱਸਣਾ ਬਹੁਤ ਮੁਸ਼ਕਲ ਹੈ, ਗੁੰਗੇ ਦੀ ਮਠਿਆਈ ਵਾਲੀ ਬਾਤ ਹੈ। ਇਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ -

*ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,*
*ਸੋ ਰਸ ਸੋਈ ਜਾਨੈ - 2, 2.*
*ਸੋ ਰਸ ਸੋਈ ਜਾਨੈ -2, 2.*
*ਸਹਿਜ ਸਮਾਧ ਲਗੀ ਲਿਵ ਅੰਤਰ,*
*ਸੋ ਰਸ ਸੋਈ ਜਾਨੈ - 2, 2.*

ਸੋ ਇਸ ਤਰ੍ਹਾਂ ਦੇ ਨਾਲ ਇਹ ਨਾਮ ਦੀਆਂ ਅਵਸਥਾਵਾਂ ਨੇ। ਸ਼ੌਕ ਵਾਲਾ ਬੰਦਾ, ਜਿਸ ਦੇ ਮਨ ਦੇ ਅੰਦਰ ਖਾਹਿਸ਼ ਹੈ ਉਹ ਜਪ ਕੇ ਦੇਖ ਲਓ। ਇਹ ਸਾਡੀ ਮੰਜ਼ਲ ਹੈ ਸਾਕਾਰ ਦੀ। ਇਸ ਤੋਂ ਬਾਅਦ ਨਿਰਾਕਾਰ ਮੰਜ਼ਲ ਸ਼ੁਰੂ ਹੋਇਆ ਕਰਦੀ ਹੈ ਚੜ੍ਹਾਈ। ਉਹ ਥੋੜ੍ਹੀ ਔਖੀ ਹੈ। ਗੁਰਬਾਣੀ ਦੇ ਅੰਦਰ ਸਭ ਭੇਤ ਲਿਖੇ ਹੋਏ ਨੇ ਪਰ ਇਸ ਦੇ ਵਾਸਤੇ ਅਨੁਭਵੀ ਆਤਮਾ, ਮਹਾਂਪੁਰਸ਼ਾਂ ਦੀ ਮਦਦ ਦੀ ਲੋੜ ਹੋਇਆ ਕਰਦੀ ਹੈ, ਉਸ ਦੀ ਸੰਗਤ ਦੀ ਲੋੜ ਹੋਇਆ ਕਰਦੀ ਹੈ ਕਿਉਂਕਿ ਉਥੇ ਮਨੋ-ਨਾਸ਼, ਵਾਸ਼ਨਾ-ਖ੍ਹੈ, ਤੱਤ ਗਿਆਨ ਦੀ ਅਵਸਥਾ ਵਾਪਰ ਜਾਇਆ ਕਰਦੀ ਹੈ ਤੇ -

*ਕਬੀਰ ਤੂੰ ਤੂੰ ਕਰਤਾ ਤੂੰ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥*
*ਅੰਗ - 1375*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤ ਕਰਦੇ ਹਾਂ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

# ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਬੱਚਿਆਂ ਦੀ ਵਲੈਤ ਸਿਖਿਆ ਯਾਤਰਾ

*ਡਾ. ਬੀਬੀ ਤੇਦਿੰਜਰ ਮਲਹੋਤਰਾ*

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*
*(ਤ੍ਵਪ੍ਰਸਾਦਿ ਸਵੱਯੈ)*

ਗੁਰਬਾਣੀ ਦੀ ਇਸ ਤੁਕ ਨੂੰ ਸੰਪੂਰਨ ਭਰਪੂਰਤਾ ਨਾਲ ਜੀਵਿਆ ਹੈ ਸੰਤ ਵਰਿਆਮ ਸਿੰਘ ਜੀ ਨੇ। ਜਦੋਂ ਅਸੀਂ ਕਹਿ ਰਹੇ ਹਾਂ ਜੀਵਿਆ ਹੈ ਭਾਵ ਕਿ ਜੀਵਨ ਦੇ ਹਰ ਪਲ ਹਰ ਘੜੀ ਮਹਾਰਾਜ ਜੀ ਨੇ ਪਿਆਰ, ਪਿਆਰ ਹਰ ਇਕ ਨਾਲ ਐਨਾ ਪਿਆਰ ਕੀਤਾ ਹੈ ਕਿ ਰਤਵਾੜੇ ਦੀ ਧਰਤੀ ਦੇ ਕਣ ਕਣ ਵਿਚ ਪਿਆਰ ਹੀ ਵਸਿਆ ਹੋਇਆ ਹੈ। ਮੈਂ ਤਾਂ ਉਨ੍ਹਾਂ ਨੂੰ ਦੇਖਿਆ ਹੈ ਬੇਜ਼ੁਬਾਨਾਂ ਨਾਲ ਪਿਆਰ ਕਰਦਿਆਂ, ਜਦੋਂ ਮਹਾਰਾਜ ਜੀ ਗਊਆਂ ਮੱਝਾਂ ਨੂੰ ਦੇਖਣ ਜਾਇਆ ਕਰਦੇ ਸੀ ਕਿਵੇਂ ਹਰ ਇਕ ਮੱਝ ਤੇ ਗਊ ਦੀ ਇਹ ਕੋਸ਼ਿਸ਼ ਹੁੰਦੀ ਸੀ ਕਿ ਮਹਾਰਾਜ ਮੈਨੂੰ ਪਿਆਰ ਕਰਨ, ਮੇਰੇ ਉਤੇ ਹੱਥ ਰੱਖਣ, ਮੈਨੂੰ ਸੋਟੀ ਲਗਾ ਦੇਣ, ਦੇਖ ਕੇ ਐਨੀ ਹੈਰਾਨੀ ਹੁੰਦੀ ਸੀ ਐਨਾ ਅੱਛਾ ਵੀ ਲਗਦਾ ਸੀ ਤੇ ਸਿੱਖਣ ਨੂੰ ਵੀ ਮਿਲਦਾ ਸੀ। ਸਿੱਖਿਆ ਇਹ ਮਿਲਦੀ ਹੈ ਕਿ ਪਿਆਰ ਸਭ ਨੂੰ ਪੰਘਾਰ ਕੇ ਮੋਮ ਬਣਾ ਦਿੰਦਾ ਹੈ, ਪਿਆਰ ਦੇ ਪ੍ਰਭਾਵ ਤੋਂ ਅਣਛੋਹ ਕੋਈ ਵੀ ਨਹੀਂ ਰਹਿ ਸਕਦਾ, ਜਾਨਵਰ ਵੀ ਨਹੀਂ ਰਹਿ ਸਕਦੇ। ਮਨੁੱਖਾਂ ਦਾ ਤਾਂ ਕੀ ਕਹਿਣਾ। ਏਸੇ ਪਿਆਰ ਦੇ ਬੱਝੇ ਡਾ. ਸਵਾਮੀ ਰਾਮ ਜਗਤ ਪ੍ਰਸਿੱਧ ਜੋਗੀ ਮਹਾਰਾਜ ਕੋਲ ਆ ਕੇ ਪਿਆਰ ਵਿਚ ਜਕੜੇ ਗਏ ਤੇ ਕਿਹਾ ਸੰਤ ਜੀ ਪਿਆਰ ਸਾਗਰ, ਗਿਆਨ ਸਾਗਰ, ਸਤਿ ਚਿਤ ਅਨੰਦ ਹੈਂ।

ਮਹਾਰਾਜ ਜੀ ਦੇ ਪਿਆਰ ਦੀ ਵਰੋਸਾਈ ਸੰਗਤ ਜੋ ਭਾਰਤ ਤੋਂ ਬਾਹਰ ਹੈ ਭਾਵੇਂ ਵਲਾਇਤ ਤੇ ਭਾਵੇਂ ਅਮਰੀਕਾ। ਉਹ ਮਹਾਰਾਜ ਜੀ ਦੇ ਪਿਆਰ ਵਿਚ ਪੂਰੀ ਤਰ੍ਹਾਂ ਰੱਤੇ ਪਏ ਹਨ। ਉਨ੍ਹਾਂ ਨਾਲ ਗੱਲ ਕਰੋ, ਗੱਲ ਦੇ ਨਾਲ ਹੀ ਉਨ੍ਹਾਂ ਦੇ ਹੰਝੂ ਵਗ ਤੁਰਦੇ ਹਨ, ਕਿਵੇਂ ਉਨ੍ਹਾਂ ਨੇ ਮਹਾਰਾਜ ਜੀ ਦੇ ਕਮਰੇ ਸਜਾ ਕੇ ਹਰ ਚੀਜ਼ ਸੋਹਣੀ ਤਰ੍ਹਾਂ ਚਿੱਟੇ ਚਿੱਟੇ ਵਸਤਰਾਂ ਵਿਚ ਲਪੇਟ ਕੇ ਕਿਵੇਂ ਰੱਖੀ ਹੋਈ ਹੈ। ਹਰ ਚੀਜ਼ ਨੂੰ ਜਦੋਂ ਉਹ ਦਿਖਾਂਦੇ ਹਨ ਉਨ੍ਹਾਂ ਦੇ ਹੰਝੂ ਕਿਤੇ ਠਲ੍ਹਦੇ ਨਹੀਂ। ਇਨ੍ਹਾਂ ਹੀ ਪਰਿਵਾਰਾਂ ਵਿਚੋਂ ਪਰਿਵਾਰ ਹਨ ਮੱਖਣ ਸਿੰਘ ਜੀ ਦਾ ਪਰਿਵਾਰ ਜੋ ਕਿ ਬਰਮਿੰਘਮ ਰਹਿੰਦੇ ਹਨ। ਉਨ੍ਹਾਂ ਦੀ ਪਤਨੀ ਗੁਰਬਖਸ਼ ਜੀ ਤੇ ਬੱਚੇ ਜਗਤਾਰ ਸਿੰਘ ਜੀ ਤੇ ਉਨ੍ਹਾਂ ਦਾ ਪਰਿਵਾਰ, ਜਗਦੀਸ਼ ਜੀ ਉਨ੍ਹਾਂ ਦਾ ਪਰਿਵਾਰ। ਲੰਡਨ ਵਿਚ ਰਾਜ ਜੀ ਉਨ੍ਹਾਂ ਦੀ ਪਤਨੀ ਕੰਵਲਜੀਤ ਜੀ ਉਨ੍ਹਾਂ ਦੇ ਮਾਤਾ ਪਿਤਾ ਤੇ ਬੱਚੇ ਕਿਵੇਂ ਮਹਾਰਾਜ ਜੀ ਦੇ ਪਿਆਰ ਵਿਚ ਹਨ, ਇਹ ਦੇਖਿਆਂ ਹੀ ਪਤਾ ਲਗਦਾ ਹੈ। ਇਵੇਂ ਹੀ ਹਨ ਸੁਖਜਿੰਦਰ ਸਿੰਘ ਜੀ ਉਨ੍ਹਾਂ ਦੀ ਪਤਨੀ, ਮਾਤਾ ਪਿਤਾ, ਜੋ ਕਿ ਵਾਲਸਲ ਰਹਿੰਦੇ ਹਨ। ਇਨ੍ਹਾਂ ਪਰਿਵਾਰਾਂ ਨੇ ਹੀ ਉਪਰਾਲਾ ਕਰਕੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਪੰਜ ਬੱਚਿਆਂ ਨੂੰ ਪ੍ਰਿੰਸੀਪਲ ਤੇ ਡਾਇਰੈਕਟਰ ਨੂੰ ਸਪੌਂਨਸਰ ਕਰਕੇ 14 ਦਿਨ ਦੀ ਫੇਰੀ ਤੇ ਵਲੈਤ ਬੁਲਾਇਆ। ਗੱਲਬਾਤ ਤਾਂ ਦੋ ਕੁ ਮਹੀਨਿਆਂ ਤੋਂ ਚਲ ਰਹੀ ਸੀ ਪਰ ਪਾਸਪੋਰਟ ਬਣਾਉਣੇ, ਵੀਜ਼ਾ ਲਗਾਉਣਾ ਸਾਰਾ ਕੁਝ ਐਨਾ ਗੁੰਝਲਦਾਰ ਜਿਹਾ ਹੈ ਕਿ ਸਮਾਂ ਲਗਣਾ ਸੁਭਾਵਿਕ ਹੀ ਹੈ। ਮਹਾਰਾਜ ਜੀ ਦੀ ਅਪਾਰ ਕ੍ਰਿਪਾ ਸਦਕਾ ਬੜੀ ਛੇਤੀ ਹੀ ਇਹ ਸਾਰਾ ਕੰਮ ਨੇਪਰੇ ਚੜ੍ਹ ਗਿਆ। ਅੱਜ ਦੇ ਚੇਅਰਪਰਸਨ ਮਾਤਾ ਰਣਜੀਤ ਕੌਰ ਜੀ ਤੇ ਮੋਢੀ ਟਰੱਸਟ ਮੈਂਬਰ ਬਾਬਾ ਹਰਪਾਲ ਸਿੰਘ ਜੀ ਨੇ ਇਹ ਸਲਾਹ ਦਿਤੀ ਕਿ ਜੇ ਇਹ ਬੱਚੇ ਕਿਸੇ ਤਰ੍ਹਾਂ ਡਾ. ਮਨਮੋਹਨ ਸਿੰਘ ਜੀ ਤੋਂ ਅਸ਼ੀਰਵਾਦ ਲੈ ਕੇ ਵਲੈਤ ਜਾਣ ਤਾਂ ਹੋਰ ਵੀ ਚੰਗਾ ਹੋਵੇਗਾ। ਮਾਤਾ ਜੀ ਨੇ ਇਹ ਡਿਊਟੀ ਸ੍ਰੀ ਰਸ਼ਪਾਲ ਮਲਹੋਤਰਾ ਜੀ ਦੀ ਲਗਾਈ ਕਿ ਉਹ ਇਸ ਦਾ ਪ੍ਰਬੰਧ ਕਰਨ। ਮਾਤਾ ਜੀ ਦੇ ਹੁਕਮ ਅਨੁਸਾਰ 9 ਜੂਨ ਸਵੇਰੇ 8.30 ਵਜੇ ਪ੍ਰਧਾਨ ਮੰਤਰੀ ਬੱਚਿਆਂ ਨੂੰ ਆਪਣੇ ਨਿਵਾਸ ਸਥਾਨ ਤੇ ਮਿਲੇ। ਉਨ੍ਹਾਂ ਦੀ ਧਰਮ ਪਤਨੀ ਬੀਬੀ ਗੁਰਸ਼ਰਨ ਕੌਰ ਜੀ ਵੀ ਉਪਸਥਿਤ ਸੀ, ਬੜਾ ਪਿਆਰ ਕੀਤਾ, ਬੱਚਿਆਂ ਨੂੰ ਉਨ੍ਹਾਂ ਨੇ ਪੁਛਿਆ ਕਿ ਕਿਸ ਮੰਤਵ ਨੂੰ ਲੈ ਕੇ ਬੱਚੇ ਜਾ ਰਹੇ ਹਨ, ਕਿੰਨੀ ਦੇਰ ਲਈ ਜਾ ਰਹੇ ਹਨ, ਇਕ-ਇਕ ਬੱਚੇ ਨੂੰ ਡਾਕਟਰ ਸਾਹਿਬ ਨੇ ਪਿਆਰ ਦਿਤਾ ਤੇ ਗੱਲਬਾਤ ਤੋਂ ਬਾਅਦ ਗੁਰਸ਼ਰਨ ਜੀ ਨੇ ਮਿਸ਼ਰੀ ਤੇ ਲਾਚੀਆਂ ਦਾ ਪ੍ਰਸਾਦ ਦੇ ਕੇ ਵਿਦਾ ਕੀਤਾ।

ਵਿਦਾ ਹੋ ਕੇ ਬੱਚਿਆਂ ਨੂੰ ਇੰਡੀਆਂ ਇੰਟਰਨੈਸ਼ਨਲ ਸੈਂਟਰ ਲਿਆਂਦਾ ਓਥੇ ਉਨ੍ਹਾਂ ਨੂੰ ਸਵੇਰ ਦਾ ਨਾਸ਼ਤਾ ਕਰਾਇਆ ਭਾਵ ਇਹ ਵੀ ਸੀ ਕਿ ਉਨ੍ਹਾਂ ਨੂੰ ਇਹ ਪਤਾ ਲਗ ਜਾਵੇ ਕਿ ਉਹ ਕਿਹੋ ਜਿਹੇ ਵਾਤਾਵਰਣ ਵਿਚ ਜਾ ਰਹੇ ਹਨ, ਉਥੇ ਕਿਵੇਂ ਸਲੀਕੇ ਨਾਲ ਬੈਠ ਕੇ ਖਾਧਾ ਜਾਂਦਾ ਹੈ, ਕਿਵੇਂ ਮੇਜ਼ ਤੇ ਕੁਰਸੀ ਤੇ ਬੈਠ ਕੇ ਆਪਣੇ ਹੱਥ ਰੱਖਣੇ ਹਨ ਕਿਵੇਂ ਕੀ ਕਰਨਾ ਹੈ। ਸਾਡੇ ਬੱਚੇ ਜਿਹੜੇ ਵਲੈਤ ਜਾਣ ਲਈ ਚੁਣੇ ਗਏ ਸੀ ਉਹ ਵਿਦਿਆ ਦੇ ਪੱਖੋਂ ਤਾਂ ਉਚੇ ਨੰਬਰ ਲੈ ਕੇ ਪਾਸ ਹੋਏ ਹੀ ਸਨ, ਉਸ ਦੇ ਨਾਲ-ਨਾਲ ਉਨ੍ਹਾਂ ਨੇ ਸਬਦ ਗਾਇਨ, ਅੰਗ੍ਰੇਜ਼ੀ ਦੀਆਂ ਕਵਿਤਾਵਾਂ, ਅੰਗ੍ਰੇਜ਼ੀ ਵਿਚ ਬੋਲਣ ਦੀ ਵੀ ਮਹਾਰਤ ਹਾਸਲ ਕੀਤੀ ਸੀ। ਬੱਚੇ

ਤਾਂ ਇੰਡੀਆ ਇੰਟਰਨੈਸ਼ਨਲ ਸੈਂਟਰ ਤੋਂ ਵਾਪਸ ਚੰਡੀਗੜ੍ਹ ਆ ਗਏ। ਪ੍ਰਿੰਸੀਪਲ ਨੂੰ ਸਾਮ ਨੂੰ ਛੇ ਵਜੇ ਵੀਜ਼ਾ ਮਿਲਣਾ ਸੀ ਉਹ ਪਿਛੇ ਰਹੇ ਤੇ ਸ਼ਾਮ ਨੂੰ ਵੀਜ਼ਾ ਲੈ ਕੇ ਦੂਸਰੇ ਦਿਨ ਸਵੇਰੇ ਦੀ ਗੱਡੀ ਤੇ ਵਾਪਸ ਆਏ। ਮੈਂ ਉਸ ਦਿਨ ਸ਼ਾਮ ਨੂੰ ਆ ਗਈ। ਦੂਸਰੇ ਦਿਨ ਤਿਆਰੀ ਹੀ ਕਰ ਰਹੇ ਸੀ ਤੇ ਪ੍ਰਿੰਸੀਪਲ ਬੀਬੀ ਗੁਰਨਾਮ ਕੌਰ ਗਰੇਵਾਲ ਅਜੇ ਪਹੁੰਚੇ ਹੀ ਸੀ ਕਿ ਬਾਬਾ ਹਰਪਾਲ ਜੀ ਦਾ ਟੈਲੀਫੋਨ ਆ ਗਿਆ ਕਿ ਸੀਟਾਂ ਅੱਜ ਰਾਤ ਦੀਆਂ ਅੰਮ੍ਰਿਤਸਰ ਤੋਂ ਤੁਰਕਮਾਨ ਹਵਾਈ ਜਹਾਜ਼ ਤੋਂ ਰਾਤ ਦੇ ਇਕ ਵਜੇ ਹਨ। ਛੇਤੀ-ਛੇਤੀ ਤਿਆਰੀ ਕਰਕੇ ਅਸੀਂ ਸਾਰੇ ਤਿੰਨ ਵਜੇ ਦੁਪਹਿਰ ਦੇ ਰਤਵਾੜਾ ਸਾਹਿਬ ਇਕੱਠੇ ਹੋਏ, ਸਾਰਿਆਂ ਦਾ ਸਾਮਾਨ ਦੇਖ ਕੇ ਸਲਿਪਾਂ ਲਗਾ ਕੇ ਥੋੜ੍ਹੇ ਆਤਮ ਮਾਰਗ ਲੈ ਕੇ ਜਦੋਂ ਸਭ ਕੁਝ ਹੋ ਗਿਆ, ਸਮਾਨ ਬੱਸ ਵਿਚ ਰੱਖਿਆ ਗਿਆ ਤਾਂ ਬਾਬਾ ਜੀ ਬੱਚਿਆਂ ਨੂੰ ਲੈ ਕੇ ਗੁਰਦਵਾਰੇ ਗਏ। ਉਥੇ ਅਰਦਾਸ ਕੀਤੀ, ਪ੍ਰਸ਼ਾਦ ਲੈ ਕੇ ਸਾਰੇ ਬੱਚੇ ਗੱਡੀ ਵਿਚ ਬੈਠ ਗਏ, ਰਸਤੇ ਵਿਚ ਇਕ ਦੋ ਜਗ੍ਹਾ ਰੁਕ ਕੇ ਅਸੀਂ ਰਾਤ ਦੇ 9.30 ਵਜੇ ਅੰਮ੍ਰਿਤਸਰ ਦੇ ਹਵਾਈ ਅੱਡੇ ਪਹੁੰਚੇ। ਉਤੇ ਅੰਦਰ ਗਏ ਤੇ ਸਾਰਾ ਬੰਦੋਬਸਤ ਮਲਹੋਤਰਾ ਸਾਹਿਬ ਨੇ ਕੀਤਾ ਹੋਇਆ ਸੀ। ਸਾਨੂੰ ਬੜੀ ਹੀ ਚੰਗੀ ਤਰ੍ਹਾਂ ਨਾਲ ਬਿਠਾਇਆ ਗਿਆ ਤੇ ਸਾਰੇ ਸਮਾਨ ਦੀ ਬੜੀ ਸੁਚੱਜੀ ਤਰ੍ਹਾਂ ਨਾਲ ਬੁਕਿੰਗ ਕੀਤੀ ਗਈ। ਬੱਚੇ ਥੋੜ੍ਹੇ ਪੈਸੇ ਵੀ ਨਾਲ ਲੈ ਕੇ ਗਏ। ਸਭ ਕੁਝ ਖਤਮ ਹੋਣ ਤੋਂ ਬਾਅਦ ਅਸੀਂ ਉਡੀਕਣ ਲੱਗੇ ਜਹਾਜ਼ ਤੇ ਚੜ੍ਹਨ ਲਈ।

ਅੰਤ ਉਹ ਸਮਾਂ ਵੀ ਆ ਗਿਆ। ਅਸੀਂ ਇਕ ਵਜੇ ਰਾਤ ਨੂੰ ਜਹਾਜ਼ ਤੇ ਚੜ੍ਹੇ, ਆਪਣੀਆਂ ਸੀਟਾਂ ਤੇ ਬੈਠੇ ਤੇ ਥੋੜ੍ਹੀ ਦੇਰ ਮਗਰੋਂ ਜਹਾਜ਼ ਚਲ ਪਿਆ। ਸਾਰੇ ਹੀ ਬਹੁਤ ਥੱਕੇ ਹੋਏ ਸੀ, ਛੇਤੀ ਹੀ ਆਪਣੀ-ਆਪਣੀ ਸੀਟ ਤੇ ਸੌਂ ਗਏ। ਥੋੜ੍ਹੀ ਦੇਰ ਬਾਅਦ ਕੁਝ ਖਾਣ ਪੀਣ ਲਈ ਆਇਆ, ਕੁਝ ਬੱਚਿਆਂ ਨੇ ਖਾਧਾ, ਕੁਝ ਨੇ ਨਹੀਂ। ਕੋਈ ਦੋ ਘੰਟੇ ਬਾਅਦ ਅਸੀਂ ਅਸ਼ਕਾਬਾਦ ਪਹੁੰਚੇ। ਬੜੀ ਗਰਮੀ ਸੀ ਪਰ ਜਹਾਜ਼ ਕੋਈ 45 ਮਿੰਟ ਹੀ ਰੁਕਿਆ, ਅਸੀਂ ਦੁਬਾਰਾ ਆ ਕੇ ਜਹਾਜ਼ ਵਿਚ ਬੈਠੇ ਤੇ ਫੇਰ ਤਾਂ ਲੰਮਾ ਸਫਰ ਸੀ, ਕੋਈ ਨੌਂ ਘੰਟਿਆਂ ਬਾਅਦ ਅਸੀਂ ਬਰਮਿੰਘਮ ਪਹੁੰਚੇ। ਪਾਸਪੋਰਟ ਦਿਖਾਉਂਦਿਆਂ ਸਮਾਨ ਆਉਂਦਿਆਂ ਘੰਟਾ ਜਾਂ ਇਸ ਤੋਂ ਵੱਧ ਲਗ ਹੀ ਜਾਂਦਾ ਹੈ। ਜਦੋਂ ਸਾਰਾ ਕੁਝ ਕਰਕੇ ਨਿਕਲੇ ਤਾਂ ਜੱਗੀ (ਜਗਤਾਰ ਜੀ) ਆਪਣੇ ਭਣੇਵੇਂ ਨਾਲ ਫੁਲਾਂ ਦੇ ਗੁਲਦਸਤੇ ਲਈਂ ਆ ਰਹੇ ਸੀ। ਬੜੇ ਹੀ ਨਿੱਘੇ ਪਿਆਰ ਨਾਲ ਉਨ੍ਹਾਂ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਅਸੀਂ ਸਮਾਨ ਦੀ ਟਰੌਲੀ ਲੈ ਕੇ ਉਨ੍ਹਾਂ ਦੇ ਮਗਰ ਮਗਰ ਉਨ੍ਹਾਂ ਦੀ ਕਾਰ ਵਲ ਤੁਰ ਪਏ। ਸਮਾਨ ਲਈ ਵੱਖਰੀ ਗੱਡੀ ਕੀਤੀ ਗਈ ਸੀ, ਸਮਾਨ ਰੱਖ ਕੇ ਅਸੀਂ ਸਾਰੇ ਜੱਗੀ ਜੀ ਦੀ ਕਾਰ ਵਿਚ ਬੈਠ ਕੇ ਮੱਖਣ ਜੀ ਦੇ ਘਰ ਵਲ ਤੁਰ ਪਏ। ਕੋਈ ਅੱਧਾ ਘੰਟਾ ਲੱਗਾ ਸਾਨੂੰ ਮੱਖਣ ਜੀ ਦੇ ਘਰ ਪਹੁੰਚਦਿਆਂ। ਜੱਗੀ ਜੀ ਨੇ ਗੱਡੀ ਖੜ੍ਹੀ ਹੀ ਕੀਤੀ ਸੀ ਗੁਰਬਖਸ਼ ਜੀ ਦੌੜੇ ਦੌੜੇ ਆਏ, ਉਨ੍ਹਾਂ ਦਾ ਪਿਆਰ, ਉਨ੍ਹਾਂ ਦੀ ਖੁਸ਼ੀ ਸਮੇਟੀ ਨਹੀਂ ਸੀ ਜਾਂਦੀ, ਕਿਵੇਂ ਉਨ੍ਹਾਂ ਨੇ ਨਿੱਘੀਆਂ ਜੱਫੀਆਂ ਪਾਈਆਂ ਤੇ ਨੇਤਰਾਂ 'ਚ ਹੰਝੂ ਭਰ ਕੇ ਕਹਿਣ ਲੱਗੇ, "ਮੈਨੂੰ ਲਗਦਾ ਹੈ ਮਹਾਰਾਜ ਜੀ ਆ ਗਏ।" ਐਨਾ ਪਿਆਰ ਐਨਾ ਨਿੱਘਾ ਮੇਰੇ ਕੋਲ ਤਾਂ ਉਨ੍ਹਾਂ ਨੂੰ ਵਰਨਣ ਕਰਨ ਲਈ ਢੁਕਵੇਂ ਸ਼ਬਦ ਹੀ ਨਹੀਂ ਹਨ। ਇਕ-ਇਕ ਬੱਚੇ ਨੂੰ ਚੁੰਮਿਆ ਨਾਲ ਪੁੱਛਿਆ। ਅਸੀਂ ਅੰਦਰ ਥੋੜ੍ਹਾ ਮੂੰਹ ਹੱਥ ਧੋਤਾ, ਨਾਸ਼ਤਾ ਉਸੇ ਸਮੇਂ ਹੀ ਮੇਜ਼ ਤੇ ਲਗ ਗਿਆ। ਉਸ ਸਮੇਂ ਉਥੇ ਸਵੇਰ ਦੇ 9.30 ਵਜੇ ਸੀ। ਸਾਰੇ ਬੱਚਿਆਂ ਨੇ ਬੜੇ ਹੀ ਪਿਆਰ ਨਾਲ ਖਾਧਾ। ਇਕ ਇਕ ਬੱਚੇ ਨੂੰ ਇੰਦਰਜੀਤ ਜੀ, ਨਿਰਪਾਲ ਜੀ (ਮੱਖਣ ਜੀ ਦੀ ਪੁੱਤਰੀ ਤੇ ਪੁੱਤਰ) ਨੇ ਖੁਆਇਆ। ਗੁਰਬਕਸ਼ ਜੀ ਰਸੋਈ ਤੇ ਖਾਣੇ ਵਾਲੇ ਕਮਰੇ ਦੇ ਚੱਕਰ ਲਗਾਉਂਦੇ ਰਹੇ। ਫੇਰ ਬੱਚੇ ਬਾਹਰ ਝੂਲੇ ਤੇ ਜਾ ਬੈਠੇ ਤੇ ਥੋੜ੍ਹੀ ਦੇਰ ਬਾਅਦ ਉਹ ਆਰਾਮ ਕਰਨ ਚਲੇ ਗਏ। ਉਠ ਕੇ ਜਤਿੰਦਰਪਾਲ ਤਾਂ ਨਿਰਲੇਪ ਤੇ ਹਰਦੀਪ ਨਾਲ ਰੁਝ ਗਿਆ ਤੇ ਚਾਰੋਂ ਕੁੜੀਆਂ ਮੱਖਣ ਜੀ ਦੀ ਛੋਟੀ ਬੇਟੀ ਜਪਜੀਤ ਨਾਲ ਖੇਡਣ ਲਗ ਪਈਆਂ ਤੇ ਰਾਤ ਦੀ ਰੋਟੀ ਤੱਕ ਇਸ ਤਰ੍ਹਾਂ ਹੀ ਚਲਦਾ ਰਿਹਾ, ਜਦੋਂ ਸਾਰੇ ਆਰਾਮ ਕਰਨ ਚਲੇ ਗਏ।

ਦੂਸਰੇ ਦਿਨ ਸਵੇਰੇ ਉਠੇ, ਨਹਾ ਧੋਹ ਕੇ ਖਾ ਪੀ ਕੇ ਜੱਗੀ ਜੀ ਉਨ੍ਹਾਂ ਦੀ ਪਤਨੀ ਜਸਵੀਰ ਜੀ ਤੇ ਇੰਦਰਜੀਤ ਜੀ ਬੱਚਿਆਂ ਨੂੰ Drayton Manor Park ਲੈ ਗਏ, ਉਥੇ ਤਰ੍ਹਾਂ-ਤਰ੍ਹਾਂ ਦੇ ਝੂਲੇ, ਚੰਡੋਲ ਤੇ ਪਾਣੀ ਦੀਆਂ ਖੇਡਾਂ ਵਿਚ ਬੱਚਿਆਂ ਨੇ ਜੀਅ ਭਰ ਕੇ ਅਨੰਦ ਮਾਣਿਆ। ਛੋਟਾ ਜਿਹਾ ਚਿੜੀਆ ਘਰ ਵੀ ਉਥੇ ਸੀ, ਬੱਚਿਆਂ ਲਈ ਛੋਟੀ ਬੱਸ ਵੀ ਸੀ, ਵੱਡੇ-ਵੱਡੇ dragon ਵੀ ਸੀ ਹੋਰ ਕਿੰਨਾਂ ਹੀ ਕੁਝ ਗਿਣਨ ਲੱਗੀਏ ਤਾਂ ਕਿੰਨੀ ਹੀ ਜਗ੍ਹਾ ਚਾਹੀਦੀ ਹੈ, ਬੱਚਿਆਂ ਨੇ ਸਾਰਾ ਦਿਨ ਉਥੇ ਬਿਤਾਇਆ, ਉਥੇ ਹੀ ਦੁਪਹਿਰੇ ਉਨ੍ਹਾਂ ਨੇ ਕੁਝ ਖਾ ਪੀ ਵੀ ਲਿਆ। ਇਸ ਸਭ ਕੁਝ ਤੋਂ ਭਾਵ ਇਹ ਨਹੀਂ ਹੈ ਕਿ ਬੱਚੇ ਉਥੇ ਕੇਵਲ ਮੌਜ ਮਸਤੀ ਹੀ ਕਰਨ ਗਏ ਸੀ। ਬੱਚਿਆਂ ਨੂੰ ਬਾਹਰ ਦੇ ਜੀਵਨ ਦੀ ਝਾਕੀ ਦਿਖਾਣੀ ਇਕ ਸਭ ਤੋਂ ਵੱਡਾ ਮੰਤਵ ਸੀ। ਆਮ ਤੌਰ ਤੇ ਬੱਚਿਆਂ ਨੂੰ ਛੋਟੀ ਉਮਰ ਵਿਚ ਬਾਹਰ ਜਾਣ ਦਾ ਸ਼ੋਕ ਜਾਗ ਪੈਂਦਾ ਹੈ ਤੇ ਬੱਚੇ ਸੋਚਦੇ ਹਨ ਕਿ ਬਾਹਰ ਜੀਵਨ ਬਹੁਤ ਸੌਖਾ ਹੈ ਕਿਉਂਕਿ ਉਥੇ ਦੀ ਚਮਕ ਦਮਕ, ਸੋਹਣੇ ਕੱਪੜੇ ਸੋਹਣੀਆਂ ਚੀਜ਼ਾਂ ਤੇ ਵੱਡੀਆਂ ਗੱਡੀਆਂ

ਬੱਚਿਆਂ ਨੂੰ ਮੋਹਦੀਆਂ ਹਨ। ਇਥੇ ਬੱਚੇ ਇਹ ਦੇਖ ਰਹੇ ਸੀ ਕਿ ਕਿਵੇਂ ਇਸ ਦੇਸ਼ ਵਿਚ ਕਿੰਨਾ ਅਨੁਸਾਸ਼ਨ ਹੈ, ਕੋਈ ਵੀ ਗੱਡੀ ਦਾ ਹਾਰਨ ਨਹੀਂ ਵਜਾਉਂਦਾ, ਇਕ ਵੀ ਕਾਗਜ਼ ਦਾ ਟੁਕੜਾ ਸੜਕ ਤੇ ਦੇਖਣ ਨੂੰ ਨਹੀਂ ਮਿਲਦਾ, ਕੋਈ ਉਚੀ ਆਵਾਜ਼ ਵੀ ਕਿਤੋਂ ਨਹੀਂ ਆਉਂਦੀ, ਇਹ ਹੀ ਉਨ੍ਹਾਂ ਦੀ ਸਿਖਿਆ ਦਾ ਇਕ ਹਿੱਸਾ ਸੀ।

ਅਗਲੇ ਦਿਨ ਐਤਵਾਰ ਸੀ ਤੇ ਉਨ੍ਹਾਂ ਨੇ ਯੂਰਪ ਦੇ ਇਕ ਸਭ ਤੋਂ ਵੱਡੇ ਗੁਰਦਵਾਰੇ ਵਿਚ ਬੱਚਿਆਂ ਦਾ ਕੀਰਤਨ ਕਰਨਾ ਨਿਯਤ ਕੀਤਾ ਹੋਇਆ ਸੀ। ਇਹ ਗੁਰਦਵਾਰਾ ਬਰਮਿੰਘਮ ਵਿਚ ਸੋਹੋਂ ਰੋਡ ਤੇ ਹੈ। ਬੱਚਿਆਂ ਨੇ ਇਥੇ ਇਕ ਘੰਟਾ ਤੇ 15 ਮਿੰਟ ਕੀਰਤਨ ਕੀਤਾ। ਸੱਤ ਸ਼ਬਦ ਬੱਚਿਆਂ ਨੇ ਸੁਣਾਏ, ਬੁੱਲੇਸ਼ਾਹ ਦੀਆਂ ਕਾਫੀਆਂ ਤੇ ਜਤਿੰਦਰਪਾਲ ਨੇ ਗੁਰੂ ਅਰਜਨ ਦੇਵ ਦੇ ਜੀਵਨ ਤੇ ਚਾਨਣਾ ਪਾਇਆ। ਇਹ ਉਹ ਹੀ ਗੁਰਦਵਾਰਾ ਹੈ ਜਿਥੇ ਸੰਤ ਮਹਾਰਾਜ ਜੀ ਨੇ 2001 ਵਿਚ ਦਸ ਦੀਵਾਨ ਲਗਾਏ ਸੀ ਤੇ ਸੰਗਤ ਦਸਦੀ ਹੈ ਕਿ ਤਿਲ ਰੱਖਣ ਦੀ ਜਗ੍ਹਾ ਨਹੀਂ ਸੀ ਹੁੰਦੀ। ਉਥੇ ਵੀ ਸੰਤ ਮਹਿੰਦਰ ਸਿੰਘ ਉਸ ਗੁਰਦਵਾਰੇ ਦੀ ਦੇਖ ਰੇਖ ਕਰਦੇ ਹਨ। ਕੀਰਤਨ ਮਗਰੋਂ ਉਨ੍ਹਾਂ ਨੇ ਸਭ ਨੂੰ ਪ੍ਰਸ਼ਾਦਾ ਛਕਾਇਆ। ਆਪ ਸਾਰਿਆਂ ਦੇ ਹੱਥ ਸੁੱਚੇ ਕਰਾਏ, ਸਮਝ ਨਹੀਂ ਸੀ ਆ ਰਹੀ ਕਿ ਕੀ ਕਰੀਏ, ਮੈਨੂੰ ਤਾਂ ਲਗਦਾ ਸੀ ਧਰਤੀ ਫਟ ਜਾਏ ਤੇ ਮੈਂ ਅੰਦਰ ਚਲੀ ਜਾਵਾਂ। ਬੜੇ ਹੀ ਪਿਆਰ ਨਾਲ ਉਨ੍ਹਾਂ ਨੇ ਸਭ ਨੂੰ ਸਰੋਪੇ ਦਿਤੇ। ਸੰਤ ਮਹਾਰਾਜ ਜੀ ਦੀ ਇਕ ਪਰੰਪਰਾ ਹੈ ਕਿ ਵਾਜੇ ਤੇ ਪੈਸੇ ਨਹੀਂ ਰਖਵਾਣੇ, ਬਾਣੀ ਪੜ੍ਹ ਕੇ ਨਹੀਂ ਲੈਣੇ। ਸੋ ਜੋ ਵੀ ਪੈਸੇ ਵਾਜੇ ਤੇ ਰੱਖੇ ਜਾਂਦੇ ਸੀ, ਕੀਰਤਨ ਤੋਂ ਬਾਅਦ ਉਹ ਇਕੱਠੇ ਕਰਕੇ ਗੋਲਕ ਵਿਚ ਪਾ ਦਿਤੇ ਜਾਂਦੇ ਸੀ। ਸੰਤਾਂ ਨੇ ਬੜੇ ਪਿਆਰ ਨਾਲ ਮਹਾਰਾਜ ਜੀ ਦੀ ਮਿੱਠੀ ਯਾਦ ਸਾਡੇ ਨਾਲ ਸਾਂਝੀ ਕੀਤੀ। ਬੀਬੀ ਬਲਦੇਵ ਵੀ ਸਾਡੇ ਨਾਲ ਸੀ।

14 ਜੂਨ ਨੂੰ ਗੁਰਬਖਸ਼ ਜੀ ਤੇ ਜਗਤਾਰ ਜੀ ਬੱਚਿਆਂ ਨੂੰ ਪਹਿਲੇ ਮੱਖਣ ਜੀ ਦੇ ਦਫਤਰ ਜਿਸ ਦਾ ਨਾਂ ਹੈ Munia solrestiors dim ਇਸ ਦੇ 50 ਕਮਰੇ ਹਨ। ਮਹਾਰਾਜ ਜੀ ਦੀਆਂ ਵੱਡੀਆਂ-ਵੱਡੀਆਂ ਫੋਟੋ ਤੋਂ ਬਿਨਾਂ ਹਰ ਇਕ ਦੇ ਕੰਪਿਊਟਰ ਤੇ ਵੀ ਮਹਾਰਾਜ ਜੀ ਦੀ ਫੋਟੋ ਹੈ, ਉਥੇ ਕੁਝ ਖਾ ਪੀ ਕੇ ਬੱਚੇ ਜੱਗੀ ਜੀ ਨਾਲ National sea life ਚਲੇ ਗਏ, ਉਥੇ ਕੋਈ 60 ਤਰ੍ਹਾਂ ਦੀਆਂ Manne ਹਨ ਅਨੇਕਾਂ ਪਾਣੀ ਵਿਚ ਰਹਿਣ ਵਾਲੇ ਜਾਨਵਰ ਜਿਹੜੇ ਕਿ ਉਨ੍ਹਾਂ ਲਈ ਇਕ ਬਹੁਤ ਹੀ ਅਦਭੁਤ ਤੇ ਸਿਖਿਆ ਭਰਪੂਰ ਅਨੁਭਵ ਸੀ, ਮਗਰਮੱਛ ਦੇਖੇ, ਥੀਏਟਰ ਦੇਖੇ ਤੇ ਬਰਮਿੰਘਮ ਪੁਸਤਕਾਲਿਆ ਦੇਖੀ। ਇਸ ਲਾਇਬ੍ਰੇਰੀ ਦੀਆਂ ਸੱਤ ਮੰਜ਼ਲਾਂ ਹਨ ਤੇ ਹਰ ਮੰਜ਼ਲ ਤੇ

ਵੱਖ-ਵੱਖ ਵਿਸ਼ੇ ਤੇ ਪੁਸਤਕਾਂ ਹਨ। ਬੱਚਿਆਂ ਨੂੰ ਦੱਸਿਆ ਗਿਆ ਕਿ ਲਾਇਬ੍ਰੇਰੀ ਦਾ ਕੀ ਮਹੱਤਵ ਹੈ। ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਦੇਸ਼ ਦੇ ਬੱਚਿਆਂ ਤੇ ਉਥੇ ਦੇ ਰਹਿਣ ਵਾਲਿਆਂ ਦਾ ਪੜ੍ਹਾਈ ਦਾ ਸਤੱਰ ਦਸਦੀਆਂ ਹਨ ਕਿ ਲੋਕ ਕਿੰਨੇ ਪੜ੍ਹੇ ਲਿਖੇ ਹਨ, ਉਨ੍ਹਾਂ ਦਾ ਦਿਮਾਗੀ ਸਤਰ ਕਿੰਨਾ ਹੈ। ਸਭ ਤੋਂ ਵੱਧ ਦੇਖਣ ਵਾਲੀ ਚੀਜ਼ ਹੈ ਉਥੋਂ ਦਾ ਅਨੁਸਾਸ਼ਨ ਤੇ ਬੱਚਿਆਂ ਨੂੰ ਹਰ ਜਗ੍ਹਾ ਤੇ ਇਹ ਹੀ ਦੱਸਿਆ ਗਿਆ ਤੇ ਇਹ ਹੀ ਉਨ੍ਹਾਂ ਨੇ ਆਪ ਦੇਖਿਆ ਕਿ ਜੇ ਟਿਕਟਾਂ ਵਾਸਤੇ ਲਾਈਨ ਹੈ ਤੇ ਕੋਈ ਵੀ ਹਿਲਜੁਲ ਨਹੀਂ ਰਿਹਾ, ਕੋਈ ਵੀ ਲਾਈਨ ਤੋੜਨ ਦੀ ਕੋਸ਼ਿਸ਼ ਨਹੀਂ ਕਰਦਾ, ਇਥੋਂ ਤਕ ਕਿ ਕੋਈ ਵੀ ਗੱਲ ਵੀ ਨਹੀਂ ਕਰਦਾ। ਕਿਤੇ ਤੁਹਾਨੂੰ ਕਾਗਜ਼ ਦਾ ਟੁਕੜਾ ਤੱਕ ਵੀ ਜ਼ਮੀਨ ਤੇ ਦੇਖਣ ਲਈ ਨਹੀਂ ਮਿਲਦਾ। ਲਾਇਬਰੇਰੀ ਵਿਚ ਹਰ ਕੋਈ ਆਪਣੀ-ਆਪਣੀ ਜਗ੍ਹਾ ਬੈਠ ਕੇ ਪੜ੍ਹ ਰਿਹਾ ਹੈ, ਇਹ ਹੀ ਗੱਲਾਂ ਸਿੱਖਣ ਵਾਲੀਆਂ ਹਨ, ਇਹ ਹੀ ਆਪਣੇ ਅੰਦਰ ਉਤਾਰਨ ਵਾਲੀਆਂ ਹਨ। ਨਿੱਜੀ ਜੀਵਨ ਵਿਚ ਇਨ੍ਹਾਂ ਦੀ ਵਰਤੋਂ ਕਰਨ ਦੀ ਲੋੜ ਹੈ।

15 ਜੂਨ ਨੂੰ ਅਸੀਂ ਫੇਰ ਪਹਿਲਾਂ ਮੱਖਣ ਜੀ ਦੇ ਦਫਤਰ Murria Sloicitors ਗਏ ਉਥੇ ਥੋੜ੍ਹੀ ਦੇਰ ਰੁਕ ਕੇ ਫੇਰ ਉਹ ਸਾਨੂੰ Millennium point ਜਿਹੜਾ ਕਿ ਵਿਗਿਆਨ ਤੇ ਖੋਜ ਦਾ ਬਹੁਤ ਹੀ ਵੱਡਾ ਇਕ ਮਿਊਜ਼ੀਅਮ ਹੈ ਉਥੇ ਗਏ ਉਥੇ ਸਭ ਤੋਂ ਥੱਲੇ ਇਹ ਦਰਸਾਇਆ ਗਿਆ ਹੈ ਕਿ ਵਿਗਿਆਨ ਨੇ ਕਿੰਨੀ ਤਰੱਕੀ ਕੀਤੀ ਹੈ ਸਾਰੀਆਂ ਖੋਜਾਂ ਦੇ ਬਾਰੇ ਦਸਿਆ ਗਿਆ ਹੈ, ਦਿਖਾਇਆ ਗਿਆ ਹੈ, ਗੱਡੀਆਂ ਕਿਸ ਤਰ੍ਹਾਂ ਦੀਆਂ ਪਹਿਲਾਂ ਸੀ। ਪਹਿਲੀ ਗੱਡੀ ਜਦੋਂ ਬਣੀ ਉਹ ਕਿਸ ਤਰ੍ਹਾਂ ਦੀ ਸੀ ਤੇ ਹੁਣ ਕਿਸ ਤਰ੍ਹਾਂ ਦੀਆਂ ਹਨ, ਪਹਿਲਾਂ ਇੰਜਨ ਕਿਸ ਤਰ੍ਹਾਂ ਸੀ ਤੇ ਹੁਣ ਕਿਸ ਤਰ੍ਹਾਂ ਹਨ।

ਦੂਸਰੀ ਮੰਜ਼ਲ ਤੇ ਬਰਮਿੰਘਮ ਦਾ ਪੂਰਾ ਇਤਿਹਾਸ ਦਰਸਾਇਆ ਗਿਆ ਹੈ ਪਹਿਲਾ ਕਿਵੇਂ ਤੇ ਕੀ ਸੀ ਤੇ ਹੁਣ ਕੀ ਹੈ।

ਤੀਸਰੀ ਮੰਜ਼ਲ ਤੇ ਵੱਡੇ-ਵੱਡੇ ਮਾਡਲ ਪਏ ਹਨ। ਵੱਡੇ-ਵੱਡੇ ਪ੍ਰੋਜੈਕਟਰ ਹਨ। ਖਾਣ ਪੀਣ ਬਾਰੇ ਦੱਸਿਆ ਹੈ ਕਿਸ ਚੀਜ਼ ਵਿਚ ਕਿੰਨੇ ਵਿਟਾਮਿਨ ਤੇ ਕੀ ਕੀ ਪਦਾਰਥ ਹਨ। ਇਮਾਰਤਾਂ ਬਣਾਉਣ ਬਾਰੇ ਦਿਖਾਇਆ ਗਿਆ ਹੈ, ਬਿਜਲੀ ਬਾਰੇ ਪੂਰੀ ਤਰ੍ਹਾਂ ਬੜੇ ਹੀ ਵਿਸਤਾਰ ਨਾਲ ਦਰਸਾਇਆ ਗਿਆ ਹੈ। ਆਉਣ ਜਾਣ ਦੇ ਸਾਧਨਾ ਬਾਰੇ ਵੱਡੇ-ਵੱਡੇ ਮਾਡਲ ਰੱਖੇ ਗਏ ਹਨ, ਦਵਾਈ ਤੇ ਡਾਕਟਰੀ ਖੇਤਰ ਵਿਚ ਕੀ ਕੀ ਖੋਜ ਹੋ ਰਹੀ ਹੈ, ਥੋੜ੍ਹੇ ਸਾਲਾਂ ਵਿਚ ਅਸੀਂ ਕਿਥੇ ਪਹੁੰਚ ਜਾਵਾਂਗੇ। ਅੱਗੇ ਹੋਰ ਕਿਸ ਤਰ੍ਹਾਂ ਦੀ

ਖੋਜ ਹੋ ਰਹੀ ਹੈ। ਉਥੇ ਦੱਸਿਆ ਗਿਆ ਹੈ ਕਿ ਕਿਵੇਂ ਆਉਣ ਵਾਲੇ ਸਮੇਂ ਵਿਚ ਇਕ ਕੈਪਸੂਲ ਦੀ ਸ਼ਕਲ ਦਾ ਕੈਮਰਾ ਤੁਹਾਡੇ ਅੰਦਰ ਦੀ ਪੂਰੀ ਫੋਟੋ ਲੈ ਕੇ ਦੱਸ ਦੇਵੇਗਾ ਕਿਥੇ ਕੀ ਬਿਮਾਰੀ ਹੈ। ਉਥੇ ਹੀ ਜਾਨਵਰਾਂ ਬਾਰੇ ਦਿਖਾਇਆ ਗਿਆ ਹੈ, ਪੁਰਾਣੇ-ਪੁਰਾਣੇ ਪਿੰਜਰ ਦਿਖਾਏ ਗਏ ਹਨ।

ਸਭ ਤੋਂ ਵੱਧ ਰੌਚਕ ਮੰਜ਼ਲ ਜਿਥੋਂ ਤੁਸੀਂ ਅੰਦਰ ਜਾਂਦੇ ਹੋ ਉਹ ਹੈ ਭਵਿੱਖ ਦਾ ਵਿਗਿਆਨ। ਬੱਚਿਆਂ ਨੇ ਸਭ ਤੋਂ ਵੱਧ ਸਮਾਂ ਉਥੇ ਲਗਾਇਆ ਤੇ ਬੜੇ ਹੀ ਰੁਚੀ ਨਾਲ ਸਭ ਕੁਝ ਦੇਖਿਆ, ਉਥੇ ਬਹੁਤ ਸਾਰੀਆਂ ਖੇਡਾਂ ਵੀ ਸੀ Emotional robot (EMO) micro air Vehicle (MAV) ਜਿਸ ਦੇ ਖੰਭ ਬਣੇ ਹੋਏ ਹਨ ਸਫਾਈ ਕਰ ਸਕਦੀ ਹੈ, ਸਾਰੇ ਪਾਸੇ ਘੁੰਮ ਸਕਦੀ ਹੈ ਜਿਵੇਂ ਕਿ ਇਕ ਮੱਖੀ ਹੋਵੇ।

16 ਜੂਨ ਨੂੰ ਸਾਨੂੰ ਸਾਰਿਆਂ ਨੂੰ ਜੱਗੀ ਜੀ ਇਕ ਬਹੁਤ ਸੋਹਣੇ ਤੇ ਵੱਡੇ ਸਕੂਲ ਵਿਚ ਲੈ ਕੇ ਗਏ ਜਿਸਨੂੰ Queen's award ਮਿਲਿਆ ਹੋਇਆ ਹੈ ਉਹ ਹੈ Thomas Telford school ਉਥੇ ਸਾਨੂੰ ਬੜੇ ਪਿਆਰ ਨਾਲ ਜੀ ਆਇਆਂ ਕਹਿ ਕੇ ਸਵਾਗਤ ਕੀਤਾ ਗਿਆ। ਸਾਨੂੰ ਦੋ ਭਾਗਾਂ ਵਿਚ ਕਰਕੇ ਬੱਚਿਆਂ ਨੂੰ ਬੱਚੇ ਤੇ ਇਕ ਅਧਿਆਪਕ ਤੇ ਸਾਨੂੰ ਇਕ ਮੈਨੇਜਰ ਨੇ ਸਾਰਾ ਸਕੂਲ ਦਿਖਾਇਆ। ਕਿਵੇਂ ਬੱਚੇ ਆਪਣੀਆਂ ਕਲਾਸਾਂ ਵਿਚ ਪੂਰੇ ਅਨੁਸਾਸ਼ਨ ਵਿਚ ਬੈਠੇ ਸੀ। ਕਿਤੇ ਮਿੱਟੀ ਦਾ ਕੰਮ ਹੋ ਰਿਹਾ ਸੀ, ਕਿਤੇ ਕਾਗਜ਼ ਦੇ ਫੁੱਲ ਬਣ ਰਹੇ ਸੀ, ਕਿਤੇ ਗਾਉਣ ਦੀਆਂ ਕਲਾਸਾਂ, ਕਿਤੇ ਨੱਚਣ ਤੇ ਕਿਤੇ ਕੰਮਪਿਊਟਰ ਨਾਲ ਬੱਚੇ ਲੱਗੇ ਹੋਏ ਸਨ, ਚਾਹੇ ਉਹ ਜੋ ਵੀ ਕਰ ਰਹੇ ਹਨ। ਦੇਖਣ ਵਾਲੀ ਗੱਲ ਤਾਂ ਇਹ ਸੀ ਸਭ ਕੁਝ ਬੜੇ ਹੀ ਸੁਚੱਜੇ ਢੰਗ ਨਾਲ ਪੂਰੀ ਤਰ੍ਹਾਂ ਨਾਲ ਰੁਚੀ ਦੇ ਕੇ ਧਿਆਨ ਦੇ ਕੇ ਹੋ ਰਿਹਾ ਸੀ। ਸਕੂਲ ਦੇ ਸਾਰੇ ਬਰਾਂਡਿਆਂ ਵਿਚ ਜਿਥੋਂ ਵੀ ਲੰਘੋ ਵੱਡੇ ਬੱਚਿਆਂ ਦੇ ਕੰਮ ਕਰਦਿਆਂ ਦੀਆਂ ਤਸਵੀਰਾਂ ਰਸੋਈ ਵਿਚ ਕੰਮ ਕਰਦਿਆਂ ਭਾਸ਼ਾ ਦੇ ਪ੍ਰਯੋਗ ਘਰ ਵਿਚ ਵਿਗਿਆਨ ਦੇ ਪ੍ਰਯੋਗ ਘਰ ਦੀਆਂ ਕੰਮਪਿਊਟਰ ਲੈਬੋਰਟਰੀ ਦੀਆਂ। ਬਹੁਤ ਹੀ ਵੱਡਾ swimming pool, ਵੱਡੇ-ਵੱਡੇ ਖੇਡਾਂ ਦੇ ਮੈਦਾਨ Volley ball, foot ball ਨਰਸਰੀ ਦਾ ਛੋਟਾ ਜਿਹਾ ਪਰ ਬਹੁਤ ਹੀ ਸੋਹਣਾ ਕਮਰਾ, ਛੋਟੇ-ਛੋਟੇ ਬੱਚੇ ਕੋਈ ਪੰਗੂੜੇ ਵਿਚ ਪਿਆ, ਕੋਈ ਖੇਡ ਰਿਹਾ ਹੈ, ਕੋਈ ਰੋ ਰਿਹਾ ਹੈ ਤੇ ਕਿਵੇਂ ਅਤਿ ਪਿਆਰ ਤੇ ਸੰਭਾਲ ਨਾਲ ਅਧਿਆਪਕਾਂ, ਬੱਚਿਆਂ ਦੀ ਦੇਖਭਾਲ ਕਰ ਰਹੀਆਂ ਹਨ। ਬੱਚਿਆਂ ਦੀ ਬੱਚਿਆਂ ਨਾਲ ਗੱਲਬਾਤ ਹੋਈ, ਅਧਿਆਪਕਾਂ ਨਾਲ ਗੱਲਬਾਤ ਹੋਈ। ਉਪਰੰਤ ਸਾਡੇ ਬੱਚਿਆਂ ਨੇ ਛੋਟਾ ਜੇਹਾ cultural programme ਦਿਤਾ, ਬਹੁਤ ਹੀ ਸੋਹਣਾ ਤੇ ਵੱਡਾ ਸੀ ਉਨ੍ਹਾਂ ਦਾ ਹਾਲ। ਉਥੇ ਮੈਂ ਮਹਾਰਾਜ ਜੀ ਦੇ

ਜੀਵਨ ਤੇ ਸਕੂਲ ਬਾਰੇ ਦੱਸਿਆ। ਗੁਰਨਾਮ ਕੌਰ ਗਰੇਵਾਲ ਨੇ ਬੱਚਿਆਂ ਬਾਰੇ ਦੱਸਿਆ, ਫੇਰ ਗਿੱਧਾ ਪਾਇਆ, ਜਤਿੰਦਰਪਾਲ ਨੇ ਭੰਗੜਾ ਕੀਤਾ ਤੇ ਬੱਚਿਆਂ ਨੇ ਇਕ ਅੰਗ੍ਰੇਜ਼ੀ ਗਾਣੇ ਤੇ ਵੀ ਡਾਂਸ ਕੀਤਾ। ਉਪਰੰਤ ਉਨ੍ਹਾਂ ਨੇ ਸਾਨੂੰ ਸਭ ਨੂੰ ਦੁਪਹਿਰ ਦਾ ਖਾਣਾ ਦਿਤਾ, ਬਹੁਤ ਹੀ ਅੱਛਾ ਸੀ। ਇਹ ਵੀ ਬੱਚਿਆਂ ਲਈ ਇਕ ਨਵਾਂ ਅਨੁਭਵ ਸੀ ਕਿ ਅੰਗਰੇਜ਼ੀ ਖਾਣਾ ਬੈਠ ਕੇ ਖਾਣਾ ਤੇ ਕਾਂਟੇ ਛੁਰੀ ਨਾਲ ਖਾਣਾ ਬੱਚਿਆਂ ਨੇ ਬਹੁਤ ਹੀ ਚੰਗੀ ਤਰ੍ਹਾਂ ਸਫਾਈ ਨਾਲ ਖਾਧਾ। ਖਾਣਾ ਖਾਂਦਿਆਂ ਬਹੁਤ ਹੀ ਚੰਗੀ ਗੱਲਬਾਤ ਸਕੂਲ ਬਾਰੇ ਦੋਨੋਂ ਦੇਸ਼ਾਂ ਬਾਰੇ ਹੋਈ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਅਸੀਂ ਪ੍ਰਧਾਨ ਮੰਤਰੀ ਨੂੰ ਮਿਲ ਕੇ ਆਏ ਹਾਂ ਉਹ ਉਨ੍ਹਾਂ ਬਾਰੇ ਪੁੱਛਣ ਲੱਗੇ ਤੇ ਮੈਂ ਕਿਹਾ ਉਨ੍ਹਾਂ ਨੇ ਤੁਹਾਡੇ ਲਈ ਨਿੱਘਾ ਪਿਆਰ ਤੇ ਸ਼ੁਭ ਇਛਾਵਾਂ ਭੇਜੀਆਂ ਹਨ। ਇਸ ਤੋਂ ਬਾਅਦ ਅਸੀਂ ਵਿਦਾ ਲਈ। ਦੋਨੋਂ ਪਾਸੇ ਹੀ ਇਹ ਮਹਿਸੂਸ ਹੋ ਰਿਹਾ ਸੀ ਕਿ ਵਿਛੜਨ ਤੇ ਜੀ ਨਹੀਂ ਕਰਦਾ ਪਰ ਹਰ ਚੀਜ਼ ਦਾ ਅੰਤ ਹੈ।

ਮੁੜਦੇ ਹੋਏ ਅਸੀਂ Iron Bridge ਤੇ ਰੁਕੇ ਇਸਨੂੰ Industry ਦਾ ਮੁੱਢ ਮੰਨਿਆ ਜਾਂਦਾ ਹੈ, ਇਥੇ ਲੋਹੇ ਦੀ ਇਜਾਤ ਹੋਈ ਸੀ ਉਹ ਹੈਨਰੀ 8 ਦਾ ਸਮਾਂ ਸੀ ਇਹ 1709 ਦੀ ਘਟਨਾ ਹੈ। ਉਸੇ ਦਿਨ ਸ਼ਾਮ ਨੂੰ ਅਸੀਂ ਬਰਮਿੰਘਮ ਦੇ ਰਾਮਗੜ੍ਹੀਆ ਗੁਰਦਵਾਰੇ ਗਏ। ਬੱਚਿਆਂ ਨੇ ਇਕ ਘੰਟਾ ਕੀਰਤਨ ਕੀਤਾ। ਸ਼ਾਮ ਦਾ ਸਮਾਂ ਸੀ ਕੀਰਤਨ ਦੀ ਬੜੀ ਸ਼ਲਾਘਾ ਹੋਈ। ਬੱਚੇ ਬੜੇ ਹੀ ਪਿਆਰ ਨਾਲ ਕੀਰਤਨ ਕਰਦੇ ਰਹੇ ਹਨ, ਸਾਰੀ ਜਗ੍ਹਾ ਸੰਗਤ ਨੇ ਇਕੋ ਗੱਲ ਕਹੀ ਕਿ ਇਸ ਚੀਜ਼ ਦੀ ਬੜੀ ਲੋੜ ਹੈ ਅੱਜ ਦੇ ਬੱਚੇ ਬਹੁਤ ਹੀ ਪੁੱਠੇ ਰਸਤਿਆਂ ਤੇ ਚੱਲ ਰਹੇ ਹਨ, ਧਾਰਮਿਕ ਸਿਖਿਆ ਦੇ ਕਿਤੇ ਨੇੜੇ ਤੇੜੇ ਵੀ ਨਹੀਂ। ਜੇ ਘਰਾਂ ਵਿਚ ਕਿਤੇ ਧਾਰਮਿਕ ਵਾਤਾਵਰਣ ਹੈ ਵੀ, ਮਾਤਾ ਪਿਤਾ ਪਾਠ ਪੂਜਾ ਕਰਦੇ ਹਨ, ਗੁਰਦਵਾਰੇ ਜਾਂਦੇ ਨੇ, ਬੱਚੇ ਬਿਲਕੁਲ ਵੀ ਉਸ ਵਿਚ ਭਾਗ ਨਹੀਂ ਲੈਂਦੇ। ਉਥੇ ਦੀ ਸੰਗਤ ਇਨ੍ਹਾਂ ਬੱਚਿਆਂ ਨੂੰ ਦੇਖ ਕੇ ਹੈਰਾਨ ਸੀ ਉਥੇ ਖੁਸ਼ ਵੀ ਸੀ ਕਿ ਬੱਚਿਆਂ ਨੂੰ ਦੁਨਿਆਵੀ ਸਿਖਿਆ ਦੇ ਨਾਲ ਅਧਿਆਤਮਕ ਸਿਖਿਆ ਵੀ ਪੂਰਨ ਤੌਰ ਤੇ ਦਿਤੀ ਜਾ ਰਹੀ ਹੈ। ਇਹ ਹੀ ਸੀ ਸੰਤ ਮਹਾਰਾਜ ਦਾ ਇਕ vision ਇਕ ਉਚਾ ਤੇ ਸੁੱਚਾ ਵਿਚਾਰ ਕਿ ਬੱਚੇ ਦੁਨਿਆਵੀ ਵਿਦਿਆ ਦੇ ਨਾਲ-ਨਾਲ ਅਧਿਆਤਮਕ ਪੱਖੋਂ ਵੀ ਪੂਰਨ ਹੋਣ। ਇਸੇ ਮੰਤਵ ਵਿਚ ਜੂਝ ਰਹੇ ਹਨ ਅੱਜ ਦੇ ਚੇਅਰਪਰਸਨ ਮਾਤਾ ਰਣਜੀਤ ਕੌਰ ਜੀ ਤੇ ਟਰੱਸਟ ਦੇ ਮੁਖੀ ਮੋਢੀ ਮੈਂਬਰ ਬਾਬਾ ਹਰਪਾਲ ਸਿੰਘ ਜੀ ਜਿਨ੍ਹਾਂ ਦੀ ਦੇਖ ਰੇਖ ਹੇਠ ਸਕੂਲ ਬੜੇ ਸੁਚੱਜੇ ਢੰਗ ਨਾਲ ਚਲ ਰਿਹਾ ਹੈ ਤੇ ਅਧਿਆਤਮਕ ਪੱਖ ਨੂੰ ਪੂਰਨ ਤੌਰ ਤੇ ਅੱਗੇ ਰੱਖਿਆ ਜਾਂਦਾ ਹੈ।

(ਬਾਕੀ ਪੰਨਾ 41 ਤੇ)

# ਨਿਮਖ ਸਿਮਰਤ ਜਿਤੁ ਛੂਟੈ
# (ਭਾਈ ਭੂਮੀਆ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 20)*

*ਹਉਮੈ ਕਰਦਿਆ ਜਨਮ ਗਵਾਇਆ॥*
*ਆਗੈ ਮੋਹੁ ਨ ਚੂਕੈ ਮਾਇਆ॥*
*ਅਗੈ ਜਮਕਾਲੁ ਲੇਖਾ ਲੇਵੈ*
*ਜਿਉ ਤਿਲ ਘਾਣੀ ਪੀੜਾਇਦਾ॥* *ਅੰਗ - 1063*

ਜਿਵੇਂ ਤਿਲਾਂ ਨੂੰ ਘਾਣੀ ਵਿਚ ਪੀੜ ਦਿੰਦੇ ਨੇ -

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥*
*ਅੰਗ - 473*

*ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥*
*ਏਹ ਜਮ ਕੀ ਸਿਰਕਾਰ ਹੈ*
*ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ॥*
*ਮਨਮੁਖ ਜਮ ਮਗਿ ਪਾਇਅਨ੍ਹਿ..............॥*
*ਅੰਗ - 513*

ਮਨਮੁਖਾਂ ਨੂੰ ਜਮਾ ਵਾਲੇ ਰਸਤੇ ਤੋਰਿਆ ਹੀ ਜਾਂਦੈ।

*............. ਜਿਨ ਦੂਜਾ ਭਾਉ ਪਿਆਰਾ॥*
*ਜਮ ਪੁਰਿ ਬਧੇ ਮਾਰੀਅਨਿ ...........॥*
*ਅੰਗ - 513*

ਉਥੇ ਫਿਰ ਕੋਈ ਲਿਹਾਜ ਨਹੀਂ ਹੁੰਦਾ, ਬੰਨ ਕੇ ਮਾਰ ਪੈਂਦੀ ਹੈ।

*.............. ਕੋ ਸੁਣੈ ਨ ਪੂਕਾਰਾ॥*
*ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ॥*
*ਅੰਗ - 513*

ਪਿਆਰਿਆ! ਜੇ ਗੁਰੂ ਮਿਲ ਜਾਵੇ, ਤਾਂ ਬਚ ਸਕਦੈ।

ਸੋ ਇਸ ਤਰ੍ਹਾਂ ਦੇ ਜਦ ਬਚਨ ਕਹੇ ਭੂਮੀਆਂ ਬਹੁਤ ਅਫਸੋਸ ਵਿਚ ਗਹਿਰਾ ਚਲਿਆ ਗਿਆ, ਨੇਤਰਾਂ ਚੋਂ ਜਲ ਜਾਣ ਲੱਗ ਪਿਆ, ਅੰਦਰ ਜਾਗ ਪਿਆ, ਅੰਦਰ ਰੋਸ਼ਨੀ ਆ ਗਈ, ਮਨਾ ਇੰਨੇ ਪਾਪ, ਲੇਖੇ ਕਿਵੇਂ ਦੇਵਾਂਗਾ, ਮੈਂ ਰੋਂਦਿਆਂ ਨੂੰ ਵਿਲਕਦਿਆਂ ਨੂੰ ਛੱਡ ਆਉਂਦਾ ਸੀ, ਇਥੋਂ ਤੱਕ ਕੇ ਕੁੱਟ ਕੁੱਟ ਕੇ ਮਾਰ ਛੱਡਦਾ ਸੀ, ਫਿਰ ਮੇਰੇ ਨਾਲ ਕੀ ਬਣੇਗਾ, ਇਹ ਤਾਂ ਬਹੁਤ ਔਖਾ ਹੋ ਗਿਆ।

ਮਹਾਰਾਜ ਜੀ ਦੇਖਦੇ ਨੇ ਕਿ ਬਹੁਤ ਅਫਸੋਸ 'ਚ ਚਲਿਆ ਗਿਆ।

ਕਹਿਣ ਲੱਗੇ, "ਭੂਮੀਆ! ਦੇਖ ਪਿਆਰਿਆ! ਇਹ ਜਿਹੜੀ ਦੇਹੀ ਹੈ, ਇਹਦੇ ਵਿਚ ਕੁਝ ਕਰਮ ਕਰੀਦੇ ਨੇ ਆ ਕੇ, ਜਿਹੜੇ ਸਹਾਇਤਾ ਕਰਦੇ ਨੇ, ਇਹਦੇ ਵਿਚ ਕੀਤਾ ਹੋਇਆ ਪਿਆਰ ਸੰਸਾਰ ਦੇ ਨਾਲ ਕਿਉਂਕਿ ਸਾਰਾ ਸੰਸਾਰ ਜਿਹੜਾ ਉਹ ਪ੍ਰਮੇਸ਼ਰ ਦਾ ਰੂਪ ਹੈ, ਜਿਹਦੇ ਅੰਦਰ ਪਿਆਰ ਨਹੀਂ ਹੈ ਉਹ ਮੁਰਦਾ ਹੋਇਆ ਕਰਦੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ - 253*

ਇਹ ਦੁਨੀਆਂ ਦੇ ਅੰਦਰ ਪਿਆਰ ਕਰਿਆ ਹੋਇਆ, ਗੁਰੂ ਨੂੰ ਪਿਆਰ ਕਰਿਆ ਹੋਇਆ, ਵਾਹਿਗੁਰੂ ਨੂੰ ਪਿਆਰ ਕਰਿਆ ਹੋਇਆ, ਮਹਾਂਪੁਰਸ਼ਾਂ ਨੂੰ ਪਿਆਰ ਕਰਿਆ ਹੋਇਆ, ਸੰਸਾਰ ਨੂੰ ਪਿਆਰ ਕਰਿਆ ਹੋਇਆ ਰੂਹ ਨੂੰ ਉਚਾ ਚੁਕਦੈ, ਦੁਨੀਆਂ ਦੇ ਵਿਚ ਆ ਕੇ ਸੇਵਾ ਕਰਕੇ ਮਾਣ ਪਾਉਂਦੈ।

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥* *ਅੰਗ - 26*

ਨਾਮ ਜਪ ਕੇ ਸਾਰੇ ਦੁਖਾਂ ਦਾ ਖਾਤਮਾ ਹੁੰਦੈ, ਨਾਮ ਪ੍ਰਮੇਸ਼ਰ ਤੱਕ ਲੈ ਜਾਂਦੈ। ਦੂਸਰਿਆਂ ਦੀ ਹਮਦਰਦੀ ਕਰਨੀ, ਭੂਮੀਆ ਇਹ ਰੂਹ ਨੂੰ ਉਚਾ ਕਰਦੀ ਹੈ। ਖਿਮਾ ਕਰਨੀ, ਤਾਕਤ ਹੈ ਆਪਣੇ ਵਿਚ ਬਈ ਮੈਂ ਇਹਦਾ ਨੁਕਸਾਨ ਕਰ ਸਕਦਾ ਹਾਂ, ਲੇਕਿਨ ਖਿਮਾ ਕਰ ਦੇਣੀ, ਬਖਸ਼ ਦੇਣਾ।

ਮਹਾਰਾਜਾ ਰਣਜੀਤ ਸਿੰਘ ਤੁਰਿਆ ਜਾ ਰਿਹੈ, ਨਾਲ ਬਾਡੀਗਾਰਡ ਨੇ, ਬੱਚੇ ਬੇਰੀਆਂ ਤੋਂ ਬੇਰ ਝਾੜ ਰਹੇ ਨੇ। ਇਕ ਬੱਚੇ ਨੇ ਢੀਮ ਮਾਰੀ। ਢੀਮ ਮਾਰੀ ਤਾਂ ਉਹ ਬੇਰੀ ਵਿਚ ਤਾਂ ਲੱਗੀ ਨਹੀਂ, ਮਹਾਰਾਜਾ ਰਣਜੀਤ ਸਿੰਘ ਦੇ ਮੋਢੇ ਤੇ ਜਾ ਲੱਗੀ। ਕੁਦਰਤੀ ਗੱਲ ਹੈ ਕਿ ਰਾਜੇ ਦੇ ਇੱਟ ਵੱਟਾ ਲੱਗੇ ਤੇ ਉਹ ਸਾਰੇ ਬੱਚਿਆਂ ਨੂੰ ਮਾਰ ਦੇਣ। ਨੱਠ ਕੇ ਬਾਡੀਗਾਰਡਾਂ ਨੇ ਬੱਚੇ ਫੜ ਲਏ। ਦੂਜੇ ਬੱਚੇ ਕਹਿੰਦੇ ਸਾਨੂੰ ਨਹੀਂ ਪਤਾ, ਆਹ ਮਾਰਦਾ ਸੀ, ਉਹਨੂੰ ਫੜ ਲਿਆਏ।

ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗੇ, "ਓਏ ਇਹਨਾਂ ਬੱਚਿਆਂ ਨੂੰ ਨਾ ਕੁਝ ਕਹੋ, ਛੱਡ ਦਿਓ ਤੁਸੀਂ।"

ਕਹਿਣ ਲੱਗੇ, "ਕਿਉਂ ਬੇਟਾ! ਮੈਂ ਤਾਂ ਤੇਰਾ ਕੁਝ ਵਿਗਾੜਿਆ ਨਹੀਂ ਫਿਰ ਤੂੰ ਇੱਟ ਕਿਉਂ ਮਾਰੀ।"

ਕਹਿੰਦਾ, "ਜੇ ਤੂੰ ਸਾਡੇ ਨਹੀਂ ਮਾਰੀ, ਫੇਰ ਬੇਰੀ ਦੇ ਕਿਉਂ ਮਾਰੀ।"

ਕਹਿੰਦਾ, "ਮਹਾਰਾਜ! ਬੇਰ ਝਾੜਨ ਵਾਸਤੇ ਬੇਰੀ ਦੇ ਮਾਰੀ ਸੀ।"

ਕਹਿੰਦੇ, "ਅੱਛਾ ਕਿੰਨੇ ਕੁ ਬੇਰ ਗਿਰ ਜਾਂਦੇ ਨੇ, ਇੱਟ ਮਾਰਨ ਤੇ।"

ਕਹਿੰਦਾ, "ਮਹਾਰਾਜ! ਜੇ ਗੱਡੇ ਤੇ ਲੱਗ ਜਾਵੇ ਤਾਂ ਪੰਜ ਛੇ ਵੀ ਗਿਰ ਜਾਂਦੇ ਨੇ।"

ਸੋਚਾਂ ਵਿਚ ਪੈ ਗਏ। ਨਾਲ ਦੇ ਬਾਡੀਗਾਰਡ ਆਪਸ ਵਿਚ ਗੱਲਾਂ ਕਰਨ ਲੱਗੇਕਿ ਹੁਣ ਤਾਂ ਇਸ ਬੱਚੇ ਨੂੰ ਸਜਾ ਮਿਲੇਗੀ।

ਪਰ ਮਹਾਰਾਜਾ ਰਣਜੀਤ ਸਿੰਘ ਦਾ ਰਿਕਾਰਡ ਹੈ ਸਾਰੀ ਜ਼ਿੰਦਗੀ 'ਚ ਕਦੇ ਫਾਂਸੀ ਨਹੀਂ ਸੀ ਦਿੱਤੀ। ਜੇ ਰਾਜ ਖੋਹ ਵੀ ਲੈਂਦਾ ਸੀ ਤਾਂ ਇੰਨਾ ਕੁਝ ਦੇ ਦਿੰਦਾ ਸੀ ਕਿ ਉਸ ਰਾਜੇ ਦੀਆਂ ਪੰਜ ਛੇ ਪੁਸ਼ਤਾਂ ਵੀ ਬਹੁਤ ਅਮੀਰੀ 'ਚ ਲੰਘਣ, ਇੰਨਾ ਦਿਆਲੂ ਸੀ।

ਸੋਚਦਾ ਰਿਹਾ, ਜੋ ਮਹਾਰਾਜ ਜੀ ਦਾ ਲਿਖਾਰੀ ਸੀ ਉਸ ਨੂੰ ਬੁਲਾਇਆ।

ਮਹਾਰਾਜ ਕਹਿਣ ਲੱਗੇ, "ਇਉਂ ਕਰ ਬੁਢਣਵਾਲ ਤੇ ਜਿਹੜਾ ਨਾਲ ਦੂਜਾ ਪਿੰਡ ਹੈ ਇਸ ਮੁੰਡੇ ਦੇ ਨਾਉਂ ਲਿਖ ਦਿਓ ਹੁਣੇ ਹੀ। ਦੋ ਪਿੰਡਾਂ ਦੀ ਜਾਗੀਰ ਦੇ ਦਿਓ। ਜੇ ਰਾਜੇ ਦੇ ਇੱਟ ਵੱਜੇ ਤਾਂ ਰਾਜਾ ਕੁਝ ਵੀ ਨਾ ਦੇਵੇ, ਬੇਰੀ ਦੇ ਇੱਟ ਮਾਰਨ ਤੇ ਉਹ ਮਿੱਠੇ ਬੇਰ ਦਿੰਦੀ ਹੈ ਤੇ ਮੈਨੂੰ ਵੀ ਕੁਝ ਦੇਣਾ ਚਾਹੀਦਾ ਹੈ। ਕਿੰਨੀ ਖਿਮਾ ਹੈ। ਹੈਰਾਨੀ ਦੀ ਗੱਲ ਹੈ, ਨਹੀਂ ਇਹ ਗੱਲਾਂ ਆਉਂਦੀਆਂ ਨਹੀਂ ਹੁੰਦੀਆਂ।

ਕਹਿਣ ਲੱਗੇ, "ਭੂਮੀਆ! ਜੇ ਹਿਰਦੇ 'ਚ ਖਿਮਾ ਹੋਵੇ, ਰੱਬ ਖੁਸ਼ ਹੋ ਜਾਂਦੈ, ਦਇਆ ਹੋਵੇ, ਦਇਆ ਤੋਂ ਧਰਮ ਪੈਦਾ ਹੁੰਦੈ।

***ਧੌਲੁ ਧਰਮੁ ਦਇਆ ਕਾ ਪੂਤੁ॥*** *ਅੰਗ - 3*

ਜਿਹਦੇ ਹਿਰਦੇ ਵਿਚ ਦਇਆ ਨਹੀਂ ਹੈ, ਜਾਨਵਰ ਮਾਰ ਮਾਰ ਕੇ ਖਾਣਾ। ਮਹਾਰਾਜ ਕਹਿੰਦੇ ਇਹ ਦਇਆ ਦਾ ਕੰਮ ਕਰਦੈ?

***ਜੀਅ ਬਧਹੁ ਤੁਮ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ॥*** *ਅੰਗ - 1103*

ਜੀਵਾਂ ਨੂੰ ਮਾਰ ਕੇ ਤੂੰ ਕਹਿੰਦਾ ਹੈਂ ਮੈਂ ਧਰਮ ਕਰਦਾ ਹਾਂ, ਦੱਸ ਭਾਈ ਪ੍ਰੇਮੀਆ!

................ ***ਅਧਰਮੁ ਕਹਹੁ ਕਤ ਭਾਈ॥***
*ਅੰਗ - 1103*

ਫਿਰ ਅਧਰਮ ਕਿਹੜੀ ਚੀਜ਼ ਨੂੰ ਕਹੇਂਗਾ? ਜੀਵਾਂ ਨੂੰ ਮਾਰ ਕੇ ਕਹਿੰਦਾ ਹੈ ਮੈਂ ਵੱਡਾ ਹਾਂ, ਮੈਂ ਗੁਰਮੁਖ ਹਾਂ, ਮੈਂ ਫਲਾਣਾ ਹਾਂ।

***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ॥*** *ਅੰਗ - 1103*

ਫਿਰ ਕਸਾਈ ਕਿਹੜਾ ਲਿਆਵੋਗੇ ਜਿਹਨੂੰ ਕਹੀਏ।

***ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥***
*ਅੰਗ - 322*

ਦੇਖੀਂ, ਦੁਖ ਨਾ ਕਿਸੇ ਨੂੰ ਸੰਸਾਰ ਵਿਚ ਦੇਈਂ, ਇਹ ਦੁਨੀਆਂ ਵਾਹਿਗੁਰੂ ਦੀ ਹੈ, ਪਤ ਨਾਲ ਜਾਏਂਗਾ, ਇਜ਼ਤ ਨਾਲ ਜਾਏਂਗਾ।

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥*** *ਅੰਗ - 283*

ਦੇ ਦਿਉ ਭਾਈ ਇਹਨੂੰ ਦੋ ਪਿੰਡ, ਕਹਿੰਦੇ ਬੇਟਾ ਫੇਰ ਨਾ ਮਾਰਿਓ ਕਿਸੇ ਦੇ, ਹੁਣ ਤਾਂ ਠੀਕ ਹੈ ਜੋ ਕੁਝ ਹੋ ਗਿਆ, ਇਹ ਤਾਂ ਸਹਿਜ ਸੁਭਾਅ ਹੋਈ ਏ ਗੱਲ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, "ਭੂਮੀਆ! ਦਇਆ ਜੀਵਾਂ ਤੇ ਕਰਨੀ, ਦਇਆ ਰੱਬ ਦੇ ਦਰ ਤੇ ਸੁਣੀ ਜਾਂਦੀ ਹੈ।

ਇਕ ਵਾਰੀ ਇਕ ਕਾਫਲਾ ਮੱਕੇ ਨੂੰ ਜਾਂਦੈ, ਸਾਰੇ ਹਾਜੀ ਜਾ ਰਹੇ ਨੇ ਪੈਦਲ ਚੱਲ ਕੇ। ਜਾਂਦੇ ਜਾਂਦੇ 60 ਕੋਹ ਰਹਿ ਗਏ ਮੱਕੇ ਤੋਂ। ਰਾਤ ਕੱਟੀ, ਰਾਤ ਕੱਟਣ ਤੋਂ ਬਾਅਦ ਸਾਰੇ ਚੱਲ ਪਏ।

ਉਥੇ ਇਕ ਬੀਬੀ ਗੁਲਾਮ ਖਰੀਦੀ ਹੋਈ ਸੀ ਸਰਦਾਰ ਨੇ, ਉਹਦਾ ਨਾਮ ਸੀ ਰਾਵੀਆ। ਉਹ ਥੋੜਾ ਪਿਛੇ ਰਹਿ ਗਈ। ਉਹਨੇ ਕੀ ਦੇਖਿਆ। ਇਕ ਕੁੱਤੀ ਕਤੂਰਿਆਂ ਨੂੰ ਲਈ ਖੂਹ ਦੀ ਮੌਣ ਦੇ ਦੁਆਲੇ ਚੱਕਰ ਕੱਟੀ ਜਾਂਦੀ ਹੈ। ਗੋਡੇ ਲਾ ਲੈਂਦੀ ਹੈ ਫਿਰ ਖੂਹ ਵਿਚ ਝਾਕਦੀ ਹੈ। ਕਤੂਰੇ ਵੀ ਝਾਕਦੇ ਨੇ, ਪਰ ਖੂਹ ਦਾ ਪਾਣੀ ਕਿਤੇ ਨੇੜੇ ਨਹੀਂ ਸੀ।

ਉਸ ਵੇਲੇ ਮਨ ਵਿਚ ਦਇਆ ਆ ਗਈ ਕਿ ਮਨਾ ਇਸ ਨੂੰ ਪਾਣੀ ਪਿਲਾ ਕੇ ਜਾਵਾਂ। ਕੱਪੜੇ ਪਾੜ ਲਏ। ਰੱਸੀ ਵੱਟ ਲਈ। ਲੇਕਿਨ ਖੂਹ ਦਾ ਪਾਣੀ ਦੂਰ ਸੀ, ਫਿਰ ਵੀ ਕੁਝ ਨਾ ਬਣਿਆ। ਸਾਰੇ ਕੱਪੜੇ ਮੁਕ ਗਏ। ਫੇਰ ਲੈ ਕੇ ਕੈਂਚੀ ਆਪਣੇ ਸਿਰ ਦੇ ਕੇਸ ਕੱਟ ਲਏ। ਉਹਦੀ ਰੱਸੀ ਵੱਟੀ। ਇਸ ਤਰ੍ਹਾਂ ਕੱਪੜਾ ਵਿਚ ਲਟਕਾਇਆ ਤੇ ਉਸ ਕੱਪੜੇ ਨੂੰ ਭਿਉ ਭਿਉਂ ਕੇ ਪਾਣੀ ਨਿਚੋੜ ਦੇਵੇ ਤਾਂ ਉਹਦੇ ਵਿਚੋਂ ਪਾਣੀ ਪੀਈ ਜਾਣ। ਕੁੱਤੀ ਤੇ ਕਤੂਰਿਆਂ ਨੇ ਪਾਣੀ ਪੀਤਾ। ਹੁਣ ਆਪਣੇ ਕੋਲ ਕੁਝ ਨਾ ਰਿਹਾ। ਇਸ ਤਰ੍ਹਾਂ ਲੱਗਦਾ ਸੀ ਕਿ ਰੱਬ ਨੂੰ ਕੁਝ ਕਹਿ ਰਹੇ ਸੀ, ਉਪਰ ਮੂੰਹ ਕਰਕੇ।

ਰਾਵੀਆ ਨੇ ਟੋਆ ਪੱਟਿਆ ਤੇ ਉਹਦੇ ਵਿਚ ਬੈਠ

ਗਈ। ਗਰਦਨ ਤੱਕ ਆਲੇ ਦੁਆਲੇ ਰੇਤਾ ਕਰ ਲਿਆ।

ਦੂਸਰੇ ਪਾਸੇ ਜਦ ਹਾਜੀ ਉਥੇ ਪਹੁੰਚਦੇ ਨੇ। ਇਬਰਾਹੀਮ ਉਸ ਵੇਲੇ ਸਾਰਿਆਂ ਦਾ ਵੱਡਾ ਸੀ। ਉਹ ਹੈਰਾਨ ਹੋ ਗਿਆ ਕਿ ਕਾਬਾ ਨਜ਼ਰ ਨਹੀਂ ਆ ਰਿਹਾ। ਗੁਰੂ ਨਾਨਕ ਸਾਹਿਬ ਨੇ ਕਾਬਾ ਫੇਰਿਆ ਸੀ। ਕਈ ਕਹਿ ਦਿੰਦੇ ਨੇ ਕਿ ਉਹ ਕਿਵੇਂ ਫੇਰਿਆ। ਇਹਨਾਂ ਦੇ ਇਤਿਹਾਸ ਵਿਚ, ਇਸਲਾਮ ਵਿਚ ਲਿਖਿਆ ਹੋਇਐ ਕਿ ਕਾਬਾ ਦਿਸੇ ਹੀ ਨਾ ਉਥੇ। ਸਾਰਿਆਂ ਨੇ ਅਰਦਾਸ ਕਰੀ ਕਿ ਹੇ ਅੱਲਾ ਤਾਲਾ ਕੀ ਸਾਥੋਂ ਭੁਲ ਹੋ ਗਈ, ਕਾਬਾ ਕਿਧਰ ਚਲਿਆ ਗਿਆ।

ਆਵਾਜ ਆਈ। ਕਹਿੰਦੇ ਐ ਮੋਮਨੋ! ਐ ਹਾਜੀਓ! ਕਾਬਾ ਹੱਜ ਕਰਨ ਗਿਆ ਹੋਇਐ।

ਕਹਿੰਦੇ, "ਮਹਾਰਾਜ! ਕਾਬਾ ਵੀ ਹੱਜ ਕਰਦਾ ਕਿਸੇ ਦਾ।"

ਕਹਿੰਦੇ, ਹਾਂ ਇਕ ਬੀਬੀ ਹੈ ਰਾਵੀਆ, ਉਸ ਨੇ ਇਕ ਨੇਕ ਕੰਮ ਕਰਿਆ, ਖੁਦਾ ਪ੍ਰਸੰਨ ਕਰ ਲਿਆ। ਉਹ ਹੱਜ ਕਰਨ ਆ ਨਹੀਂ ਸੀ ਸਕਦੀ। ਇਹ ਕਾਬਾ ਆਪ ਹੀ 60 ਕੋਹ ਚਲਿਆ ਗਿਆ। ਜਾਓ ਹੁਣ ਹੱਜ ਕਰਨਾ ਹੈ ਤਾਂ ਉਥੇ ਜਾ ਕੇ ਕਰੋ।

ਹਾਜੀ ਉਥੇ ਪਹੁੰਚ ਜਾਂਦੇ ਨੇ ਤੇ ਉਥੇ ਬੀਬੀ ਬੈਠੀ ਹੈ ਰੇਤੇ ਵਿਚ।

ਕਹਿੰਦੇ, ਬਾਹਰ ਨਿਕਲ ਆ।

ਕਹਿੰਦੀ, ਮੇਰੇ ਕੋਲ ਕੱਪੜਾ ਨਹੀਂ ਕੋਈ।

ਉਸ ਵੇਲੇ ਕੱਪੜੇ ਦਿੱਤੇ, ਸਾਰੀ ਗੱਲ ਸੁਣੀ ਉਹਦੀ ਉਹ ਗੱਲਾਂ ਇਤਿਹਾਸ ਵਿਚ ਲਿਖੀਆਂ ਹੋਈਆਂ ਨੇ ਸਾਰੀਆਂ ਹੀ। ਉਹਨਾਂ ਦੇ ਇਤਿਹਾਸ ਵਿਚ ਵੀ ਤੇ ਸਾਡੇ ਇਤਿਹਾਸ ਵਿਚ ਵੀ, ਬਈ ਦਇਆ ਪ੍ਰਮੇਸ਼ਰ ਨੂੰ ਰਜਾਉਂਦੀ ਹੈ।

ਮਹਾਰਾਜ ਕਹਿੰਦੇ –

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਅੰਗ - 136*

ਕਿਸੇ ਮਜਬੂਰ ਜੀਵ ਤੇ ਦਇਆ ਕਰ ਦੇਣੀ, 68 ਤੀਰਥਾਂ ਦਾ ਪੁੰਨ ਮਿਲਦਾ ਹੈ ਇਹਦੇ ਵਿਚ।

ਸੋ ਮਹਾਰਾਜ ਕਹਿੰਦੇ, "ਪਿਆਰਿਆ! ਇਹ ਰੂਹ ਨੂੰ ਉਚਾ ਕਰਦੇ ਨੇ, ਸੰਤੋਖ, ਅਹਿੰਸਾ, ਤਪ, ਦਾਨ, ਸੀਲ, ਸੋਚ, ਇਹ ਧਰਮ ਦੇ ਨਿਸ਼ਾਨ ਨੇ। ਭੂਮੀਆਂ ਇਹ ਜੀਵਨ ਜਿਹੜਾ ਗੁਜ਼ਾਰਦਾ ਹੈ, ਉਹ ਦਰਗਾਹ ਦੇ ਵਿਚ ਜਦੋਂ ਜਾਣੈ –

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥* *ਅੰਗ - 252*

ਉਹਦਾ ਆਦਰ ਹੁੰਦਾ ਹੈ, ਥਾਂ ਮਿਲਦਾ ਹੈ ਉਹਨਾਂ ਨੂੰ ਦਰਗਾਹ ਦੇ ਵਿਚ।

*ਅੰਤਰਿ ਗੁਰੁ ਅਰਾਧਣਾ ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥*
*ਅੰਗ - 517*

*ਧਾਰਨਾ - ਦਰਗਹ ਮਿਲਦੈ ਥਾਉਂ ਗੁਰਾਂ ਨਾਲ ਰਤਿਆ,*
*ਗੁਰਾਂ ਨਾਲ ਰੱਤਿਆ -2, 4.*

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥*
*ਅੰਗ - 517*

ਭੂਮੀਆ ਜਿਹੜੇ ਗੁਰੂ ਨਾਲ ਪਿਆਰ ਕਰਦੇ ਨੇ, ਉਹਨਾਂ ਨੂੰ ਦਰਗਾਹ ਵਿਚ ਥਾਂ ਮਿਲਦਾ ਹੈ –

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥* *ਅੰਗ - 26*

ਪਿਆਰਿਆ ਇਹ ਕੰਮ ਕਰੋ, ਜਿਹੜੇ ਦੂਸਰੇ ਕੰਮ ਨੇ, ਇਹ ਨਰਕਾਂ ਨੂੰ ਲੈ ਜਾਂਦੇ ਨੇ, ਹੰਕਾਰ ਕਰਨਾ, ਹਿੰਸਾ ਕਰਨੀ, ਤ੍ਰਿਸ਼ਨਾ ਵਿਚ ਰਹਿਣਾ, ਨਿੰਦਿਆ ਕਰਨੀ ਚੁਗਲੀਆਂ ਕਰਨੀਆਂ, ਕਪਟ ਕਰਨੇ, ਛਲ ਕਰਨੇ, ਧੋਖੇ ਕਰਨੇ, ਭੋਗਾਂ ਦੀ ਰੁਚੀ ਰਹਿਣੀ। ਕਹਿੰਦੇ ਪਿਆਰਿਆ ਇਹ ਤਾਂ ਨਰਕਾਂ ਨੂੰ ਜਾਣ ਦਾ ਰਸਤਾ ਹੁੰਦਾ ਹੈ। ਬਾਕੀ ਤੂੰ ਹੁਣ ਤੱਕ ਭੁਲੇਖੇ 'ਚ ਰਿਹਾ ਕਿ ਮੈਂ ਦਾਨ ਕਰਨਾ, ਤੇਰੇ ਸਿਰ ਤਾਂ ਪਾਪਾਂ ਦੇ ਅੰਬਾਰ ਚੜ੍ਹ ਗਏ। ਆਹ ਦੇਹੀ ਇਸ ਵਾਸਤੇ ਨਹੀਂ ਸੀ ਮਿਲੀ। ਦੇਹੀ ਮਿਲੀ ਸੀ ਪ੍ਰਮੇਸ਼ਰ ਨੂੰ ਮਿਲਣ ਵਾਸਤੇ।

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥* *ਅੰਗ - 12*
*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥* *ਅੰਗ - 1159*

ਇਹ ਤਾਂ ਗੁਰੂ ਦੀ ਸੇਵਾ ਤੇ ਨਾਮ ਜੱਪਣ ਵਾਸਤੇ ਦੇਹੀ ਮਿਲੀ ਸੀ, ਇਹ ਕਿੰਨੀ ਕੀਮਤੀ ਹੈ?

*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥* *ਅੰਗ - 1159*

ਦੇਵਤੇ ਸਵਰਗ ਲੋਕਾਂ ਵਿਚ ਬੈਠੇ ਇਸ ਦੇਹੀ ਦੀ ਵਾਸਨਾ ਕਰ ਰਹੇ ਨੇ, ਕਦੋਂ ਸਾਡਾ ਸਵਰਗ ਮੁੱਕੇ, ਕਦੋਂ ਅਸੀਂ ਮੁੜ ਕੇ ਅਸੀਂ ਮਨੁੱਖ ਬਣੀਏ। ਮਨੁੱਖ ਬਣ ਕੇ ਗੁਰੂ ਧਾਰਨ ਕਰੀਏ, ਫਿਰ ਸਤਿਸੰਗਤ ਕਰਕੇ, ਸਾਧੂਆਂ ਦੀ

ਸੰਗਤ ਕਰਕੇ, ਕਰਮ, ਉਪਾਸ਼ਨਾ, ਗਿਆਨ, ਵਿਗਿਆਨ, ਚਾਰ ਅਵਸਥਾ 'ਚੋਂ ਲੰਘ ਕੇ ਅਸੀਂ ਪ੍ਰਮੇਸ਼ਰ ਦੇ ਦਰ ਤੇ ਪ੍ਰਵਾਨ ਹੋਈਏ ਤੇ ਪ੍ਰਮੇਸ਼ਰ ਨੂੰ ਟੋਲੀਏ।

ਕਹਿੰਦੇ ਇਹ ਦੇਹੀ ਤਾਂ ਮਿਲੀ ਹੈ, ਆਹ ਕੰਮ ਕਰਨ ਵਾਸਤੇ ਨਹੀਂ ਸੀ ਮਿਲੀ ਪਿਆਰਿਆ, ਇਹ ਤਾਂ ਬਹੁਤ ਕੀਮਤੀ ਹੈ। ਇਹਨੂੰ ਤਾਂ ਵੱਡੇ ਵੱਡੇ ਦੇਵਤੇ ਲੋਚਦੇ ਨੇ। ਮਹਾਰਾਜ ਜੀ ਇਸ ਤਰ੍ਹਾਂ ਫ਼ੁਰਮਾਨ ਕਰਦੇ ਨੇ -

*ਧਾਰਨਾ - ਜਿਹੀ ਦੇਹੀ ਨੂੰ ਲੋਚਦੇ ਦੇਵਤੇ, ਉਹ ਦੇਹੀ*
*ਤੈਨੂੰ ਮਿਲ ਗਈ ਪਿਆਰਿਆ -2, 2.*

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*
*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀਂ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥*
*ਅਬ ਨ ਭਜਸਿ ਭਜਸਿ ਕਬ ਭਾਈ॥*
*ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ਅੰਗ - 1159*

ਮਿਲਿਆ ਤਾਂ ਸੀ, 84 ਲੱਖ ਜੂਨਾਂ 'ਚੋਂ ਫਿਰਦੇ ਨੂੰ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176*

ਕਿਹੜੇ ਕੰਮਾਂ ਵਿਚ ਪੈ ਗਿਆ ਪਿਆਰਿਆ। ਪ੍ਰਮੇਸ਼ਰ ਨੂੰ ਮਿਲਣਾ ਸੀ। ਪ੍ਰਮੇਸ਼ਰ ਦੂਰ ਨਹੀਂ ਹੈ। ਤੇਰੇ ਅੰਦਰ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥ ਅੰਗ - 1263*

ਇਹ ਤਾਂ ਹਉਮੈ ਦਾ ਪਰਚਾ ਪੈ ਗਿਆ। ਇਸ ਸਰੀਰ ਦੇ ਵਿਚ ਵਾਹਿਗੁਰੂ ਵਸਦਾ ਹੈ। ਬਾਹਰੋਂ ਨਹੀਂ ਮਿਲਣਾ ਕਿ ਕਿਥੋਂ ਟੋਲਾਂਗੇ, ਜਿਹਨੂੰ ਮਿਲਣਾ ਉਹਦਾ ਪਹਿਲਾਂ ਪਤਾ ਹੋਣਾ ਚਾਹੀਦੈ, ਬਈ ਕਿਥੇ ਰਹਿੰਦਾ ਹੈ। ਟੈਲੀਫੋਨ ਕਰਨਾ, ਟੈਲੀਫੋਨ ਨੰਬਰ ਪਤਾ ਹੋਣਾ ਚਾਹੀਦਾ ਹੈ। ਕਿਸੇ ਨੂੰ ਚੰਡੀਗੜ੍ਹ ਮਿਲਣਾ ਹੋਵੇ ਘਰ ਦਾ ਪਤਾ ਹੋਵੇ ਸੈਕਟਰ ਦਾ ਪਤਾ ਹੋਵੇ, ਤਾਂ ਜਾ ਕੇ ਮਿਲ ਸਕਦਾ ਹੈ, ਨਹੀਂ ਤਾਂ ਮਿਲ ਨਹੀਂ ਸਕਦਾ। ਚਾਹੇ ਜਿੰਨਾ ਘੁੰਮੀ ਜਾਵੋ। ਏਸੇ ਤਰ੍ਹਾਂ ਦੇ ਨਾਲ ਮਿਲਣਾ ਤਾਂ ਪ੍ਰਮੇਸ਼ਰ ਨੂੰ ਹੈ। ਪ੍ਰਮੇਸ਼ਰ ਹੈ ਕਿਥੇ ਜਿਸ ਨੂੰ ਮਿਲਣੈ? ਇਹ ਵੀ ਸਵਾਲ ਹੈ ਨਾ ਸਾਡੇ ਸਾਹਮਣੇ।

ਮਹਾਰਾਜ ਜੀ ਕਹਿੰਦੇ ਪਿਆਰਿਆ ਪ੍ਰਮੇਸ਼ਰ ਦੂਰ ਨਹੀਂ, ਤੇਰੇ ਅੰਦਰ ਵਾਹਿਗੁਰੂ ਵਸਦਾ ਹੈ।

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥ ਅੰਗ - 1033*

ਆਹ ਕਾਇਆ ਦਾ ਨਗਰ ਹੈ ਨਾ ਜਿਹੜਾ, ਇਹ ਬੜਾ ਵਚਿੱਤਰ ਨਗਰ ਹੈ, ਇਹਦੇ ਵਿਚ 2 ਖਰਬ, 15 ਅਰਬ ਸੈਲ ਲੱਗਿਆ ਹੋਇਆ ਹੈ। ਜਿਵੇਂ ਇੱਟਾਂ ਲਾ ਕੇ ਆਪਾਂ ਮਕਾਨ ਬਣਾਉਂਦੇ ਹਾਂ। ਆਪਾਂ 2 ਕੁ ਲੱਖ ਇੱਟ ਲਾ ਦਈਏ, ਕਹਿ ਦਿੰਦੇ ਹਾਂ ਬੜਾ ਵੱਡਾ ਮਕਾਨ ਬਣਿਆ ਹੈ। ਇਹ ਰੱਬ ਨੇ 2 ਖਰਬ, 15 ਅਰਬ ਇੱਟਾਂ ਲਾਈਆਂ। ਸੈਲ ਕਹਿੰਦੇ ਨੇ ਇਹਨੂੰ। 72 ਕਰੋੜ, 72 ਲੱਖ, 72 ਹਜ਼ਾਰ, ਦੋ ਸੋ blood channels ਖ਼ੂਨ ਚੱਲਣ ਵਾਲੀਆਂ ਨਾੜੀਆਂ ਲਾਈਆਂ ਹੋਈਆਂ। ਜਿਹਨਾਂ ਦੇ ਵਿਚੋਂ ਕਿਤੇ ਵੀ ਨਹੁੰ ਮਾਰ ਕੇ ਦੇਖ ਲਓ, ਉਥੋਂ ਹੀ ਖ਼ੂਨ ਨਿਕਲ ਆਏਗਾ। ਸੂਛਮ ਨਾੜੀਆਂ ਨੇ ਬਹੁਤ ਜਿਆਦਾ, ਤੰਤੂ ਨੇ ਇਹ, ਵਾਲਾਂ ਤੋਂ ਵੀ ਬਰੀਕ। ਫਿਰ ਇਹਦੇ ਵਿਚ 5 ਪ੍ਰਾਣ ਨੇ, 5 ਮੋਟਰਾਂ ਲੱਗੀਆਂ ਹੋਈਆਂ ਨੇ। ਇਕ ਪ੍ਰਾਣ, ਉਪਾਨ, ਉਦਿਆਨ, ਸਿਆਨ ਹੈ, ਇਕ ਤਾਂ ਉਹ ਹੈ ਬਾਹਰ ਨੂੰ ਹਵਾ ਆਉਂਦੀ ਹੈ ਅੰਦਰ ਨੂੰ ਜਾਂਦੀ ਹੈ। ਇਸ ਨੂੰ ਪ੍ਰਾਣ ਕਹਿੰਦੇ ਹਨ।

ਦੂਸਰਾ ਉਦਿਆਨ ਹੈ, ਦਿਲ ਨੂੰ ਹਰ ਵਕਤ ਚਲਾ ਕੇ ਰੱਖਦੈ।

ਤੀਸਰਾ ਮਿਹਦੇ ਵਿਚ ਕੰਮ ਕਰਦਾ ਹੈ। ਖਾਣਾ ਥਾਂ ਥਾਂ ਤੇ ਪਹੁੰਚਾਉਂਦਾ ਹੈ, ਅੱਖ ਦੁਖਦੀ ਹੋਵੇ ਦਵਾਈ ਖਾ ਲਓ, ਅੱਖਾਂ ਤੇ ਹੀ ਪਹੁੰਚਾਊ ਹੋਰ ਨਹੀਂ ਕਿਤੇ ਪਹੁੰਚਾਊ।

ਚੌਥਾ ਉਹ ਹੈ ਜੋ ਹਰ ਵਕਤ ਮੈਲ ਬਾਹਰ ਕੱਢਦਾ ਹੈ। ਸਾਢੇ ਤਿੰਨ ਕਰੋੜ ਰੋਮ ਹਨ, ਹਰ ਵਕਤ ਬਾਹਰ ਕੱਢੀ ਜਾਂਦਾ ਹੈ। ਜ਼ਹਿਰ ਹੁੰਦੀ ਹੈ ਜੇ ਅੰਦਰ ਰਹਿ ਜਾਵੇ ਤਾਂ ਆਦਮੀ ਮਰ ਜਾਂਦਾ ਹੈ।

ਪੰਜਵਾਂ ਟੈਮਪ੍ਰੇਚਰ ਸੈਟ ਰੱਖਦਾ ਹੈ 98 ਡਿਗਰੀ ਤੇ ਘੱਟ ਜਾਵੇ ਤਾਂ ਕਹਿੰਦੇ ਨੇ ਕਿ ਬੀ.ਪੀ. ਲੋਅ ਹੋ ਗਿਆ। ਵੱਧ ਜਾਵੇ ਕਹਿੰਦੇ ਬੁਖ਼ਾਰ ਹੋ ਗਿਆ ਜੀ। ਹੁਣ ਨਹੀਂ ਇਹ ਬਚਦਾ।

ਇਹ ਪੰਜ ਪ੍ਰਾਣ ਪ੍ਰਮੇਸ਼ਰ ਨੇ ਦਿੱਤੇ ਹੋਏ ਨੇ। ਇਹਨਾਂ ਦੇ ਉਤੇ ਮਨ ਹੈ, ਜਿਹੜਾ ਫੁਰਨੇ ਕਰਕੇ ਸਰੀਰ ਨੂੰ ਚਲਾਉਂਦਾ ਹੈ। ਉਹਦੇ ਉਪਰ ਬੁੱਧੀ ਹੈ, ਬੁੱਧੀ ਹਰ ਵਕਤ

ਦੇਖਦੀ ਹੈ ਕਿ ਮਨ ਦਾ ਫੁਰਨਾ ਗਲਤ ਹੈ ਕਿ ਨਹੀਂ। ਮਨ ਕਹੇਗਾ ਤੋੜ ਲਓ ਫਲਾਣੀ ਚੀਜ਼, ਚੱਕ ਲਓ। ਬੁੱਧੀ ਕਹਿੰਦੀ ਫਸ ਜਾਏਗੀ, ਦੇਖ ਲੈ ਜੇ ਕਿਸੇ ਨੇ ਦੇਖ ਲਿਆ, ਸਜਾ ਮਿਲੇਗੀ। ਉਹਦੇ ਉਪਰ ਚਿੱਤ ਹੈ। ਜਿਹਦੇ ਵਿਚ ਸੰਵੇਦਨਾ ਹੈ, ਜੋ ਕਹਿੰਦਾ ਕਿ ਅੱਜ ਮੇਰਾ ਚਿੱਤ ਠੀਕ ਨਹੀਂ ਹੈ, ਅੱਜ ਮੇਰਾ ਚਿੱਤ ਬੜਾ ਪ੍ਰਸੰਨ ਹੋਇਆ ਤੈਨੂੰ ਮਿਲ ਕੇ। ਉਹਦੇ ਉਪਰ ਮੈਂ ਹੈ, ਜਿਹੜੀ ਝੂਠੀ ਮਾਇਆ ਪਰਛਾਵੇ ਵਾਲੀ, ਇਹ ਝੂਠੀ ਮੈਂ ਤੇ ਪ੍ਰਮੇਸ਼ਰ ਹੈ ਜਿਹਦੀ ਸ਼ਕਤੀ ਦੇ ਨਾਲ ਇਹ ਸਰੀਰ ਚੱਲ ਰਿਹਾ ਹੈ। ਮਹਾਰਾਜ ਕਹਿੰਦੇ, ਪਿਆਰਿਆ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥* *ਅੰਗ - 1033*

ਸੱਚਾ ਵਸਦਾ ਇਹਦੇ ਅੰਦਰ –

*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥* *ਅੰਗ - 1033*

ਇੰਨੀ ਕੁ ਗੱਲ ਮੰਨ ਲਓ ਨਾ ਗੁਰੂ ਸਾਹਿਬ ਦੀ ਬਈ ਵਾਹਿਗੁਰੂ ਸਾਡੇ ਅੰਦਰ ਵਸਦੈ।

ਫਿਰ ਮੈਂ ਦੂਜੀ ਬੇਨਤੀ ਵੀ ਕਰ ਦਿੰਦਾ ਹਾਂ ਕਿ ਜੇ ਇਹ ਮੰਨ ਲਈ, ਦੂਜੀ ਵੀ ਮੰਨ ਲਉ –

*ਸੋ ਅੰਤਰਿ ਸੋ ਬਾਹਰਿ ਅਨੰਤ॥* *ਅੰਗ - 293*

ਜਿਹੜਾ ਅੰਦਰ ਵੀ ਹੈ, ਉਹ ਬਾਹਰ ਵੀ ਹੈ।

*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਅੰਗ - 293*

ਹਰ ਥਾਂ ਤੇ ਵਾਹਿਗੁਰੂ ਹੈ।

*ਧਰਨਿ ਮਾਹਿ ਆਕਾਸ ਪਇਆਲ॥* *ਅੰਗ - 293*

ਅਕਾਸ਼ ਵਿਚ, ਆਹ ਖਾਲੀ ਥਾਂ ਵਿਚ, ਅਸਮਾਨਾਂ ਵਿਚ ਜਿਥੇ ਤੱਕ ਤੁਸੀਂ ਸੋਚਦੇ ਹੋ, ਹਰ ਥਾਂ ਤੇ ਉਹੀ ਹੈ।

*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥* *ਅੰਗ - 294*

ਆਹ ਮੰਨ ਲੈ ਭੂਮੀਆ ਰੱਬ ਅੰਦਰ ਵੀ ਹੈ ਤੇ ਬਾਹਰ ਵੀ ਹੈ, ਅੰਦਰ ਦਿਸਦੈ, ਜਿਸਨੂੰ ਅੰਦਰੋਂ ਦਿਸ ਜਾਵੇ, ਉਸਨੂੰ ਬਾਹਰ ਵੀ ਦਿਸਦਾ ਹੈ, ਕਿਉਂ ਦਿਸਦਾ ਹੈ? ਗਿਆਨ ਦਾ ਸੁਰਮਾ ਮੋਤੀਆ ਬਿੰਦ ਆਇਆ ਸਾਡੀਆਂ ਅੱਖਾਂ ਤੇ ਉਹ ਜਦੋਂ ਭਜਨ ਕਰਦਾ ਹੈ, ਨਾਮ ਜਪਦਾ ਹੈ, ਨਾਮ ਜਪ ਕੇ ਜਦੋਂ ਗੁਰੂ ਗਿਆਨ ਦਿੰਦਾ ਹੈ –

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*
*ਅੰਗ - 293*

ਕਹਿੰਦੇ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ –

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥* *ਅੰਗ - 407*

ਅੱਖ ਖੁਲ੍ਹ ਗਈ, ਕੀ ਦੇਖਦਾ ਹੈ? ਇਥੇ ਤਾਂ ਵਾਹਿਗੁਰੂ ਬਿਨਾ ਹੈ ਨਹੀਂ ਕੋਈ।

ਭਾਈ ਘਨਈਆ ਦੀ ਅੱਖ ਖੁਲ੍ਹ ਗਈ। ਸਭ ਨੂੰ ਪਾਣੀ ਪਿਲਾਉਂਦਾ ਰਿਹਾ ਹੈ।

ਸ਼ਿਕਾਇਤ ਹੋਈ, ਗੁਰੂ ਸਾਹਿਬ ਨੇ ਪੁਛਿਆ।

ਕਹਿੰਦਾ, ਸੱਚੇ ਪਾਤਸ਼ਾਹ ਮੈਂ ਤਾਂ ਤੇਰੇ ਬਿਨਾਂ ਕਿਸੇ ਨੂੰ ਨਹੀਂ ਪਾਣੀ ਪਿਲਾਇਆ।

ਮਹਾਰਾਜ ਜੀ ਨੇ ਉਠ ਕੇ ਬੁੱਕਲ ਵਿਚ ਲੈ ਲਿਆ।

ਕਹਿੰਦੇ, ਘਨਈਆ ਨਿਹਾਲ, ਨਿਹਾਲ, ਨਿਹਾਲ, ਤੈਂ ਗੁਰੂ ਨਾਨਕ ਦੀ ਸਿੱਖੀ ਕਮਾ ਲਈ, ਹੁਣ ਇਕੱਲਾ ਮੈਨੂੰ ਪਾਣੀ ਨਾ ਪਿਲਾਈਂ, ਮਲ੍ਹਮ ਵੀ ਲਾਈਂ ਤੇ ਪੱਟੀਆਂ ਵੀ ਕਰੀਂ, ਕਿਉਂਕਿ ਅੱਖ ਖੁਲ ਗਈ।

ਮਹਾਰਾਜ ਕਹਿੰਦੇ, ਪਿਆਰਿਆ ਉਹ ਅੰਦਰ ਰਹਿੰਦਾ ਹੈ।

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥*
*ਅੰਗ - 1033*

ਕਹਿੰਦੇ, ਲੇਕਿਨ ਜਿਥੇ ਉਹ ਰਹਿੰਦਾ ਉਥੇ ਬਜਰ ਕਪਾਟ ਲੱਗੇ ਹੋਏ ਨੇ, ਇਹ ਜਿੰਨੀ ਦੇਰ ਤੱਕ ਨਾਮ ਰੂਪੀ ਕੁੰਜੀ ਪੂਰੇ ਗੁਰੂ ਤੋਂ ਨਹੀਂ ਮਿਲਦੀ, ਉਨਾ ਚਿਰ ਨਹੀਂ ਖੁਲਦੇ।

ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

*ਧਾਰਨਾ - ਖੁਲ ਜਾਂਦੇ ਨੇ ਬਜਰ ਕਪਾਟ ਬਜਰ ਘਰ ਦੇ,*
*ਨਾਮ ਦੀਆਂ ਲਾ ਕੇ ਚਾਬੀਆਂ -2, 4.*

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਅੰਗ - 954*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥*
*ਅੰਗ - 947*

ਭੂਮੀਆ ਉਹ ਵਾਹਿਗੁਰੂ ਤਾਂ ਇੰਤਜਾਰ ਕਰਦਾ ਹੈ ਸਾਰਿਆਂ ਦਾ।

ਕਹਿੰਦੇ ਨੇ ਹਜੂਰ ਸਾਹਿਬ ਸਿੱਖ ਦਾ ਗੁਰੂ ਸਾਹਿਬ ਇੰਤਜਾਰ ਕਰਦੇ ਨੇ।

ਲੇਕਿਨ ਜੋ ਬਾਣੀ ਦੇ ਅਨੁਸਾਰ ਹੈ, ਉਹ ਇਹ ਹੈ ਕਿ ਪ੍ਰਮੇਸ਼ਰ ਇੰਤਜਾਰ ਕਰਦਾ ਹੈ ਸਰੀਰ ਵਿਚ ਬੈਠਾ ਕਿ ਹੁਣ ਆਇਆ, ਹੁਣ ਆਇਆ ਤੇ ਨਾਲ ਦੱਸਦਾ ਹੈ ਕਿ ਚਾਬੀ ਗੁਰੂ ਕੋਲ ਹੈ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥*** ***ਅੰਗ - 205***

ਨਹੀਂ ਖੁਲਦੇ ਬਜਰ ਕਪਾਟ ਜਿੰਨਾ ਚਿਰ ਨਾਮ ਦੀ ਚਾਬੀ ਨਾ ਲਵੇ ਗੁਰੂ ਤੋਂ –

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥*** ***ਅੰਗ - 124***

ਪੂਰੇ ਭਾਗ ਹੋਣ ਤਾਂ ਗੁਰੂ ਤੋਂ ਨਾਮ ਮੰਤਰ ਮਿਲਦੈ, ਜਿਹਨੂੰ ਨਹੀਂ ਮਿਲਦਾ, ਕਹਿੰਦੇ –

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਅੰਗ - 1356***

ਜਿਸਨੇ ਗੁਰੂ ਤੋਂ ਮੰਤਰ ਨਹੀਂ ਲਿਆ। ਕਹਿੰਦੇ ਧਿਰਕਾਰ ਯੋਗ ਹੈ ਉਹਦਾ ਜਨਮ ਤਾਂ ਭ੍ਰਿਸਟਿਆ ਹੋਇਆ ਹੈ।

***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਅੰਗ - 1356***

ਕੁੱਤੇ, ਬਿੱਲੇ, ਸੂਰ, ਸਭ ਕਾਂ ਤੇ ਗਧਿਆ ਵਰਗਾ ਬੰਦਾ ਹੈ ਜਿਹਨੂੰ ਮੰਤਰ ਨਹੀਂ ਮਿਲਿਆ। ਜਿਹੋ ਜਿਹਾ ਸੰਸਾਰ ਤੇ ਆਇਆ, ਜਿਹੋ ਜਿਹਾ ਨਾ ਆਇਆ। ਆ ਕੇ ਮਾੜੇ ਕਰਮ ਕਰਕੇ ਸਗੋਂ ਮਾੜੇ ਲੇਖ ਬੀਜ ਕੇ ਦਰਗਾਹ ਵਿਚ ਦੁਖੀ ਹੋਣ ਲਈ ਚਲਿਆ ਗਿਆ।

ਕਹਿੰਦੇ ਭੂਮੀਆ ਅੰਦਰ ਵਸਦੈ –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਅੰਗ - 954***

ਆਹ ਸਰੀਰ ਦੇ ਨੌਂ ਦਰਵਾਜੇ ਬਾਹਰ ਨੂੰ ਖੁਲਦੇ ਨੇ, ਦੋ ਅੱਖਾਂ, ਦੋ ਕੰਨ, ਨੱਕ, ਜੁਬਾਨ ਤੇ ਮਲ ਮੂਤਰ ਦੇ ਇੰਦਰੇ ਇਹ ਬਾਹਰ ਨੂੰ ਜਾਂਦੇ ਨੇ, ਇਹਨਾਂ ਦੇ ਅੰਦਰ ਇਕ ਦਿਵ ਨੇ, ਉਹ ਬੰਦ ਪਏ ਨੇ ਸਾਰਿਆਂ ਦੇ, ਦਿਵ ਨੇਤਰ ਨੇ, ਦਿਵ ਕੰਨ ਨੇ, ਦਿਵ ਨਾਸਕ ਨੇ, ਦਿਵ ਸਪਰਸ਼ ਹੈ, ਦਿਵ ਰਸਨਾ ਹੈ। ਉਹ ਜਦੋਂ ਖੁਲ ਜਾਂਦੇ ਨੇ, ਉਹਦੀ ਗੱਲ ਉਹੋ ਜਾਣਦੇ ਨੇ, ਦੂਸਰੇ ਨੂੰ ਦੱਸੀ ਨਹੀਂ ਜਾਂਦੀ, ਕਿਉਂਕਿ ਜਿਸਨੇ ਦੇਖਿਆ ਹੀ ਨਹੀਂ, ਉਸਨੂੰ ਦੱਸੇ ਕੀ?

ਕਹਿੰਦੇ ਬੰਦ ਨੇ ਇਹ –

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅੰਗ - 954***

ਜੇ ਤਾਂ ਗੁਰੂ ਤੋਂ ਸ਼ਬਦ ਲੈ ਲਿਆ ਵਾਹਿਗੁਰੂ ਮੰਤਰ, ਰਾਮ, ਅੱਲਾ, ਜੋ ਵੀ ਗੁਰੂ ਹੈ, ਦਿੱਤਾ ਕਿਸੇ ਨੇ। ਕਹਿੰਦੇ ਜੇ ਉਹਦਾ ਜਾਪ ਕਰੇ ਫਿਰ ਇਹ ਖੁਲ ਜਾਇਆ ਕਰਦੇ ਨੇ। ਨਿਸ਼ਾਨੀ ਕੀ ਹੈ?

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਅੰਗ - 954***

ਬਗੈਰ ਵਜਾਏ ਹੋਏ ਵਾਜਿਆਂ ਦੀ ਆਵਾਜ਼ ਅਨਮੜਿਆ ਮੰਦਰ ਵਾਜੇ। ਅੰਦਰ ਆਵਾਜ਼ ਹੈ, ਐਸੀ ਸੁਰੀਲੀ ਆਵਾਜ ਹੈ।

***ਅਨਹਤ ਬਾਣੀ ਥਾਨੁ ਨਿਰਾਲਾ॥***
***ਤਾ ਕੀ ਧੁਨਿ ਮੋਹੇ ਗੋਪਾਲਾ॥*** ***ਅੰਗ - 186***

ਵਾਹਿਗੁਰੂ ਵੀ ਮੋਹਿਆ ਪਿਆ, ਉਸ ਆਵਾਜ ਨੇ, ਇੰਨਾ ਸੰਗੀਤ ਹੈ ਉਹਦੇ ਵਿਚ।

ਕਹਿੰਦੇ ਉਹ ਵਜਦੇ ਨੇ ਪਿਆਰਿਆ ਅੰਦਰ ਤੇ ਸੁਣਦਾ ਕੀ ਹੈ?

ਉਹ ਸ਼ਬਦ ਜਿਹੜਾ ਵਾਹਿਗੁਰੂ ਦੇ ਮੁਖ ਤੋਂ ਪਹਿਲੇ ਦਿਨ ਨਿਕਲਿਆ।

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ ਦੀ ਵਾਰ 26/2***

ਓਅੰਕਾਰ ਦਾ ਨਾਉ ਰੱਖ ਦਿੱਤਾ।

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ॥***

ਉਹ ਧੁਨ ਐਸੀ ਹੈ।

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥*** ***ਅੰਗ - 879***

ਕਹਿੰਦੇ ਨਿਸ਼ਾਨੀ ਹੈ ਉਥੇ –

***ਤਿਤੁ ਘਟ ਅੰਤਰਿ ਚਾਨਣਾ ..............॥***
***ਅੰਗ - 954***

ਹਨੇਰਾ ਨਹੀਂ ਹੈ, ਪ੍ਰਕਾਸ਼ ਹੈ ਉਥੇ –

***.............. ਕਰਿ ਭਗਤਿ ਮਿਲੀਜੈ॥*** ***ਅੰਗ - 954***

ਜਦੋਂ ਪ੍ਰਕਾਸ਼ ਹੋ ਗਿਆ, ਦਿਸਦਾ ਕੀ ਏ?

***ਸਭਿ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਅੰਗ - 954***

ਜਿਸਨੇ ਸੰਸਾਰ ਰਚਿਆ, ਹਰੇਕ ਦੇ ਅੰਦਰ ਵਸ ਰਿਹਾ ਹੈ–

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਅੰਗ - 947***

ਕਹਿੰਦੇ ਭੂਮੀਆ ਆਇਆ ਤਾਂ ਇਹ ਕੰਮ ਕਰਨ ਵਾਸਤੇ ਸੀ, ਪਰ ਕਿਹੜੀਆਂ ਗੱਲਾਂ ਵਿਚ ਪੈ ਗਿਆ।

ਉਸ ਵੇਲੇ ਭੂਮੀਆ ਬੇਹਾਲ ਹੋ ਗਿਆ, ਹੰਝੂ ਨਹੀਂ ਠਹਿਰ ਰਹੇ। ਉਠ ਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਢਹਿ ਪਿਆ।

ਕਹਿੰਦਾ, ਪਾਤਸ਼ਾਹ ਮੇਰੇ ਵਰਗਾ ਪਾਪੀ ਕੋਈ ਨਹੀਂ ਹੈ ਸੰਸਾਰ ਦੇ ਅੰਦਰ ਤੇ ਤੇਰੇ ਵਰਗਾ ਕੋਈ ਬਖਸ਼ਣ ਵਾਲਾ ਵੀ ਨਹੀਂ ਮਿਲਿਆ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ–

*ਧਾਰਨਾ - ਤੇਰੇ ਵਰਗਾ ਨਾ ਦਇਆਲ ਸੱਚੇ ਪਾਤਸ਼ਾਹ,*
*ਮੇਰੇ ਵਰਗਾ ਪਾਪੀ ਕੋਈ ਨਾ -2, 2.*
*ਮੇਰੇ ਵਰਗਾ ਓ, ਪਾਪੀ ਕੋਈ ਨਾ -2, 2.*
*ਤੇਰੇ ਵਰਗਾ ਨਾ ਦਇਆਲ ਸੱਚੇ ਪਾਤਸ਼ਾਹ,. -2.*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਮਾਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥*
*ਭਾਈ ਗੁਰਦਾਸ ਜੀ ਦੀ ਵਾਰ 36/21*

ਪਾਤਸ਼ਾਹ! ਤੈਂ ਮੈਨੂੰ ਜਗਾ ਦਿੱਤਾ, ਮੇਰੇ ਨੇਤਰ ਖੋਲ ਦਿੱਤੇ। ਮਹਾਰਾਜ ਕਹਿੰਦੇ, ਭੂਮੀਆ ਮਨ ਸੱਚਾ ਹੋਣਾ ਚਾਹੀਦਾ ਹੈ, ਕਪਟ ਨਹੀਂ ਹੋਣਾ ਚਾਹੀਦਾ –

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥*
*ਅੰਗ - 468*

ਭੂਮੀਆ! ਦੂਸਰੀ ਰਹਿਤ ਹੈ ਵਾਹਿਗੁਰੂ ਨਾਲ ਪਿਆਰ, ਜੇ ਪਿਆਰ ਨਹੀਂ ਹੈ ਫਿਰ ਮਿਲਾਂਗੇ ਕਿਵੇਂ? ਪਿਆਰ ਹੋਣਾ ਚਾਹੀਦਾ ਹੈ –

*ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ*
*ਤਿਨ ਹੀ ਪ੍ਰਭੁ ਪਾਇਓ॥ ਤ੍ਵਪ੍ਰਸਾਦਿ ਸ੍ਵਯੇ*
*ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥*
*ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥*
*ਅੰਗ - 468*

ਕਿਸੇ ਨੇ ਅੱਲਾ ਕਹਿ ਦਿੱਤਾ, ਖੁਸ਼ ਹੋਣਾ ਚਾਹੀਦਾ ਹੈ ਕਿ ਮੇਰੇ ਪਿਆਰੇ ਦਾ ਨਾਉਂ ਲੈਂਦਾ ਹੈ, ਰਾਮ ਕਹਿ ਦਿੱਤਾ ਖੁਸ਼ ਹੋਣਾ ਚਾਹੀਦਾ ਹੈ, God ਕਹਿ ਦਿੱਤਾ ਖੁਸ਼ ਹੋਣਾ ਚਾਹੀਦਾ ਹੈ। ਇਹ ਨਹੀਂ ਕਿ ਲੜਾਈ ਕਰੋ.

*ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥*
*ਅੰਗ - 468*

ਫਿਰ ਇਸ ਸਰੀਰ ਨੂੰ ਸੋਧ ਲੈ, ਇਹਦੇ ਵਿਚੋਂ ਵਿਕਾਰ ਕੱਢ ਦੇ, ਝੂਠ, ਨਿੰਦਿਆ, ਚੁਗਲੀ, ਈਰਖਾ, ਬਖੀਲੀ ਇਹਦੇ ਵਿਚ ਸਤਗੁਣ ਦਾ ਪ੍ਰਵੇਸ਼ ਕਰ ਲੈ –

*ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥*
*ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ॥*
*ਅੰਗ - 468*

ਜ਼ਮੀਨ ਸੋਧਦਾ ਹੁੰਦਾ ਹੈ ਨਾ।

ਕਹਿੰਦਾ, ਹਾਂ ਜੀ।

ਕਹਿੰਦੇ, ਇਵੇਂ ਹੀ ਸਰੀਰ ਦੀ ਜਮੀਨ ਸੋਧੀਦੀ ਹੈ। ਫਿਰ ਇਹਦੇ ਵਿਚ ਵਾਹਿਗੁਰੂ ਮੰਤਰ ਦਾ ਬੀਜ ਪਾ ਦਈਦਾ ਹੈ, ਫਿਰ ਸੱਚੀ ਸਿਖਿਆ ਹੋਵੇ ਕਿ ਵਾਹਿਗੁਰੂ ਸਭਨਾ ਦੇ ਅੰਦਰ ਹੈ, ਬਾਹਰ ਨਹੀਂ ਹੈ –

*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥*
*ਅੰਗ - 468*

ਫਿਰ ਆਤਮ ਸਥਿਤੀ ਹੈ, ਦੇਹ ਅਧਿਆਸ ਨਹੀਂ ਹੋਣਾ ਚਾਹੀਦਾ, ਆਪਣੇ ਆਪ ਨੂੰ ਮੈਂ ਆਤਮਾ ਹਾਂ, ਸਰੀਰ ਨਹੀਂ ਹਾਂ ਮੈਂ। ਤਿੰਨਾਂ ਸਰੀਰਾਂ 'ਚੋਂ ਕੋਈ ਸਰੀਰ ਨਹੀਂ। ਤਿੰਨਾਂ ਗੁਣਾਂ ਵਿਚੋਂ, ਰਜੋ, ਤਮੋ, ਸਤੋ ਮੈਂ ਕੋਈ ਨਹੀਂ। ਪ੍ਰਾਣ ਮੈਂ ਕੋਈ ਨਹੀਂ ਹਾਂ, ਮਨ ਨਹੀਂ ਹਾਂ, ਬੁੱਧੀ ਨਹੀਂ ਹਾਂ, ਮੈਂ ਚਿਤ ਨਹੀਂ ਹਾਂ, ਮੈਂ ਤਾਂ ਇਸ ਸਰੀਰ ਨੂੰ ਚਲਾਉਣ ਵਾਲੀ ਆਤਮਾ ਹਾਂ।

ਮਹਾਰਾਜ ਕਹਿੰਦੇ – ਆਹ ਵਿਸ਼ਵਾਸ ਹੋਵੇ –

*ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥*
*ਅੰਗ - 468*

ਫੇਰ ਪਿਆਰਿਆ ਇਹ ਦਾਰੂ ਬਣ ਜਾਂਦਾ ਹੈ।

*ਸਚਿ ਸਭਨਾ ਹੋਇ ਦਾਰੂ .............॥*
*ਅੰਗ - 468*

ਕੰਮ ਕੀ ਕਰਨੈ ਇਸਨੇ –

*............. ਪਾਪ ਕਢੈ ਧੋਇ॥*
*ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥*
*ਅੰਗ - 468*

ਪਰਮੇਸ਼ਰ ਦਾ ਨਾਮ ਰਸਨਾ ਨਾਲ ਜਪਿਆ ਜਾਂਦਾ ਹੈ, ਸੁਆਸਾਂ ਨਾਲ ਜਪਿਆ ਜਾਂਦਾ ਹੈ, ਰੋਮ ਰੋਮ ਨਾਲ ਜਪਿਆ ਜਾਂਦਾ ਹੈ, ਤ੍ਰਿਕੁਟੀ ਵਿਚ ਜਪਿਆ ਜਾਂਦਾ ਹੈ, ਬੈਖਰੀ ਬਾਣੀ ਵਿਚ ਜਪਿਆ ਜਾਂਦਾ ਹੈ, ਮੱਧਮਾ ਬਾਣੀ ਵਿਚ, ਪਸੰਤੀ ਵਿਚ, ਪਰਾ ਬਾਣੀ ਵਿਚ, ਦਸਵੇਂ ਦੁਆਰ ਵਿਚ ਜਪਿਆ ਜਾਂਦਾ ਹੈ।

ਕਹਿੰਦੇ ਜੁਗਤ ਆ ਜਾਂਦੀ ਹੈ ਭੂਮੀਆ, ਜਪਦੇ ਜਪਦੇ ਨੂੰ। ਜਦ ਲਗਾਤਾਰ ਯਾਦ ਵਿਚ ਮਨ ਆਵੇ, ਫਿਰ ਸਮਝ

ਲੈ ਕਿ ਨਾਮ ਵਿਚ ਵਾਸਾ ਕਰ ਲਿਆ, ਜਦੋਂ ਨਾਮ ਵਿਚ ਵਾਸਾ ਕਰ ਲਿਆ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥*** ***ਅੰਗ - 649***

ਸਾਰੀਆਂ ਹੀ ਸ਼ਕਤੀਆਂ, ਫਿਰ ਸ੍ਰਿਸ਼ਟੀ ਦਾ ਰਾਜ ਹੁੰਦਾ –

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਅੰਗ - 707***

ਫਿਰ ਮੰਗਤਾ ਨਹੀਂ ਹੁੰਦਾ।

ਸੋ, ਪਿਆਰਿਆ ਨਾਮ ਜਪ, ਨਾਮ ਨੇ ਹਉਮੈ ਦਾ ਖ਼ਾਤਮਾ ਕਰਨਾ ਹੈ, ਫਿਰ ਹਉਮੈ ਦਾ ਪਰਦਾ ਟੁਟਦੇ ਸਾਰ ਸਾਰੇ ਹੀ ਪ੍ਰਮੇਸ਼ਰ ਨਜ਼ਰ ਆ ਜਾਂਦਾ ਹੈ।

ਬੜਾ ਉਚਾ ਉਪਦੇਸ਼ ਦੇ ਕੇ, ਉਸੇ ਵੇਲੇ ਮਹਾਰਾਜ ਕਹਿਣ ਲੱਗੇ, "ਹੋ ਸਾਵਧਾਨ! ਦੇਖ, ਤੈਨੂੰ ਰਹਿਤਾਂ ਦੱਸਦੇ ਹਾਂ, ਉਹ ਰਹਿਤਾਂ ਤੇ ਪੱਕਾ ਰਹੀਂ।"

ਕਹਿੰਦਾ, "ਦੱਸੋ ਮਹਾਰਾਜ"

ਕਹਿੰਦੇ, "ਦ੍ਰਿੜ੍ਹ ਹੈਂ।"

ਕਹਿੰਦਾ, "ਹਾਂ।"

ਕਹਿੰਦੇ, "ਪਹਿਲੀ ਗੱਲ ਤਾਂ ਇਹ ਕਿ ਗਰੀਬ ਮਾਰ ਨਹੀਂ ਕਰਨੀ ਹੈ।"

ਕਹਿੰਦਾ, "ਠੀਕ ਹੈ ਮਹਾਰਾਜ।"

ਕਹਿੰਦੇ, "ਭੂਮੀਆ! ਅਸੀਂ ਤੈਨੂੰ ਚੋਰੀ ਤੋਂ ਨਹੀਂ ਹਟਾਉਂਦੇ, ਕਿਉਂਕਿ ਤੇਰਾ ਪੁਸ਼ਤ ਦਰ ਪੁਸ਼ਤ ਸੁਭਾਅ ਬਣ ਗਿਆ, ਪਰ ਇਕ ਗੱਲ ਕਹਿੰਦੇ ਹਾਂ ਕਿ ਚੋਰੀ ਗਰੀਬ ਦੀ ਨਾ ਕਰੀਂ, ਅਮੀਰ ਦੀ ਕਰੀਂ।"

ਕਹਿੰਦੇ, "ਤੀਸਰਾ ਜੇ ਕਿਤੇ ਗਰੀਬ ਮਾਰ ਹੋ ਰਹੀ ਹੋਵੇ, ਉਹ ਵੀ ਨਾ ਹੋਣ ਦਈ।"

ਕਹਿੰਦਾ, "ਇਹ ਵੀ ਮਨਜ਼ੂਰ ਹੈ ਮਹਾਰਾਜ।"

ਕਹਿੰਦੇ, "ਚੌਥਾ ਨਮਕ ਖਾ ਕੇ ਹਰਾਮ ਨਾ ਕਰੀਂ।"

ਕਹਿੰਦਾ, "ਇਹ ਵੀ ਮਨਜ਼ੂਰ।"

ਮਹਾਰਾਜ ਕਹਿੰਦੇ, "ਸਾਵਧਾਨ ਹੋ।"

ਸਾਹਮਣੇ ਬਿਠਾ ਲਿਆ, ਦ੍ਰਿਸ਼ਟੀ ਕਰਕੇ ਕਹਿੰਦੇ, ਕਹੋ ਵਾਹਿਗੁਰੂ, ਕਹੋ ਵਾਹਿਗੁਰੂ, ਕਹੋ ਵਾਹਿਗੁਰੂ।

ਵਾਹਿਗੁਰੂ ਕੀ ਕਹਿਣਾ ਸੀ, ਇਕ ਵਾਰੀ ਕਹਿੰਦੇ ਸਾਰ ਹੀ ਸਾਰੇ ਪਾਪਾਂ ਦਾ ਨਾਸ਼ ਹੋ ਗਿਆ।

ਦੂਜੀ ਵਾਰ ਪ੍ਰਵੇਸ਼ ਕਰ ਗਿਆ, ਰੋਮ ਰੋਮ ਦੇ ਅੰਦਰ।

ਤੀਜੀ ਵਾਰ ਦ੍ਰਿਸ਼ਟੀ ਖੁਲ ਗਈ।

ਸਿਖਰ ਚਾੜ੍ਹ ਦਿੱਤਾ, ਬੜੀ ਦੇਰ ਸਮਾਧੀ ਲਾ ਕੇ ਬੈਠਾ ਰਿਹਾ, ਉਹਦੇ ਬਾਅਦ ਮਹਾਰਾਜ ਕਹਿਣ ਲੱਗੇ, "ਭੂਮੀਆ ਸਾਵਧਾਨ ਹੋ ਬਈ।"

ਕਹਿੰਦਾ, "ਮਹਾਰਾਜ ਮੈਂ ਤਾਂ ਆਪਣੇ ਅਨੰਦ ਵਿਚ ਹੀ ਰਹਿ ਗਿਆ, ਤੁਹਾਨੂੰ ਤਾਂ ਮੈਂ ਪਰਸ਼ਾਦਾ ਵੀ ਨਹੀਂ ਪੁਛ ਸਕਿਆ, ਕਿਰਪਾ ਕਰੋ ਇਹ ਤਾਂ ਇਕ ਪਾਸੇ ਰਹਿਣ ਦਿਓ, ਮੈਂ ਲੁਟਾ ਦਿੰਦਾ ਹੁਣੇ ਹੀ।"

ਕਹਿੰਦੇ, "ਲੁਟਾ ਦੇ ਜੋ ਵੀ ਧਨ ਹੈ ਤੇਰੇ ਕੋਲ।"

ਕੋਈ ਕਿਰਤ ਵੀ ਹੈ?"

ਕਹਿੰਦਾ, "ਮਹਾਰਾਜ! ਮੇਰਾ ਫਾਰਮ ਹੈ, ਮੇਰੀ ਜ਼ਮੀਨ ਹੈ, ਮੈਂ ਉਹਦੇ ਵਿਚੋਂ ਅੱਡ ਰੱਖਦਾ ਹੁੰਦਾ ਹਾਂ।"

ਕਹਿੰਦੇ, "ਲਿਆ ਉਹਦਾ ਪਰਸ਼ਾਦਾ ਅਸੀਂ ਛਕਾਂਗੇ, ਕਿਰਤ ਕਮਾਈ ਵਾਲਾ, ਉਹ ਫਲਣਾ ਹੈ।"

ਸੋ ਪਰਸ਼ਾਦਾ ਛਕਾ ਦਿੰਦਾ ਹੈ ਕਈ ਦਿਨ ਮਹਾਰਾਜ ਜੀ ਉਥੇ ਰਹਿ ਕੇ ਉਪਦੇਸ਼ ਦੇ ਕੇ ਬਾਣੀ ਸਿਖਾ ਦਿੰਦੇ ਨੇ, ਬੜੇ ਉਪਦੇਸ਼ ਦੇ ਕੇ ਬ੍ਰਹਮ ਗਿਆਨ ਤੱਕ ਪਹੁੰਚਾ ਦਿੱਤਾ।

ਉਸ ਵੇਲੇ ਘਰ ਦੇ ਅੰਦਰ ਸਤਿਸੰਗ ਸ਼ੁਰੂ ਹੋ ਗਿਆ, ਮਹੀਨੇ ਲੰਘ ਗਏ। ਗੁਰੂ ਮਹਾਰਾਜ ਅੱਗੇ ਚਲੇ ਜਾਂਦੇ ਨੇ। ਵਿਸ਼ਵਾਸ ਵਿਚ ਆ ਗਿਆ ਕਿ ਮੇਰੇ ਗੁਰੂ ਸਮਰੱਥ ਨੇ।

ਉਸ ਵੇਲੇ ਲਾਂਗਰੀਆਂ ਨੇ ਕਿਹਾ ਕਿ ਮਹਾਰਾਜ! ਸੰਤ ਤਾਂ ਬਹੁਤ ਆਉਣ ਲੱਗ ਪਏ, ਪਰ ਲੰਗਰ ਚਲਦਾ ਨਹੀਂ ਹੈ। ਕੋਈ ਉਪਾਅ ਕਰੋ।

ਕਹਿੰਦੇ, ਉਪਾਅ ਕੀ ਕਰੀਏ, ਗੁਰੂ ਦਾ ਬਚਨ ਕਿਵੇਂ ਛੱਡਾਂ।

ਕਹਿੰਦੇ, "ਉਹਨਾਂ ਨੇ ਤਾਂ ਕਿਹਾ ਸੀ ਕਿ ਅਮੀਰ ਦੇ ਚੋਰੀ ਕਰ ਸਕਦਾ ਹਾਂ, ਗਰੀਬ ਦੇ ਨਾਂਹ ਕਰੀਂ।

ਸੋਚਣ ਲੱਗ ਪਿਆ ਕਿ ਫਲਾਣੇ ਸੇਠ ਦੇ ਘਰ ਕਰੀਏ, ਉਸ ਤੋਂ ਅਮੀਰ ਫਲਾਣਾ।

ਅਖੀਰ ਰਾਜੇ ਤੱਕ ਪਹੁੰਚ ਗਿਆ। ਕਹਿੰਦਾ ਰਾਜਾ ਹੀ ਅਮੀਰ ਹੈ ਸਭ ਤੋਂ।

ਤਿਆਰੀ ਕਰ ਲਈ ਸ਼ਾਮ ਨੂੰ, ਘੋੜੇ ਤੇ ਸਵਾਰ ਹੋ ਗਿਆ, ਕਲਗੀ ਲਾ ਲਈ, ਗਲ ਵਿਚ ਮੋਤੀਆਂ ਦੀਆਂ ਮਾਲਾ ਲਟਕਾ ਲਈਆਂ, ਸਿਰ ਤੇ ਮੋਤੀਆਂ ਦੀਆਂ ਮਾਲਾ ਬੰਨ ਲਈਆਂ, ਰੇਸ਼ਮ ਦੇ ਦਸਤਾਰ ਬੰਨੀ ਹੋਈ ਏ, ਰੇਸ਼ਮ ਦੇ ਕੱਪੜੇ ਪਹਿਨੇ ਹੋਏ ਨੇ, ਸ਼ਹਿਜਾਦਾ ਬਣਿਆ ਜਾਂਦਾ ਹੈ, ਸ਼ਸਤਰ ਲਾਏ ਹੋਏ ਨੇ ਤੇ ਜਿਸ ਵਕਤ ਪਹੁੰਚਦਾ ਹੈ, ਉਥੇ ਪਹਿਰੇਦਾਰਾਂ ਕੋਲ ਜਾ ਕੇ ਘੋੜਾ ਖੜ੍ਹਾ ਕਰ ਲਿਆ।

ਉਹ ਕਹਿਣ ਲੱਗੇ, "ਕੌਣ ਹੈ ਤੂੰ।"

ਕਹਿੰਦਾ, "ਮੈਂ ਅੰਦਰ ਜਾਣਾ ਹੈ।"

ਕਹਿੰਦੇ, "ਅਸੀਂ ਪੁਛਿਆ ਕੌਣ ਹੈਂ ਤੂੰ।"

ਕਹਿੰਦਾ, "ਮੈਂ ਚੋਰ ਹਾਂ।"

ਡਰ ਗਏ ਕਿ ਇਹ ਤਾਂ ਰਾਜੇ ਦਾ ਕੋਈ ਖਾਸ ਸੰਬੰਧੀ ਲੱਗਦਾ ਹੈ, ਭਲਾ ਕਦੇ ਚੋਰ ਕਹੇਗਾ ਕਿ ਮੈਂ ਚੋਰ ਹਾਂ।

ਕਹਿੰਦੇ, "ਹਜ਼ੂਰ ਗਲਤੀ ਮੁਆਫ ਕਰੋ।"

ਕਹਿੰਦਾ, "ਘੋੜਾ ਬੰਨੋ ਸਾਡੇ ਇਥੇ।"

ਅੰਦਰ ਲੰਘ ਗਿਆ, ਸੱਚ ਬੋਲਿਆ, ਸੱਚ ਦਾ ਪ੍ਰਤਾਪ ਦੇਖ ਲਿਆ। ਭੇਤੀ ਸੀ ਮਹਿਲ ਦਾ, ਪਹਿਲਾਂ ਵੀ ਜਾਂਦਾ ਸੀ। ਜਿਥੇ ਜਿਥੇ ਵੀ ਗਹਿਣੇ ਪਏ ਸੀ, ਸਾਰੇ ਬਟੋਰ ਲਏ।

ਚੋਰ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।
***ਕੁਛਾ ਕੂਣੈ ਭਾਲਦਾ ਚਉਬਾਰੇ ਚੜਿਆ।***
***ਸੁਇਨਾ ਰੁਪਾ ਪੰਡ ਬੰਨਿ ਅਗਲਾਈ ਅੜਿਆ।***
***ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।***
***ਚੁਖਕੁ ਲੈਕੇ ਚਖਿਆ ਤਿਸੁ ਕਖੁ ਨ ਖੜਿਆ।***
***ਲੂਣ ਹਰਾਮੀ ਗੁਨਹਗਾਰੁ ਧੜੁ ਧੰਮੜ ਧੜਿਆ॥***
***ਭਾਈ ਗੁਰਦਾਸ ਜੀ ਦੀ ਵਾਰ 35/10***

ਪੰਡ ਬੰਨ੍ਹ ਕੇ ਚੱਕ ਲਈ, ਇਕ ਰਕੇਬੀ ਹੱਥ ਵਿਚ ਆ ਗਈ, ਹੱਥ ਨੂੰ ਕੁਝ ਲੱਗਿਆ, ਜਦ ਚੁੱਕ ਕੇ ਮੂੰਹ ਨਾਲ ਲਾਇਆ ਉਥੇ ਨਮਕ ਸੀ।

ਕਹਿੰਦਾ, ਲੈ ਗੁਰੂ ਦਾ ਦੂਸਰਾ ਬਚਨ ਹੈ। ਕਹਿੰਦਾ ਹੁਣ ਨਹੀਂ ਮੈਂ ਕੁਝ ਲਿਜਾਉਂਦਾ। ਉਥੇ ਹੀ ਪੰਡ ਬੰਨ ਕੇ ਛੱਡ ਆਇਆ, ਖਾਲੀ ਹੱਥ ਵਾਪਸ ਆ ਗਿਆ। ਘੋੜੇ ਤੇ ਚੜਿਆ, ਉਹਨਾਂ ਨੇ ਸਲੂਟ ਕਰਿਆ, ਘਰ ਨੂੰ ਵਾਪਸ ਆ ਗਿਆ।

ਦੂਸਰੇ ਦਿਨ ਰਾਜੇ ਨੇ ਦੇਖਿਆ ਕਿ ਸਾਰਾ ਹੀ ਮਹਿਲ ਹੁੰਝਿਆ ਪਿਆ ਹੈ। ਹੀਰੇ ਜਵਾਹਰਾਤਾਂ ਦੀ ਪੰਡ ਬੰਨੀ ਪਈ ਹੈ। ਜੇ ਕੋਈ ਚੋਰ ਆਇਆ ਸੀ ਤਾਂ ਲੈ ਕੇ ਕਿਉਂ ਨਹੀਂ ਗਿਆ? ਹੈਰਾਨੀ ਹੋ ਗਈ। ਪਹਿਰੇਦਾਰਾਂ ਨੂੰ ਪੁਛਿਆ, ਉਹ ਕਹਿੰਦੇ ਮਹਾਰਾਜ! ਚੋਰ ਤਾਂ ਕੋਈ ਨਹੀਂ ਸੀ ਆਇਆ। ਇਕ ਸ਼ਹਿਜਾਦਾ ਆਇਆ ਸੀ।

ਕਹਿੰਦੇ, ਤਲਾਸ਼ ਕਰੋ ਉਸ ਚੋਰ ਦੀ, ਮੈਂ ਛੇਤੀ ਤੋਂ ਛੇਤੀ ਉਸ ਨੂੰ ਦੇਖਣਾ ਚਾਹੁੰਦਾ ਹਾਂ। ਪੁਲੀਸ ਨੇ ਲੱਭਣਾ ਸ਼ੁਰੂ ਕਰ ਦਿੱਤਾ। ਜਿਹੜਾ ਵੀ ਅੱਗੇ ਆਉਂਦਾ, ਕੁੱਟੀ ਜਾਂਦੇ ਨੇ ਫੜ ਫੜ ਕੇ।

ਭੂਮੀਏ ਨੂੰ ਦੱਸਿਆ ਕਿ ਬੜੀ ਕੁਟਾਈ ਹੋ ਰਹੀ ਹੈ ਗਰੀਬਾਂ ਦੀ।

ਕਹਿੰਦਾ, "ਇਹ ਮੇਰੇ ਕਰਕੇ ਹੋਈ ਹੈ, ਮੇਰੇ ਗੁਰੂ ਨੇ ਕਿਹਾ ਸੀ ਕਿ ਗਰੀਬ ਮਾਰ ਨਾ ਹੋਣ ਦਈਂ, ਇਹ ਸਭ ਮੇਰੇ ਕਾਰਨ ਹੋ ਰਿਹਾ ਹੈ।

ਸੋ ਉਸ ਵੇਲੇ ਜਾ ਕੇ ਰਾਜੇ ਦੀ ਕਚਹਿਰੀ ਵਿਚ ਪਹੁੰਚ ਗਿਆ।

ਰਾਜਾ ਕਹਿਣ ਲੱਗਾ, "ਭੂਮੀਆ ਕਿਵੇਂ ਆਇਐਂ?"

ਕਹਿੰਦਾ, "ਮਹਾਰਾਜ! ਮੈਂ ਤੁਹਾਡਾ ਚੋਰ ਹਾਂ, ਤੁਸੀਂ ਗਰੀਬਾਂ ਨੂੰ ਛੱਡ ਦਿਓ, ਮੈਨੂੰ ਜਿਹੜੀ ਸਜ਼ਾ ਦੇਣੀ ਦੇ ਦਿਓ।"

ਰਾਜਾ ਕਹਿਣ ਲੱਗਾ, "ਭੂਮੀਆ ਤੂੰ ਚੋਰ ਹੈਂ?"

ਕਹਿੰਦਾ, "ਹਾਂ।"

ਕਹਿੰਦੇ, "ਤੂੰ ਚੋਰੀ ਕਿਉਂ ਕਰਦਾ ਹੈਂ?"

ਸਾਰੀ ਗੱਲ ਦੱਸ ਦਿੱਤੀ।

ਕਹਿੰਦੇ, "ਤੂੰ ਤਾਂ ਬਹੁਤ ਵੱਡਾ ਬੰਦਾ ਗਿਣਿਆ ਜਾਂਦਾ ਹੈਂ, ਧਰਮੀ ਤੇ ਨੇਕ।"

ਕਹਿੰਦਾ, "ਮੈਂ ਵੀ ਇਵੇਂ ਹੀ ਸਮਝਦਾ ਸੀ, ਪਰ ਮੇਰੇ ਗੁਰੂ ਨੇ ਥੱਲੇ ਲਾਹ ਦਿੱਤਾ ਮੈਨੂੰ, ਐਸਾ ਸਤਿਗੁਰੂ ਮੈਨੂੰ ਮਿਲ ਗਿਆ ਪੂਰਾ, ਮੇਰੇ ਨੇਤਰ ਖੋਲ੍ਹ ਦਿੱਤੇ।"

ਕਹਿੰਦੇ, "ਫਿਰ ਲੈ ਕੇ ਕਿਉਂ ਨਾ ਗਿਆ।"

ਕਹਿੰਦਾ, "ਮੇਰੇ ਗੁਰੂ ਨੇ ਚਾਰ ਬਚਨ ਲਏ ਸੀ, ਪਹਿਲਾ ਸੀ ਗਰੀਬ ਦੇ ਚੋਰੀ ਨਹੀਂ ਕਰਨੀ, ਤੂੰ ਅਮੀਰ ਹੈਂ ਤੇਰੇ ਤੋਂ ਵੱਡਾ ਕੋਈ ਅਮੀਰ ਨਹੀਂ ਹੈ। ਇਸ ਲਈ ਮੈਂ ਤੇਰੇ ਘਰ ਚੋਰੀ ਕਰਨ ਆਇਆ, ਦੂਜਾ ਕਿਹਾ ਸੀ ਝੂਠ ਨਹੀਂ ਬੋਲਣਾ, ਮੈਂ ਤੇਰੇ ਪਹਿਰੇਦਾਰਾਂ ਕੋਲ ਸੱਚ ਬੋਲਿਆ ਕਿ ਮੈਂ ਚੋਰ ਹਾਂ, ਤੀਜਾ ਸੀ ਨਮਕ ਖਾ ਕੇ ਹਰਾਮ ਨਹੀਂ ਕਰਨਾ, ਮੈਂ ਤੇਰੇ ਨਮਕ ਨੂੰ ਮੂੰਹ ਵਿਚ ਪਾ ਲਿਆ ਸੀ। ਇਸ ਲਈ ਮੈਂ ਨਮਕ ਹਰਾਮੀ ਨਹੀਂ ਕਰ ਸਕਦਾ, ਚੋਥਾ ਸੀ ਕਿ ਗਰੀਬ ਮਾਰ ਨਹੀਂ ਹੋਣ ਦੇਣੀ, ਤੇਰੀ ਪੁਲੀਸ ਨਜਾਇਜ਼ ਕੁੱਟ ਰਹੀ ਹੈ, ਅਸਲੀ ਚੋਰ ਮੈਂ ਹਾਂ, ਉਹਨਾਂ ਨੂੰ ਛੱਡ ਦੇਹ, ਮੈਂ ਤੇਰੇ ਕੋਲ ਆ ਗਿਆ।

ਹੈਰਾਨ ਹੋ ਗਿਆ ਰਾਜਾ ਕਿ ਕੈਸਾ ਗੁਰੂ ਹੈ ਜੋ ਚੋਰੀ ਦੇ ਨਾਲ ਬਦੀ ਛਡ ਗਿਆ।

ਉਸ ਵੇਲੇ ਰਾਜਾ ਗਹਿਰੀ ਸੋਚ ਵਿਚ ਚਲਿਆ ਗਿਆ ਕਿ ਸਜਾ ਤਾਂ ਇਸ ਨੂੰ ਗੁਰੂ ਦੇ ਗਿਆ, ਇਸ ਤੋਂ ਵਧੀਆ ਬੰਦਾ ਲੱਭ ਹੀ ਨਹੀਂ ਸਕਦਾ। ਜਿਹਨੇ ਇਕ ਮਾੜਾ ਜਿਹਾ ਨਮਕ ਖਾ ਕੇ ਸਾਰਾ ਕੁਝ ਹੀ ਛੱਡ ਗਿਆ ਤੇ ਜੇ ਇਹ ਆਪਣਾ ਬਣ ਜਾਵੇ, ਫਿਰ ਤਾਂ ਬਹੁਤ ਚੰਗਾ ਹੈ।

ਉਸ ਵੇਲੇ ਰਾਜਾ ਕਹਿਣ ਲੱਗਾ, "ਭੂਮੀਆ! ਤੂੰ ਬੜਾ ਕਾਬਲ ਬੰਦਾ ਹੈਂ ਅੱਜ ਤੋਂ ਬਾਅਦ ਮੈਂ ਤੈਨੂੰ ਆਪਣਾ prime minister (ਮੁੱਖ ਮੰਤਰੀ) ਬਣਾਉਣਾ ਹੈ, ਕਿਰਪਾ ਕਰ ਐਸੇ ਗੁਰੂ ਦੇ ਲੜ ਮੈਨੂੰ ਵੀ ਲਾ ਦੇ।"

ਵਜੀਰ ਬਣ ਗਿਆ ਵੱਡਾ, ਚੋਰੀਆਂ ਹਟਾ ਦਿੱਤੀਆਂ। ਸਭ ਨੂੰ ਜਾਣਦਾ ਸੀ। ਉਸ ਵੇਲੇ ਸਤਿਸੰਗ ਹੁੰਦਾ ਹੈ, ਰਾਜਾ

ਰੋਜ਼ ਸਤਿਸੰਗ ਵਿਚ ਆਉਂਦਾ ਹੈ, ਸਤਿਸੰਗ ਘਰ ਬਣ ਗਿਆ ਤੇ ਅੱਜ ਰਾਣੀ ਤੇ ਰਾਜੇ ਨੇ ਅਰਦਾਸ ਕਰੀ ਸੰਗਤ ਕੋਲ ਕਿ ਸਾਧਸੰਗਤ! ਕਿਰਪਾ ਕਰੋ ਸਾਡੇ ਔਲਾਦ ਨਹੀਂ ਹੈ, ਕੋਈ ਲੜਕਾ ਹੋਣਾ ਚਾਹੀਦਾ ਹੈ।

ਸੰਗਤ ਨੇ ਜੁੜ ਕੇ ਅਰਦਾਸ ਕਰ ਦਿੱਤੀ ਕਿ ਹੇ ਗੁਰੂ ਨਾਨਕ ਪਾਤਸ਼ਾਹ! ਕਿਰਪਾ ਕਰਕੇ ਰਾਜੇ ਦੇ ਘਰ ਸ਼ਹਿਜਾਦਾ ਭੇਜ ਦੇ, ਤਾਂ ਕਿ ਇਹਦੀ ਕੁਲ ਅੱਗੇ ਚਲ ਸਕੇ, ਇਹ ਨੇਕ ਰਾਜਾ ਹੈ, ਤੇ ਤੇਰਾ ਸੇਵਕ ਹੈ।

ਜਦ ਸਿੱਖ ਦੀ ਅਰਦਾਸ ਹੋ ਗਈ, ਗੁਰੂ ਨਾਨਕ ਦਾ ਪਿਆਰ ਧਰ ਕੇ। ਮਹਾਰਾਜ ਕਹਿੰਦੇ ਸੰਗਤ ਦੀ ਅਰਦਾਸ ਬਿਰਥਾ ਨਹੀਂ ਜਾਂਦੀ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ - ਜਨ ਕੀ ਅਰਦਾਸ ਜੀ,*
*ਬਿਰਥਾ ਨਾ ਜਾਵੇ ਜੀ -2, 4.*

ਅਰਦਾਸ ਕੀਤੀ ਹੋਈ ਸੰਗਤ ਦੀ ਬਿਰਥਾ ਨਹੀਂ ਜਾਂਦੀ ਬੇਅੰਤ ਗੁਰੂ ਘਰ ਵਿਚ ਮਿਸਾਲਾਂ ਨੇ।

ਸਮਾਂ ਨਹੀਂ ਇੰਨਾ ਕਿ ਮੈਂ ਗੱਲ ਕਰਾਂ ਇਸ ਵਿਸ਼ੇ ਤੇ। ਅਰਦਾਸ ਹੋ ਗਈ ਸੰਗਤ ਦੀ। ਰਾਜੇ ਨੂੰ ਵਿਸ਼ਵਾਸ ਆਗਿਆ। ਸਮਾਂ ਲੰਘ ਗਿਆ, ਕਿਉਂਕਿ ਅਰਦਾਸ –

ਭਾਈ ਗੁਰਦਾਸ ਜੀ ਲਿਖਦੇ ਨੇ ਕਿ –

*ਸੁਖ ਰਾਜੇ ਹਰੀ ਚੰਦ ਘਰਿ*
*ਨਾਰਿ ਸੁ ਤਾਰਾ ਲੋਚਨ ਰਾਣੀ।*
*ਸਾਧ ਸੰਗਤਿ ਮਿਲਿ ਗਾਵਦੇ*
*ਰਾਤੀ ਜਾਇ ਸੁਣੈ ਗੁਰਬਾਣੀ।*

*ਭਾਈ ਗੁਰਦਾਸ ਜੀ ਦੀ 10/6*

ਰੋਜ ਗੁਰੂ ਦੀ ਬਾਣੀ ਸੁਣਨ ਵਾਸਤੇ ਅੱਧੀ ਰਾਤ ਨੂੰ ਚਲੀ ਜਾਂਦੀ, ਬਾਣੀ ਦਾ ਕੀਰਤਨ ਹੁੰਦਾ, ਤੇ ਰਾਜੇ ਦੇ ਜਾਗਣ ਤੋਂ ਪਹਿਲਾਂ ਪਹਿਲਾਂ ਵਾਪਸ ਆ ਜਾਂਦੀ।

ਇਕ ਦਿਨ ਐਸਾ ਹੋਇਆ ਕਿ ਰਾਜਾ ਪਿਛੋਂ ਜਾਗ ਪਿਆ।

*ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।*
*ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ।*

*ਭਾਈ ਗੁਰਦਾਸ ਜੀ ਦੀ 10/6*

ਨਾਲ ਦਾ ਬਿਸਤਰ ਦੇਖਿਆ ਬਈ ਰਾਣੀ ਕਿਥੇ ਚਲੀ ਗਈ, ਸੋਚਣ ਲੱਗ ਪਿਆ, ਬਈ ਰਾਣੀ ਮਾੜੀ ਤਾਂ ਹੈ ਨਹੀਂ ਮੇਰੀ, ਚਰਿੱਤਰ ਦੀ ਮਾੜੀ ਨਹੀਂ, ਫਿਰ ਕਿਥੇ ਗਈ, ਮੈਨੂੰ ਦੱਸਿਆ ਕਿਉਂ ਨਹੀਂ?

ਇਕ ਦਿਨ ਰਾਜਾ ਇਹ ਭੇਤ ਕੱਢਣ ਵਾਸਤੇ, ਰਾਤ ਨੂੰ ਰਾਣੀ ਦਾ ਪਿੱਛਾ ਕਰਨ ਲਈ ਗਿਆ।

*ਹੋਰਤੁ ਰਾਤੀ ਉਠਿਕੈ ਚਲਿਆ ਪਿਛੈ ਤਰਲ ਜੁਆਣੀ।*
*ਰਾਣੀ ਪਹੁਤੀ ਸੰਗਤੀ............।*

*ਭਾਈ ਗੁਰਦਾਸ ਜੀ ਦੀ 10/6*

ਰਾਣੀ ਸੰਗਤ ਵਿਚ ਪਹੁੰਚ ਜਾਂਦੀ ਹੈ, ਇਸ ਨੇ ਕਿਹਾ ਕਿ ਥਾਉਂ ਤੇ ਚੰਗਾ ਹੈ, ਪਰ ਇਸਨੂੰ ਦੱਸਣਾ ਚਾਹੀਦਾ ਸੀ। ਰਾਜੇ ਨੇ ਉਸਦੀ ਖੜਾਵ ਚੱਕ ਲਈ –

*............. ਖੜੀ ਖੜਾਉ ਨੀਸਾਣੀ।*

*ਭਾਈ ਗੁਰਦਾਸ ਜੀ ਦੀ 10/6*

ਬਈ ਮੈਂ ਪੁਛਾਂਗਾ ਕਿ ਖੜਾਵ ਕਿਥੇ ਹੈ ਦੂਸਰੀ। ਜਿਸ ਵੇਲੇ ਭੋਗ ਪਿਆ ਤਾਂ ਰਾਣੀ ਨੇ ਦੇਖਿਆ ਕਿ ਖੜਾਵ ਨਹੀਂ ਹੈ, ਖੜਾਵ ਕਿਥੇ ਚਲੀ ਗਈ। ਇਹ ਤਾਂ ਮੈਨੂੰ ਰਾਜਾ ਜੀ ਨੇ ਪਰਦੇਸ ਤੋਂ ਮੰਗਵਾਂ ਕੇ ਦਿੱਤੀ ਸੀ, ਇਹ ਤਾਂ ਲੱਭਣੀ ਚਾਹੀਦੀ ਹੈ।

ਉਸ ਵੇਲੇ ਸਾਰੀ ਸੰਗਤ ਸਾਵਧਾਨ ਹੋ ਗਈ। ਅਰਦਾਸ ਕੀਤੀ। ਹੇ ਪ੍ਰਭੂ! ਰਾਣੀ ਦੀ ਖੜਾਵ ਮਿਲਣੀ ਚਾਹੀਦੀ ਹੈ।

ਉਸ ਤੋਂ ਬਾਅਦ ਕੀ ਦੇਖਦੇ ਨੇ ਕਿ ਖੜਾਵ ਦੇ ਨਾਲ ਆ ਕੇ ਖੜਾਵ ਜੁੜ ਗਈ।

*ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।*

*ਭਾਈ ਗੁਰਦਾਸ ਜੀ ਦੀ 10/6*

ਉਸੇ ਤਰ੍ਹਾਂ ਘਰ ਨੂੰ ਚਲੀ ਜਾਂਦੀ ਹੈ ਤੇ ਜਿਸ ਵਕਤ ਰਾਜੇ ਕੋਲ ਗਈ। ਰਾਜਾ ਕਹਿਣ ਲੱਗਿਆ, "ਤੇਰੀ ਦੂਜੀ ਖੜਾਵ ਕਿਥੇ ਹੈ?"

ਕਹਿੰਦੀ, "ਮਹਾਰਾਜ! ਮੇਰੇ ਪੈਰਾਂ ਵਿਚ ਹਨ ਦੋਵੇਂ।"

ਰਾਜੇ ਨੇ ਦੂਸਰੇ ਪਾਸੇ ਅਲਮਾਰੀ ਵਿਚੋਂ ਕੱਢ ਲਿਆਂਦੀ।

ਕਹਿੰਦਾ, "ਆਹ ਹੈ ਦੂਸਰੀ।"

ਕਹਿੰਦੀ, " ਤੁਸੀਂ ਵੇਖ ਲਓ।"

ਜਿਸ ਵੇਲੇ ਤਿੰਨੇ ਵੇਖਦੇ, ਤਿੰਨੇ ਇਕੋ ਜਿਹੀਆਂ, ਇਕੋ ਜਿਹੀਆਂ ਘਸੀਆਂ ਹੋਈਆਂ।

*ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।*
*ਸਾਧ ਸੰਗਤਿ ਵਿਟਹੁ ਕੁਰਬਾਣੀ॥*

*ਭਾਈ ਗੁਰਦਾਸ ਜੀ ਦੀ 10/6*

ਸੋ ਇਸ ਤਰ੍ਹਾਂ ਅਰਦਾਸ ਹੋ ਗਈ। ਅਰਦਾਸ ਹੋਣ ਤੋਂ 7 ਮਹੀਨੇ ਬਾਅਦ, ਕੁਦਰਤ ਐਸੀ ਹੋਈ ਕਿ ਲੜਕੀ ਪੈਦਾ ਹੋ ਗਈ। ਰਾਜੇ ਨੂੰ ਕਿਹਾ ਮਹਾਰਾਜ ਲੜਕੀ ਹੋਈ।

ਕਹਿੰਦੇ, "ਕਦੇ ਅਰਦਾਸ ਬਿਰਥੀ ਨਹੀਂ ਹੁੰਦੀ, ਇਹ ਲੜਕੀ ਨਹੀਂ ਲੜਕਾ ਹੈ। ਲੜਕੇ ਦੇ ਸਾਰੇ ਸਗਨ ਮਨਾਓ, ਤੋਪਾਂ ਚਲਾਉ।

ਲੜਕਾ ਸਮਝ ਕੇ ਪਾਲਿਆ। 18 ਸਾਲ ਦੀ ਹੋ ਗਈ। ਸਾਰੇ ਹੈਰਾਨ ਨੇ ਕਿ ਇਹ ਅਜੇ ਤੱਕ ਲੜਕੀ ਨੂੰ ਲੜਕਾ ਹੀ ਕਹਿੰਦਾ, ਲੜਕਿਆਂ ਵਾਂਗੂ ਬੋਲਦੀ ਹੈ। ਘੋੜ ਸਵਾਰੀ ਕਰਦੀ ਹੈ, ਤੀਰ ਅੰਦਾਜੀ ਕਰਦੀ ਹੈ, ਤਲਵਾਰਾਂ

ਚਲਾਉਂਦੀ ਹੈ, ਮਰਦਾਂ ਨਾਲ ਸਾਰੇ ਜੰਗ ਦੇ ਦਾਓ ਪੇਚ ਸਿੱਖਦੀ ਹੈ।

ਲੇਕਿਨ ਰਾਜਾ ਮੰਨਣ ਨੂੰ ਤਿਆਰ ਨਹੀਂ ਹੈ ਕਿ ਇਹ ਲੜਕੀ ਹੈ। ਰਾਜਾ ਕਹਿੰਦਾ, ਜਾਓ ਮੇਰੇ ਲੜਕੇ ਵਾਸਤੇ ਕੋਈ ਚੰਗੀ ਕੰਨਿਆ ਲੱਭੋ। ਬ੍ਰਾਹਮਣ ਭੇਜ ਦਿੱਤੇ, ਕਹਿੰਦੇ ਅੱਜ ਤੱਕ ਕਦੇ ਹੋਇਆ ਨਹੀਂ ਕਿ ਲੜਕੀ ਨਾਲ ਲੜਕੀ ਮੰਗ ਦਿਓ। ਪਰ ਰਾਜਾ ਕਹਿੰਦਾ ਹੈ ਉਵੇਂ ਹੀ ਕਰਨਾ ਪੈਣਾ ਹੈ।

ਅਖੀਰ ਪੜੋਸੀ ਦੀ ਰਾਜੇ ਲੜਕੀ ਨਾਲ ਮੰਗ ਦਿੱਤੀ। ਬਰਾਤ ਦਾ ਦਿਨ ਆ ਗਿਆ। ਡਰਦੇ ਨੇ ਸਾਰੇ ਵਜੀਰ ਕਿ ਜੇ ਉਥੇ ਘਿਰ ਗਏ ਤਾਂ ਮਾਰ ਦਊ ਸਾਨੂੰ ਸਾਰਿਆਂ ਨੂੰ। ਬਈ ਲੜਕੀ ਨਾਲ ਲੜਕੀ ਵਿਹਾਉਣ ਜਾ ਰਹੇ ਹਾਂ। ਕਿੰਨਾ ਮਾੜਾ ਕੰਮ ਹੈ।

ਸੋ ਰਾਜੇ ਦਾ ਰਹਿਣਾ ਮੰਨ ਕੇ ਆਪਣਾ ਬਚਾਓ ਕਰਕੇ ਚਲੇ ਜਾਂਦੇ ਨੇ ਤੇ ਜਿਸ ਵਕਤ ਵਿਚਾਲੇ ਪਹੁੰਚਦੇ ਨੇ। ਉਸ ਵੇਲੇ ਸਾਰੇ ਡਰਦੇ ਨੇ ਕਿ ਹੁਣ ਤਾਂ ਪਤਾ ਲੱਗ ਜਾਊ, ਬੜਾ ਮਾੜਾ ਕੰਮ ਹੋਣਾ ਹੈ।

ਇਧਰ ਲੜਕੀ ਦੇ ਮੂਹਰੇ ਦੀ ਇਕ ਹਿਰਨ ਨਿਕਲ ਆਉਂਦਾ ਹੈ। ਇਹ ਹਿਰਨ ਦੇ ਪਿਛੇ ਚਲੀ ਜਾਂਦੀ ਹੈ। ਅੱਗੇ ਜਾ ਕੇ ਹਿਰਨ ਗਾਇਬ ਹੋ ਗਿਆ। ਕੀ ਦੇਖਦੀ ਹੈ ਕਿ ਛੋਟੀ ਜਿਹੀ ਕੁਟੀਆ ਤੇ ਚਾਰ ਦੀਵਾਰੀ ਹੈ, ਉਹਦੇ ਅੰਦਰ ਚਲੀ ਗਈ। ਉਥੇ ਮਹਾਂਪੁਰਸ਼ ਬੈਠੇ ਨੇ, ਪਤਾ ਲੱਗ ਗਿਆ ਕਿ ਇਹ ਤਾਂ ਗੁਰੂ ਨਾਨਕ ਸਾਹਿਬ ਬੈਠੇ ਨੇ, ਜਿਹਨਾਂ ਨੂੰ ਅਸੀਂ ਮੰਨਦੇ ਹਾਂ।

ਗੁਰੂ ਨਾਨਕ ਦਾ ਬਿਰਧ ਇਹ ਨਹੀਂ ਕਿ ਆਪਣਿਆਂ ਨੂੰ ਛੱਡ ਦਿੰਦਾ ਹੈ। ਸੰਭਾਲ ਕਰਦਾ ਹੈ, ਆ ਗਏ ਰਾਖੀ ਕਰਨ ਵਾਸਤੇ –

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਣ ਆ ਗਏ,*
*ਬੰਨੇ ਹੋਏ ਸੱਚੇ ਪਿਆਰ ਦੇ -2, 2.*

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਅੰਗ - 403*

ਰਾਜਕੁਮਾਰੀ ਨੇ ਜਾ ਕੇ ਨਮਸਕਾਰ ਕਰ ਦਿੱਤੀ। ਗੁਰੂ ਮਹਾਰਾਜ ਨੇ ਕਿਹਾ, ਆਉ ਰਾਜ ਕੁਮਾਰ ਬੈਠੋ, ਬਚਨ ਨਿਕਲਣ ਦੀ ਦੇਰ ਸੀ, ਉਸੇ ਵੇਲੇ ਸਾਰੇ ਅੰਗ ਬਦਲ ਗਏ। ਹੈਰਾਨ ਹੋ ਗਈ ਰਾਜਕੁਮਾਰੀ ਕਿ ਮੇਰਾ ਤਾਂ ਸਾਰਾ ਸਰੀਰ ਹੀ ਮਰਦਾਂ ਦਾ ਹੋ ਗਿਆ। ਇੰਨੇ ਨੂੰ ਰਾਜਾ ਵੀ ਪਿਛੇ ਆ ਜਾਂਦਾ ਹੈ। ਉਹਨੇ ਆ ਕੇ ਜਦ ਨਮਸਕਾਰ ਕੀਤੀ ਤਾਂ ਗੁਰੂ ਮਹਾਰਾਜ ਕਹਿਣ ਲੱਗੇ, "ਆਓ ਰਾਜਨ!"

ਦਰਸਨ ਕਰਦਾ ਹੈ। ਇਕ ਦਮ ਕੀ ਦੇਖਦਾ ਹੈ ਕਿ ਨਾ ਹੀ ਉਥੇ ਚਾਰਦੀਵਾਰੀ ਹੈ, ਨਾ ਗੁਰੂ ਮਹਾਰਾਜ ਬੈਠੇ ਨੇ, ਉਜਾੜ ਬੀਆਬਾਨ ਹੈ ਲੇਕਿਨ ਦਰਸ਼ਨ ਕਰਕੇ ਖੁਸ਼ ਹੋ ਗਿਆ ਕਿ ਮਹਾਰਾਜ ਮੈਨੂੰ ਦਰਸ਼ਨ ਦੇ ਗਏ, ਸੱਚਾ ਸੀ ਭਰੋਸੇ ਵਾਲਾ।

ਜਦ ਬਰਾਤ ਪਹੁੰਚੀ ਤਾਂ ਉਹਨਾਂ ਤੱਕ ਗੱਲ ਪਹੁੰਚ ਗਈ। ਰਾਜੇ ਦੇ ਵਜੀਰਾਂ ਨੇ ਹੀ ਦੱਸ ਦਿੱਤਾ ਕਿ ਮਹਾਰਾਜ ਸਾਡਾ ਰਾਜਾ ਲੜਕੀ ਨਾਲ ਲੜਕੀ ਵਿਹਾਉਣ ਆ ਰਿਹਾ ਹੈ।

ਰਾਜੇ ਨੇ ਪਰਖ ਕਰਾ ਲਈ। ਪਤਲੇ ਕੱਪੜੇ ਪਾ ਕੇ ਇਸ਼ਨਾਨ ਕਰਾਇਆ ਤੇ ਰਿਪੋਰਟ ਮਿਲ ਗਈ ਕਿ ਇਹ ਤਾਂ ਲੜਕਾ ਹੈ।

ਧੰਨ ਹੈ ਗੁਰੂ ਨਾਨਕ ਪਾਤਸ਼ਾਹ ਇਸ ਤਰ੍ਹਾਂ ਪੜ੍ਹੋ ਪਿਆਰ ਨਾਲ –

*ਧਾਰਨਾ - ਜਿਹੜਾ ਨਾਰੀਆਂ ਤੋਂ ਪੁਰਖ ਬਣਾਵੈ,*
*ਵਾਹ ਵਾਹ ਸੱਚੇ ਪਾਤਸ਼ਾਹ ਦੇ -2, 4.*

*ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥*
*ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥*
*ਅੰਗ - 1252*

ਸੋ ਸ਼ਾਦੀ ਹੋ ਜਾਂਦੀ ਹੈ। ਸਾਰੇ ਹੈਰਾਨ ਹੋ ਗਏ ਬਈ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਸੰਗਤ ਦੀ ਕੀਤੀ ਅਰਦਾਸ ਬਿਰਥੀ ਨਹੀਂ ਗਈ। ਐਸੇ ਸਮਰੱਥ ਗੁਰੂ ਨੇ ਕਿ ਆ ਕੇ ਰਖਿਆ ਕੀਤੀ ਰਾਜੇ ਦੀ।

ਸੋ ਭਾਈ ਭੂਮੀਆ ਬਚਨ ਕਮਾ ਕੇ ਆਪ ਵੀ ਤਰਿਆ ਤੇ ਰਾਜਾ ਵੀ ਤਾਰਿਆ ਤੇ ਹਜਾਰਾਂ ਦੀ ਗਿਣਤੀ ਵਿਚ ਬੇਅੰਤ ਸੰਗਤ ਢਾਕੇ ਬੰਗਾਲੇ ਦੇ ਵਿਚ ਉਸ ਦੇ ਪ੍ਰਤਾਪ ਕਰਕੇ ਤਰੀ।

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥*
*ਅੰਗ - 747*

ਇਉ ਪੜ੍ਹ ਲਓ –

*ਧਾਰਨਾ - ਤਾਰਦੇ ਨੇ ਸਾਨੂੰ ਬਚਨ ਗੁਰਾਂ ਦੇ -2, 4.*
*ਸੰਤਹੁ ਸਾਗਰੁ ਪਾਰਿ ਉਤਰੀਐ॥*

*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥ ਅੰਗ - 747*

ਸਤਿਗੁਰੂ ਦੇ ਬਚਨ ਸਤਿਗੁਰੂ ਦਾ ਸਰੂਪ ਹੀ ਹੁੰਦਾ ਹੈ।

*ਸਤਿਗੁਰ ਬਚਨੁ ਬਚਨੁ ਹੈ ਨੀਕੋ*
*ਗੁਰ ਬਚਨੀ ਅੰਮ੍ਰਿਤੁ ਪਾਵੈਗੋ॥*
*ਜਿਉ ਅੰਬਰੀਕਿ ਅਮਰਾ ਪਦ ਪਾਏ*
*ਸਤਿਗੁਰ ਮੁਖ ਬਚਨ ਧਿਆਵੈਗੋ॥*
*ਸਤਿਗੁਰ ਸਰਨਿ ਸਰਨਿ ਮਨਿ ਭਾਈ*
*ਸੁਧਾ ਸੁਧਾ ਕਰਿ ਧਿਆਵੈਗੋ॥*
*ਦਇਆਲ ਦੀਨ ਭਏ ਹੈ ਸਤਿਗੁਰ*
*ਹਰਿ ਮਾਰਗੁ ਪੰਥੁ ਦਿਖਾਵੈਗੋ॥*
*ਸਤਿਗੁਰ ਸਰਨਿ ਪਏ ਸੇ ਥਾਪੇ*

*ਤਿਨ ਰਾਖਨ ਕਉ ਪ੍ਰਭੁ ਆਵੈਗੋ॥*
*ਜੇ ਕੋ ਸਰੁ ਸੰਧੈ ਜਨ ਊਪਰਿ*
*ਫਿਰਿ ਉਲਟੋ ਤਿਸੈ ਲਗਾਵੈਗੋ॥*
*ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ*
*ਤਿਨ ਦਰਗਹ ਮਾਨੁ ਦਿਵਾਵੈਗੋ॥*
*ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ*
*ਹਰਿ ਗਲਿ ਮਿਲਿ ਮੇਲਿ ਮਿਲਾਵੈਗੋ॥*
*ਗੁਰਮੁਖਿ ਨਾਦੁ ਬੇਦੁ ਹੈ*
*ਗੁਰਮੁਖਿ ਗੁਰ ਪਰਚੈ ਨਾਮੁ ਧਿਆਵੈਗੋ॥*
*ਹਰਿ ਹਰਿ ਰੂਪੁ ਹਰਿ ਰੂਪੋ ਹੋਵੈ*
*ਹਰਿ ਜਨ ਕਉ ਪੂਜ ਕਰਾਵੈਗੋ॥* *ਅੰਗ - 1311*

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*ਅੰਗ - 982*

ਗੁਰੂ ਗ੍ਰੰਥ ਸਾਹਿਬ ਤੇ ਭਰੋਸਾ ਲਿਆਵੋ, ਕਿਉਂਕਿ ਗੁਰੂਆਂ ਦਾ ਫਰਕ ਹੋਇਆ ਕਰਦਾ ਹੈ। ਕਿਸੇ ਨਾ ਕਿਸੇ ਦੇ ਪਿਛੇ ਕੋਈ ਨਾ ਕੋਈ ਜਰੂਰ ਲੱਗਿਆ ਹੋਇਆ ਹੈ ਸਾਨੂੰ ਬਹੁਤੀ ਰਿਆਇਤ ਕਰੀ ਹੋਈ ਹੈ ਕਿਉਂਕਿ ਸਾਡੇ ਜੋ ਗੁਰੂ ਨੇ, ਗੁਰੂ ਨਾਨਕ ਪਾਤਸ਼ਾਹ ਅਕਾਲ ਪੁਰਖ ਨੇ ਕਿਹਾ –

ਹੇ ਨਾਨਕ –

*ਮੈ ਪਾਰਬ੍ਰਹਮ ਤੇ ਤੂੰ ਗੁਰ ਪਰਮੇਸ਼ਰ*

ਗੁਰੂ ਪਰਮੇਸ਼ਰ ਗੁਰੂ ਗ੍ਰੰਥ ਸਾਹਿਬ ਦਾ ਜੋ ਸਰੂਪ ਹੈ, ਗੁਰੂ ਪਰਮੇਸ਼ਰ ਹੈ, ਬਾਕੀ ਗੁਰੂ ਟੀਚਰ ਨੂੰ ਕਹਿੰਦੇ ਨੇ, ਹਿਸਾਬ ਵਾਲਾ ਗੁਰੂ, ਪੰਜਾਬੀ ਵਾਲਾ ਗੁਰੂ, ਹਿੰਦੀ ਵਾਲਾ ਗੁਰੁ। ਇਥੇ ਸ਼ਬਦ ਕੋਈ ਹੈ ਨਹੀਂ, ਗੁਰੂ ਹੀ ਸ਼ਬਦ ਹੈ ਸ਼ਾਂਝਾ। ਜਿਹੜਾ ਕੁਝ ਸਿਖਾਉਂਦਾ ਹੈ, ਉਹਨੂੰ ਗੁਰੂ ਕਹਿ ਦਿੰਦੇ ਨੇ।

ਸੋ ਇਹ ਭੁਲੇਖਿਆਂ ਵਿਚ ਪੈ ਕੇ ਕੋਈ ਝਗੜੇ ਕਰਨ ਦੀ ਲੋੜ ਨਹੀਂ ਹੈ, ਇਹ ਗੁਰੂ ਪਰਮੇਸ਼ਰ ਦੇ ਅਸੀਂ ਲੜ ਲੱਗੇ ਹੋਏ ਹਾਂ, ਮਨੁੱਖ ਗੁਰੂ ਦੇ ਲੜ ਨਹੀਂ ਲੱਗੇ ਹੋਏ।

ਬਾਕੀ ਸਾਡੇ ਧਰਮ ਦੇ ਅੰਦਰ ਗੁਰਮੁਖ ਦੀ ਸੰਗਿਆ ਗੁਰੂ ਦੇ ਬਰਾਬਰ ਹੋਇਆ ਕਰਦੀ ਹੈ। ਸਾਧੂ ਦੀ, ਸੰਤ ਦੀ, ਬੰਦਗੀ ਕਰਨ ਵਾਲੇ ਭੇਦ ਅਵਸਥਾ ਦੇ ਬ੍ਰਹਮਗਿਆਨੀ ਮਹਾਂਪੁਰਸ਼ ਜਿਹੜੇ ਨੇ, ਉਹ ਕੰਮ ਤਾਂ ਰੂਹਾਨੀਅਤ ਦਾ ਕਰਦੇ ਨੇ, ਲੇਕਿਨ ਅਸੀਂ ਸਾਰੇ ਹੀ ਗੁਰੂ ਪਰਮੇਸ਼ਰ ਦੇ ਲੜ ਲੱਗੇ ਹਾਂ, ਉਹ ਨਹੀਂ ਕਹਿੰਦੇ ਕਿ ਸਾਨੂੰ ਗੁਰੂ ਕਹੋ। ਅਸੀਂ ਤੁਹਾਡੇ ਵਰਗੇ ਹੀ ਸਿੱਖ ਹਾਂ। ਬਚਨ ਮੰਨੀ ਜਾਵੋ। ਗੁਰੂ ਦੇ ਬਚਨ ਅਸੀਂ ਤੁਹਾਨੂੰ ਸੁਣਾ ਕੇ ਆਪ ਗੁਰੂ ਨਹੀਂ ਬਣਨਾ। ਜਿਹਦੇ ਬਚਨ ਨੇ ਉਸਨੂੰ ਹੀ ਮੰਨੋ, ਉਹ ਕਿਤੇ ਗਿਆ ਹੋਇਆ ਨਹੀ। ਹੁਣ ਵੀ ਹਾਜਰ ਨਾਜਰ ਨੇ ਗੁਰੂ ਨਾਨਕ ਪਾਤਸ਼ਾਹ।

ਗੁਰੂ ਦਸਵੇਂ ਪਾਤਸ਼ਾਹ ਨੇ ਜਾਣ ਲੱਗੇ ਕਿਹਾ ਸੀ।

*ਪੰਥ ਖਾਲਸਾ ਕੇਤੀ ਮੇਰੀ ਕਰਹੁੰ ਸੰਭਾਲ ਮੈ ਤਿਸ ਕੇਰੀ॥*

ਮੈਨੂੰ ਇਹ ਨਾ ਸਮਝਿਓ ਕਿ ਮੈਂ ਚਲਿਆ ਗਿਆ। ਤੁਹਾਡੇ ਹਿਰਦਿਆਂ ਵਿਚ ਵਸੂਗਾਂ।

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥* *ਅੰਗ - 394*

ਪਰ ਸਾਡੇ ਵਿਚ ਬੇਅੰਤ ਖਾਮੀਆਂ ਆ ਗਈਆਂ, ਬੇਅੰਤ ਮਾੜੇ ਕੰਮ ਆ ਗਏ, ਸ਼ਰਾਬਾਂ ਪੀਣ ਲੱਗ ਪਏ, ਨਿੰਦਿਆ ਕਰਨ ਲੱਗ ਪਏ। ਝਗੜੇ ਕਰਦੇ ਹਾਂ। ਗੁਰਸਿਖ ਗੁਰਸਿਖ ਨੂੰ ਪਿਆਰ ਨਹੀਂ ਕਰਦਾ। ਇਹ ਤਾਂ ਗੱਲਾਂ ਹੀ ਹੋਰ ਨੇ ਸਾਧ ਸੰਗਤ ਜੀ! ਆਪਣਾ ਅਸਲਾ ਸੰਭਾਲੋ, ਗੁਰੂ ਦੇ ਬਣੋ, ਲੜ ਲੱਗੋ, ਮੰਤਰ ਲਵੋ ਗੁਰੂ ਦਾ, ਪੰਜ ਪਿਆਰੇ ਦਿੰਦੇ ਨੇ, ਅੰਮ੍ਰਿਤ ਛਕਾਉਣ ਤੋਂ ਬਾਅਦ ਉਹਦੇ ਬਾਅਦ ਉਹਦੀ ਕਮਾਈ ਕਰੋ। ਕਮਾਈ ਕਰਕੇ ਭੂਮੀਆ ਤਰ ਸਕਦਾ ਹੈ ਤਾਂ ਆਪਾਂ ਵੀ ਤਰ ਸਕਦੇ ਹਾਂ। ਆਪਾਂ ਤਾਂ ਸਧਾਰਨ ਗ੍ਰਹਿਸਥੀ ਹਾਂ, ਚੋਰੀ ਨਹੀਂ ਕਰਦੇ, ਡਾਕੇ ਨਹੀਂ ਮਾਰਦੇ, ਖੇਤੀ ਕਰਦੇ ਹਾਂ, ਖੇਤੀ ਕਰਕੇ ਬੱਚਿਆਂ ਨੂੰ ਪਾਲਦੇ ਹਾਂ, ਇਹਦੇ ਵਿਚ ਬੇਈਮਾਨੀ ਨੂੰ ਥਾਂ ਹੀ ਨਹੀਂ। ਬਾਕੀ ਰਹਿ ਗਿਆ ਗੁਰੂ ਦਾ ਕੰਮ। ਬਾਣੀ ਪੜ੍ਹੋ, ਨਿਤਨੇਮ ਕਰੋ, ਨਾਮ ਜਪੋ, ਸੰਗਤ ਕਰੋ। ਸੰਗਤ ਸਭ ਤੋਂ ਵੱਡੀ ਚੀਜ਼ ਹੈ।

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*
*ਅੰਗ - 642*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਜਿਹੜੇ ਪ੍ਰੇਮੀ ਹਾਲੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰੋ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ


**ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਵੱਲੋਂ ਲਿਖਤ ਧਾਰਮਿਕ ਪੁਸਤਕਾਂ**

**ਹਿੰਦੀ, ਪੰਜਾਬੀ ਅਤੇ ਇੰਗਲਿਸ਼ ਵਿਚ**

**- ਮਿਲਣ ਦਾ ਪਤਾ -**

**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ**

**ਡਾਕ. ਮੁੱਲਾਂਪੁਰ ਗਰੀਬਦਾਸ, ਤਹਿ. ਖਰੜ,**

**ਜਿਲ੍ਹਾ - ਰੋਪੜ**

**ਫੋਨ ਨੰ. 0160-2255002**

**ਈਮੇਲ - atammarg@glide.net.in**

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***

*ਸੋਰਠਿ ਮਹਲਾ ੫॥*

***ਗੁਰਿ ਪੂਰੈ ਕੀਤੀ ਪੂਰੀ॥***
***ਪ੍ਰਭੁ ਰਵਿ ਰਹਿਆ ਭਰਪੂਰੀ॥***
***ਖੇਮ ਕੁਸਲ ਭਇਆ ਇਸਨਾਨਾ॥***
***ਪਾਰਬ੍ਰਹਮ ਵਿਟਹੁ ਕੁਰਬਾਨਾ॥੧॥***
***ਗੁਰ ਕੇ ਚਰਨ ਕਵਲ ਰਿਦ ਧਾਰੇ॥***
***ਬਿਘਨੁ ਨ ਲਾਗੈ ਤਿਲ ਕਾ ਕੋਈ***
***ਕਾਰਜ ਸਗਲ ਸਵਾਰੇ॥੧॥ਰਹਾਉ॥***
***ਮਿਲਿ ਸਾਧੂ ਦੁਰਮਤਿ ਖੋਏ॥***
***ਪਤਿਤ ਪੁਨੀਤ ਸਭ ਹੋਏ॥***
***ਰਾਮਦਾਸਿ ਸਰੋਵਰ ਨਾਤੇ॥***
***ਸਭ ਲਾਥੇ ਪਾਪ ਕਮਾਤੇ॥੨॥***
***ਗੁਨ ਗੋਬਿੰਦ ਨਿਤ ਗਾਈਐ॥***
***ਸਾਧਸੰਗਿ ਮਿਲਿ ਧਿਆਈਐ॥***
***ਮਨ ਬਾਂਛਤ ਫਲ ਪਾਏ॥***
***ਗੁਰੁ ਪੂਰਾ ਰਿਦੈ ਧਿਆਏ॥੩॥***
***ਗੁਰ ਗੋਪਾਲ ਆਨੰਦਾ॥***
***ਜਪਿ ਜਪਿ ਜੀਵੈ ਪਰਮਾਨੰਦਾ॥***
***ਜਨ ਨਾਨਕ ਨਾਮੁ ਧਿਆਇਆ॥***
***ਪ੍ਰਭ ਅਪਨਾ ਬਿਰਦੁ ਰਖਾਇਆ॥੪॥੧੦॥੬੦॥***

***ਪੰਨਾ - 624***

ਸਾਧਸੰਗਤ ਜੀ,

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੈ ਕਿ ਇਸ ਜਲਦੇ-ਬਲਦੇ ਯੁੱਗ ਦੇ ਅੰਦਰ ਸਾਨੂੰ ਹਰੀ ਦਾ ਜੱਸ ਸਰਵਣ ਕਰਨ ਵਾਸਤੇ ਅੰਮ੍ਰਿਤ ਵੇਲਾ ਬਖਸ਼ਿਆ ਹੈ। ਪੂਰੇ ਭਾਗ ਜਾਗਣ ਤਾਂ ਦੋ-ਚੀਜ਼ਾਂ ਮਿਲਦੀਆਂ ਨੇ। ਹਰੀ ਦਾ ਜਸ ਤੇ ਸਾਧੂ ਦੀ ਸੰਗਤ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਅੰਗ - 642***

ਇਸ ਦੇ ਬਾਰੇ ਮਹਾਰਾਜ ਜੀ ਏਸ ਸ਼ਬਦ ਦੇ ਅੰਦਰ ਫੁਰਮਾਨ ਕਰਦੇ ਨੇ ਕਿ ਆਦਮੀ ਦੇ ਸਰੀਰ ਵਿਚ ਆਉਣ ਤੋਂ ਪਹਿਲਾਂ ਇਹ ਬੇਅੰਤ ਸਰੀਰ ਬਦਲ ਚੁੱਕਿਆ ਹੈ। ਇਸ ਨੂੰ ਪਤਾ ਨਹੀਂ ਲਗਦਾ ਕਿ ਮੈਂ ਕੌਣ ਹਾਂ? ਬਾਰ-ਬਾਰ ਭੁੱਲਦਾ ਹੈ। ਸਾਮ੍ਹਣੇ ਦੇਖਦਾ ਹੈ ਸਭ ਚੀਜ਼ਾਂ ਫੇਰ ਭੁੱਲ ਜਾਂਦਾ ਹੈ। ਇਕ ਤਾਂ ਇਸ ਨੂੰ ਇਹ ਨਹੀਂ ਪਤਾ ਰਹਿੰਦਾ ਕਿ ਮੈਂ ਸੰਸਾਰ ਤੋਂ ਚਲਿਆ ਜਾਣਾ ਹੈ ਤੇ ਅੱਗੇ ਕੋਈ ਹੋਰ ਸੰਸਾਰ ਹੈ ਜਿਸ ਥਾਂ ਤੇ ਜਾ ਕੇ ਮੈਂ ਰਹਿਣਾ ਵਸਣਾ ਹੈ। ਉਹ ਸੰਸਾਰ ਕਿਹੋ ਜਿਹਾ ਹੈ ਉਥੇ ਕਿਹੜੀ ਚੀਜ਼ ਦੀ ਲੋੜ ਹੈ ਇਸਨੂੰ ਸਾਰੀ ਆਸਾ ਜੀ ਵਾਰ ਦੇ ਅੰਦਰ ਬਹੁਤ ਵਿਸਥਾਰ ਦੇ ਨਾਲ ਸਰਵਣ ਕਰਿਆ ਹੈ। ਐਸਾ ਕੰਮ ਨਾ ਕੀਤਾ ਜਾਵੇ ਕਿ ਜਦੋਂ ਉਸ ਥਾਂ ਤੇ ਜਾਣਾ ਹੈ ਤਾਂ ਹਾਰ ਹੋ ਜਾਵੇ। ਸੋ ਇਹ ਜੋ ਮਨੁੱਖ ਹੈ ਇਹ ਕਰਮ ਕਰਦਾ ਹੈ। ਦੋ ਤਰ੍ਹਾਂ ਦੇ ਕਰਮ ਹੁੰਦੇ ਨੇ - ਇਕ ਕਰਮ ਸ਼ੁਭ ਹੋਇਆ ਕਰਦੇ ਨੇ, ਇਕ ਅਸ਼ੁੱਭ ਹੋਇਆ ਕਰਦੇ ਨੇ। ਅਸ਼ੁਭ ਕਰਮ ਆਦਮੀ ਦੇ ਅੰਦਰ ਮੈਲ ਪੈਦਾ ਕਰਦੇ ਨੇ। ਮਹਾਰਾਜ ਕਹਿੰਦੇ ਮੈਲ ਐਨੀ ਜ਼ਬਰਦਸਤ ਹੈ ਕਿ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥ ਅੰਗ - 651***

ਮਾਇਆ ਦੀ ਸੰਗਤ ਕਰਨ ਦੇ ਨਾਲ ਪ੍ਰਾਕ੍ਰਿਤੀ ਦੇ ਨਾਲ ਇਸ ਦਾ ਸੰਜੋਗ ਹੋਣ ਦੇ ਨਾਲ, ਜੀਵ ਆਤਮਾ ਤੇ ਪ੍ਰਾਕ੍ਰਿਤੀ ਦਾ ਅਸਰ ਪੈ ਗਿਆ ਜਿਹੜਾ ਅਸਲ ਸੀ ਉਸ ਦਾ ਅਸਰ ਲਹਿ ਗਿਆ। ਅਸਲ ਵਿਚ ਹਾਂ ਅਸੀਂ ਪ੍ਰਮੇਸ਼ਰ ਦਾ ਰੂਪ -

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥***
***ਅੰਗ - 1375***

ਸੀ ਤਾਂ ਨਿਰਮਲ ਬੂੰਦ ਪਰ ਜਦੋਂ ਇਹ ਪ੍ਰਾਕ੍ਰਿਤੀ ਦੇ ਨਾਲ, ਮਾਇਆ ਦੇ ਨਾਲ ਰਲੀ, ਅਵਿਦਿਆ ਦਾ ਇਸ ਦੇ ਉਤੇ ਅਸਰ ਹੋਇਆ, ਭੁੱਲ, ਅਗਿਆਨ, ਮਾਇਆ; ਥੋੜ੍ਹਾ ਫਰਕ ਹੈ ਇਨ੍ਹਾਂ ਦੇ ਅੰਦਰ ਲੇਕਿਨ ਸਾਰੀਆਂ ਚੀਜ਼ਾਂ ਦਾ ਜੇ ਸਮੁੱਚਾ ਅਸੀਂ ਲਈਏ ਉਹ ਇਹ ਹੈ ਕਿ ਜਿਸ ਚੀਜ਼ ਦਾ ਅਸਰ ਇਸ ਨੂੰ ਆਪਣੇ ਆਪ ਤੋਂ ਭੁਲਾ ਦੇਵੇ ਉਸ ਨੂੰ ਅਵਿਦਿਆ ਕਹਿੰਦੇ ਨੇ, ਅਗਿਆਨ ਕਹਿੰਦੇ ਨੇ। ਸੋ ਏਸ ਅਗਿਆਨ ਦੇ ਅਸਰ ਵਿਚ ਆ ਕੇ ਪ੍ਰਮੇਸ਼ਰ ਨੂੰ ਭੁੱਲ

ਗਿਆ, ਆਪਣੇ ਆਪ ਨੂੰ ਭੁੱਲ ਗਿਆ ਇਸ ਨੂੰ ਪਤਾ ਹੀ ਨਹੀਂ ਲਗਦਾ ਕਿ ਮੈਂ ਕੌਣ ਹਾਂ? ਐਨਾ ਭੁਲਿਆ ਕਿ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈ, ਜੋ ਪਹਿਲਾਂ ਇਸ ਦੇ ਕੋਲ ਨਹੀਂ ਸੀ ਤੇ ਕੁਝ ਸਮੇਂ ਤੋਂ ਬਾਅਦ ਫੇਰ ਇਸ ਦੇ ਕੋਲ ਨਹੀਂ ਹੋਏਗੀ, ਜਿਹੜਾ ਇਸ ਦਾ ਆਪਣਾ ਆਪ ਹੈ ਇਸ ਵਲ ਕਦੇ ਧਿਆਨ ਹੀ ਨਹੀਂ ਦਿੰਦਾ ਕਿ ਮੈਂ ਕੌਣ ਹਾਂ? ਜਦੋਂ ਪ੍ਰਕ੍ਰਿਤੀ ਦੇ ਨਾਲ ਜਾ ਕੇ ਰਲਦਾ ਹੈ ਤਾਂ ਇਥੇ ਆ ਕੇ ਕਰਮ ਕਰਦਾ ਹੈ ਤੇ ਕਰਮ ਕਰਕੇ ਇਹ ਕਹਿੰਦਾ ਹੈ ਕਿ ਮੈਂ ਕਰਿਆ ਹੈ। ਚਾਹੇ ਚੰਗਾ ਕਰਮ ਕਰ ਲਏ ਚਾਹੇ ਮਾੜੇ ਕਰਮ ਕਰ ਲਏ ਤਾਂ ਦੋਵੇਂ ਕਰਮਾਂ 'ਚ ਜੰਜੀਰਾਂ ਪੈ ਜਾਂਦੀਆਂ ਨੇ। ਚਾਹੇ ਸੋਨੇ ਦੀ ਬੇੜੀ ਲੱਗੀ ਹੋਵੇ ਚਾਹੇ ਲੋਹੇ ਦੀ ਲੱਗੀ ਹੋਵੇ ਹੈ ਤਾਂ ਬੰਧਨ ਹੀ ਲੇਕਿਨ ਇਸ ਦੀ ਰੁਚੀ ਮਾਇਆ ਵਲ ਹੋਣ ਕਰਕੇ ਇਸ ਦੇ ਜੋ ਪੰਜ ਵਿਸ਼ੇ ਨੇ, ਜਿਨ੍ਹਾਂ ਤੋਂ ਇਸ ਮਾਇਆ ਦੀ ਉਤਪਤੀ ਹੋ ਕੇ ਇਸ ਦੀ ਫੈਲਾਓ ਹੋਈ ਹੈ। ਉਹ ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜ ਵਿਸ਼ੇ ਨੇ।

ਸ਼ਬਦ ਤੋਂ ਆਕਾਸ਼ ਹੋਇਆ ਹੈ, ਸਪਰਸ਼ ਤੋਂ ਹਵਾ ਬਣੀ ਹੈ, ਰੂਪ ਤੋਂ ਅਗਨ ਬਣੀ ਹੈ, ਰਸ ਤੋਂ ਪਾਣੀ ਬਣਿਆ ਹੈ, ਗੰਧ ਤੋਂ ਮਿੱਟੀ ਬਣੀ ਹੈ ਤੇ ਇਨ੍ਹਾਂ ਦੇ ਜਿਹੜੇ ਸੂਖਸ਼ਮ (ਸੂਖਮ) ਭੂਤ ਨੇ, ਪੰਜ ਉਹ ਬਣੇ ਨੇ ਜਿਨ੍ਹਾਂ ਨੂੰ ਪੰਜ ਜਜ਼ਬੇ ਕਹਿੰਦੇ ਨੇ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਇਨ੍ਹਾਂ ਦੇ ਨਾਲ ਫੇਰ ਬਹੁਤ ਚੀਜ਼ਾਂ ਬਣ ਗਈਆਂ। ਇਹ ਸਾਰੀਆਂ ਚੀਜ਼ਾਂ ਹਉਮੈ ਤੱਤ ਦੇ ਵਿਚੋਂ ਪੈਦਾ ਹੋਈਆਂ ਹਨ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥* *ਅੰਗ - 946*

ਇਸ ਹਉਮੈ ਦਾ ਕੰਮ ਇਹ ਹੈ ਕਿ ਇਸ ਨੇ ਨਾਮ ਨੂੰ ਕੱਟ ਦੇਣਾ ਹੈ। ਨਾਮ ਇਸ ਦੇ ਅੰਦਰ ਹਰ ਵਕਤ ਚਲਦਾ ਹੈ, ਕੋਈ ਸਮਾਂ ਨਹੀਂ ਹੈ ਜਿਸ ਵਕਤ ਇਸ ਦੇ ਅੰਦਰੋਂ ਨਾਮ ਖਤਮ ਹੋ ਜਾਵੇ, ਬੰਦ ਹੋ ਜਾਵੇ। ਹਉਮੈ ਨੇ ਇਸ ਜੀਵਨ ਦੀ ਬੁੱਧੀ ਨੀਵੇਂ ਦਰਜੇ ਦੀ ਕਰ ਦਿਤੀ। ਪ੍ਰਕ੍ਰਿਤੀ ਦੇ ਨਾਲ ਰਲ ਕੇ ਜਿਹੜੀ ਹੋਣੀ ਸੀ ਉਹ ਤਾਂ ਹੋ ਗਈ ਜਿਹੜੀ ਇਸ ਦੇ ਅੰਦਰ ਆਤਮਕ ਜਾਗਰਤਾ ਸੀ ਉਹ ਬਿਲਕੁਲ ਘਟ ਗਈ। ਭੁੱਲ ਗਿਆ, ਇਸ ਨੂੰ ਪਤਾ ਹੀ ਨਹੀਂ ਹੈ ਕਿ ਮੇਰੀ ਕੋਈ ਹੋਰ ਜਾਗ ਵੀ ਹੈ। ਇਹ ਪ੍ਰਕ੍ਰਿਤੀ ਦੀ ਜਾਗ ਵਿਚ ਜਾਗਦਾ ਹੈ। ਮਹਾਰਾਜ ਕਹਿੰਦੇ ਪ੍ਰਕ੍ਰਿਤੀ ਦੀ ਜਿਹੜੀ ਜਾਗੀ ਹੈ ਇਹ ਇਕ ਨੀਂਦ ਹੈ ਜ਼ਬਰਦਸਤ ਕਿਉਂਕਿ ਇਸ ਦੇ ਵਿਚ ਤਿੰਨ ਗੁਣ ਨੇ ਰਜੋ ਗੁਣ, ਤਮੋ ਗੁਣ, ਸਤੋ ਗੁਣ। ਇਸ ਨੀਂਦ ਵਿਚ ਇਹ ਸਦਾ ਹੀ ਸੁੱਤਾ ਰਹਿੰਦਾ ਹੈ, ਗਾੜ੍ਹੀ ਨੀਂਦ ਵਿਚ ਸੁੱਤਾ ਪਿਆ ਹੈ। ਸੁਪਨੇ ਵਿਚ ਜਿਵੇਂ ਜੀਵ ਦਾ ਹਾਲ ਹੁੰਦਾ ਹੈ ਇਸੇ ਤਰ੍ਹਾਂ ਉਹ ਸੁਪਨਾ ਰਾਤ ਦਾ ਹੁੰਦਾ ਹੈ। ਜਾਗ ਆ ਜਾਂਦੀ ਹੈ, ਰਾਤ ਮੁੱਕ ਜਾਂਦੀ ਹੈ। ਇਕ ਸੁਪਨਾ ਹੈ ਸਾਰੀ ਹੀ ਜ਼ਿੰਦਗੀ ਦਾ। ਜਦੋਂ ਤੋਂ ਪ੍ਰਮੇਸ਼ਰ ਨੇ ਇਸ ਦਾ ਵਜੂਦ ਕਾਇਮ ਕੀਤਾ ਹੈ ਉਦੋਂ ਤੋਂ ਇਸ ਨੂੰ ਜਾਗ ਨਹੀਂ ਆਈ ਸੁੱਤਾ ਹੀ ਪਿਆ ਹੈ। ਅਨੇਕਾਂ ਕਿਸਮ ਦੇ ਸੁਪਨੇ ਦੇਖ ਰਿਹਾ ਹੈ ਕਿਤੇ ਰਾਜਾ ਬਣ ਜਾਂਦਾ ਹੈ, ਕਿਤੇ ਗਰੀਬ ਬਣ ਜਾਂਦਾ ਹੈ, ਕਿਤੇ ਕੋਠੀਆਂ ਦਾ ਮਾਲਕ ਬਣ ਜਾਂਦਾ ਹੈ, ਕਿਸੇ ਥਾਂ ਤੇ ਫੁਟ-ਪਾਥ ਤੇ ਸੌਂਦਾ ਹੈ। ਅਨੇਕਾਂ ਸੁਪਨਿਆਂ ਦੇ ਇਹ ਦ੍ਰਿਸ਼ ਦੇਖ ਚੁੱਕਿਆ ਹੈ ਲੇਕਿਨ ਇਸਨੂੰ ਜਾਗ ਨਹੀਂ ਆਉਂਦੀ। ਕਹਿੰਦੇ ਇਕੱਲਾ ਇਹੀ ਨਹੀਂ ਹੈ ਸਾਰਾ ਹੀ ਸੰਸਾਰ ਸੁੱਤਾ ਪਿਆ ਹੈ-

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥*
*ਅੰਗ - 920*

ਕਹਿੰਦੇ ਜੇ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਜਾਗ ਆ ਜਾਂਦੀ ਹੈ, ਨਹੀਂ ਤਾਂ ਗੁਰੂ ਦੀ ਕ੍ਰਿਪਾ ਤੋਂ ਬਗੈਰ ਇਸ ਨੂੰ ਜਾਗ ਨਹੀਂ ਆਇਆ ਕਰਦੀ। ਸੋ ਇਸ ਨੀਂਦ ਦੇ ਅੰਦਰ ਇਕ ਨਵੀਂ ਦੁਨੀਆਂ ਸ਼ੁਰੂ ਹੋ ਗਈ ਪ੍ਰਮੇਸ਼ਰ ਨੂੰ ਭੁੱਲ ਕੇ ਉਸ ਦੇ ਆਪਣੇ ਨਿਯਮ ਨੇ, ਆਪਣੇ regulation (ਨਿਯਮ-ਬੱਧਤਾ) ਨੇ, ਆਪਣੇ ਸਿਧਾਂਤ ਨੇ। ਉਨ੍ਹਾਂ ਵਿਚ ਇਹ ਕਰਮ ਕਰਦਾ ਹੈ। ਕਰਮ ਕਰਨ ਨਾਲ ਬੰਨ੍ਹਿਆ ਜਾਂਦਾ ਹੈ। ਇਸ ਦੀ ਜੋ ਰੁਚੀ ਹੈ ਮਾਇਆ ਦੀ ਉਹ ਚੰਗੇ ਪਾਸੇ, ਸ਼ੁਭ ਵਲ ਨੂੰ ਨਹੀਂ ਹੈ। ਇਸ ਦੀ ਰੁਚੀ ਹੈ ਭੋਗਾਂ ਵਲ ਨੂੰ। ਇਸ ਦੇ ਵਿਚ ਫੇਰ ਪੈਸਾ ਜੋੜਦਾ ਹੈ। ਪੈਸਾ ਜੋੜਨ ਵਾਸਤੇ ਫੇਰ ਪਾਪ ਕਰਦਾ ਹੈ -

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥*
*ਅੰਗ - 417*

ਸੋ ਉਸ ਦੇ ਵਾਸਤੇ ਬੇਅੰਤ ਕਿਸਮ ਦੇ ਗਲਤ ਕੰਮ ਕਰਦਾ ਹੈ, ਮਿਲਾਵਟਾਂ ਕਰਦਾ ਹੈ, ਧੋਖੇ ਕਰਦਾ ਹੈ, ਫਰੇਬ ਕਰਦਾ ਹੈ, ਰਿਸ਼ਵਤਾਂ ਲੈਂਦਾ ਹੈ ਤੇ ਸਾਰਾ ਹੀ ਜੀਵਨ ਇਨ੍ਹਾਂ ਗੱਲਾਂ ਵਿਚ ਲੰਘ ਜਾਂਦਾ ਹੈ ਕਿ ਮੈਂ ਜ਼ਿਆਦਾ ਪੈਸੇ ਪੈਦਾ ਕਰਾਂ, ਬਾਲ ਬੱਚਿਆਂ ਵਾਸਤੇ ਬਣਾਵਾਂ। ਇਹ ਕਰਦਾ-ਕਰਦਾ ਸੰਸਾਰ ਤੋਂ ਤੁਰ ਜਾਂਦਾ ਹੈ। ਇਸ ਦੇ ਜਿਹੜੇ ਨੇ.....ਕਿਉਂਕਿ ਅਗਿਆਨ ਹੈ ਤੇ ਅਗਿਆਨ ਦੇ ਨਾਲ ਕਰਮ ਜਿਹੜੇ ਨੇ ਉਹ ਅੰਤਸ਼ਕਰਨ ਦੇ ਵਿਚ ਜਮ੍ਹਾਂ ਹੋ ਜਾਂਦੇ ਨੇ। ਤਿੰਨ ਕਿਸਮ ਦੇ ਕਰਮ ਹੋਇਆ ਕਰਦੇ ਨੇ। ਇਕ ਤਾਂ ਉਹ ਕਰਮ ਨੇ ਜਿਹੜੇ ਸਾਡੇ ਅੰਤਸ਼ਕਰਨ ਦੇ ਗੁਦਾਮ

ਵਿਚ ਜਮ੍ਹਾਂ ਪਏ ਨੇ। ਉਹ ਹਜ਼ਾਰ ਸਾਲ ਦੇ ਵੀ ਉਥੇ ਪਏ ਨੇ, ਲੱਖ ਸਾਲ ਦੇ ਵੀ ਉਥੇ ਪਏ ਨੇ, ਪੰਜ-ਦੱਸ ਸਾਲ ਦੇ ਵੀ ਉਥੇ ਪਏ ਨੇ ਤੇ ਇਸ ਜਨਮ ਤੋਂ ਪਹਿਲਾਂ ਜੋ ਸੀ ਉਹ ਵੀ ਉਥੇ ਪਏ ਨੇ। ਉਸ ਸਟੋਰ ਦਾ ਨਾਂ ਅੰਤਸ਼ਕਰਣ ਹੈ। ਉਸ ਦੇ ਚਾਰ ਰੂਪ ਨੇ। ਇਕ ਮਨ ਹੈ, ਇਕ ਬੁੱਧੀ ਹੈ, ਇਕ ਚਿੱਤ ਹੈ ਤੇ ਇਕ ਮੈਂ ਹੈ। ਚਾਰਾਂ ਨੂੰ ਜੇ ਮਿਲਾ ਦੇਈਏ ਉਸ ਨੂੰ ਅੰਤਸ਼ਕਰਣ ਕਹਿੰਦੇ ਨੇ। ਇਹ ਇਕ ਭਾਂਡਾ ਬਣ ਜਾਂਦਾ ਹੈ। ਭਾਂਡਾ ਬਣਦਾ ਹੈ ਇਹ ਅਗਿਆਨ ਦੀ ਮਿੱਟੀ ਦੇ ਨਾਲ। ਇਸ ਭਾਂਡੇ ਵਿਚ ਜਾਨ ਪੈਂਦੀ ਹੈ ਆਤਮਾ ਦੇ ਨਾਲ।

ਸੋ ਇਸ ਨੂੰ ਅਗਿਆਨ ਹੋਣ ਕਰਕੇ ਇਸ ਦੇ ਕਰਮ ਅੰਤਸ਼ਕਰਨ ਦੇ ਵਿਚ ਟਿਕ ਜਾਂਦੇ ਨੇ। ਇਸ ਤਰ੍ਹਾਂ ਕਰਮਾਂ ਦਾ ਲੇਖਾ-ਜੋਖਾ ਵਧਦਾ ਹੀ ਤੁਰਿਆ ਜਾਂਦਾ ਹੈ। ਉਸ ਦਾ ਫਲ ਭੋਗਣ ਵਾਸਤੇ ਫੇਰ ਇਸਨੂੰ ਨਵਾਂ ਜਨਮ ਲੈਣਾ ਪੈਂਦਾ ਹੈ। ਅਗਲੇ ਜਨਮ ਫੇਰ ਕਰਮ ਕਰਦਾ ਹੈ ਉਸ ਤੋਂ ਬਾਅਦ ਫੇਰ ਅਗਲਾ ਜਨਮ, ਫੇਰ ਕਰਮ ਕਰਦਾ ਹੈ। ਅੱਖੀ ਜਿਹੜੇ ਦੂਸਰੇ ਕਰਮ ਨੇ ਉਹ ਵਧਦੇ ਜਾਂਦੇ ਨੇ ਜਿਨ੍ਹਾਂ ਨੂੰ ਪਾਪ ਕਰਮ ਕਹਿੰਦੇ ਨੇ। ਪੁੰਨ ਕਰਮ ਘਟ ਜਾਂਦੇ ਨੇ, ਥੋੜ੍ਹੇ ਹੁੰਦੇ ਨੇ ਤੇ ਪਾਪ-ਪੁੰਨ ਦੇ ਨਾਲ ਫੇਰ ਸਰੀਰ ਮਿਲਿਆ ਕਰਦਾ ਹੈ। ਪਾਪ ਬਹੁਤੇ ਹੋਣ ਤਾਂ ਸਰੀਰ ਰੋਗੀ ਮਿਲਦਾ ਹੈ, ਗਰੀਬੀ ਪੱਲੇ ਪੈਂਦੀ ਹੈ, ਚਿੰਤਾ ਮਨ ਵਿਚ ਰਹਿੰਦੀ ਹੈ, ਦੁੱਖ ਹੀ ਦੁੱਖ ਮਿਲਦਾ ਹੈ। ਜੇ ਪੁੰਨ ਕਰਮ ਵਧੇ ਹੋਣ ਤਾਂ ਸਤਿਸੰਗ ਮਿਲਦਾ ਹੈ, ਸਾਧੂਆਂ ਦੀ ਸੰਗਤ ਮਿਲਦੀ ਹੈ, ਗੁਰੂ ਦਾ ਬਚਨ ਕਮਾਉਣ ਦੀ ਸ਼ਕਤੀ ਮਿਲਦੀ ਹੈ, ਗੁਰੂ-ਘਰ ਦੇ ਵਿਚ ਜਾਂਦਾ ਹੈ, ਜਾਗ ਜਿਹੀ ਇਸ ਦੇ ਅੰਦਰ ਆਉਂਦੀ ਰਹਿੰਦੀ ਹੈ। ਇਹ ਸ਼ੁਭ ਕਰਮਾਂ ਦੀ ਨਿਸ਼ਾਨੀ ਹੁੰਦੀ ਹੈ। ਮਾੜੇ ਜਿਹੜੇ ਕਰਮ ਨੇ ਉਹ ਸਤਿਸੰਗ ਵਿਚ ਨਹੀਂ ਆਉਣ ਦਿੰਦੇ। ਸਤਿਸੰਗ ਵਿਚ ਆਉਣ ਤੋਂ ਕੋਈ ਰੋਕਦਾ ਨਹੀਂ ਹੈ ਲੇਕਿਨ ਫੇਰ ਵੀ ਜਿਹੜੇ ਐਸੇ ਕਰਮ ਕੀਤੇ ਹੋਏ ਨੇ ਉਹ ਮਨ ਦੀ ਰੁਚੀ ਨਹੀਂ ਬਣਨ ਦਿੰਦੇ। ਜੇ ਭਲਾਂ ਆ ਵੀ ਜਾਵੇ ਤਾਂ ਉਸਨੂੰ ਕੱਟ ਦਿੰਦੇ ਨੇ। ਸੋ ਉਹ ਸਤਿਸੰਗ ਵਿਚ ਨਹੀਂ ਆ ਸਕਦਾ।

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ਅੰਗ - 95*

ਇਹ ਭਾਗਾਂ ਵਾਲੀ ਚੀਜ਼ ਹੈ ਉਂਜ ਨਹੀਂ ਪ੍ਰਾਪਤ ਹੋਇਆ ਕਰਦੀ। ਸੋ ਇਨ੍ਹਾਂ ਦੋ ਚੀਜ਼ਾਂ ਦਾ ਬਣਿਆ ਹੋਇਆ ਸਰੀਰ ਪਾਪ ਤੇ ਪੁੰਨ ਦਾ ਘੁੰਮਦਾ ਫਿਰਦਾ ਹੈ। ਹੁਣ ਇਸ ਦਾ ਖਾਤਮਾ ਵੀ ਕਿਤੇ ਹੋਵੇ? ਮਹਾਰਾਜ ਕਹਿੰਦੇ ਇਕੋ ਤਰੀਕਾ ਹੈ ਹੋਰ ਕੋਈ ਤਰੀਕਾ ਨਹੀਂ ਕਿ ਕਦੇ ਇਸ ਨੂੰ ਫਿਰਦੇ-ਫਿਰਦੇ ਨੂੰ ਸਤਿਸੰਗ ਦਾ ਮਿਲਾਪ ਹੋ ਜਾਵੇ -

*ਕਬਹੂ ਸਾਧਸੰਗਤਿ ਇਹੁ ਪਾਵੈ॥ ਅੰਗ - 278*

ਸਾਧਨਾ ਸੰਪੰਨ, ਜਾਗੇ ਹੋਏ ਪੁਰਸ਼ ਜਿਸ ਦੇ ਅੰਦਰੋਂ ਅਗਿਆਨ ਦਾ ਨਾਸ਼ ਹੋ ਗਿਆ, ਜਿਸਨੂੰ ਪ੍ਰਮੇਸ਼ਰ ਪ੍ਰਤੱਖ ਹਰੇਕ ਚੀਜ਼ ਦੇ ਵਿਚ ਨਜ਼ਰ ਆਉਂਦਾ ਹੈ।

*............. ਰਵਿ ਰਹਿਆ ਭਰਪੂਰੇ ਰਾਮ॥*
*ਅੰਗ - 568*

ਉਸ ਨੂੰ ਸੰਤ ਕਹਿੰਦੇ ਨੇ, ਸਾਧੂ ਕਹਿੰਦੇ ਨੇ। ਕਹਿੰਦੇ ਉਸ ਦੀ ਸੰਗਤ ਮਿਲ ਜਾਵੇ ਕਦੇ ਇਸ ਨੂੰ, ਫਿਰਦੇ-ਫਿਰਦੇ ਨੂੰ। ਕੋਈ ਐਸਾ ਪੁੰਨ ਕਰਮ ਇਸ ਦਾ ਜਾਗ ਪਏ ਕਿ ਇਸਨੂੰ ਸੰਗਤ ਮਿਲ ਜਾਏ। ਸੰਗਤ ਮਿਲਣ ਤੋਂ ਫੇਰ ਇਹ ਉਥੋਂ ਬਾਹਰ ਨਹੀਂ ਆਉਂਦਾ।

*ਉਸੁ ਅਸਥਾਨ ਤੇ ਬਹੁਰਿ ਨ ਆਵੈ॥*
*ਅੰਤਰਿ ਹੋਇ ਗਿਆਨ ਪਰਗਾਸੁ॥ ਅੰਗ - 278*

ਕਿਉਂਕਿ ਜਦੋਂ ਲਗਨ ਦੇ ਨਾਲ ਸੰਗਤ ਕਰਦਾ ਹੈ, ਆਪਾ ਭਾਵ ਮਿਟਾ ਕੇ ਜਦੋਂ ਸੰਗਤ ਕਰਦਾ ਹੈ, ਪਿਆਰ ਨਾਲ ਕਰਦਾ ਹੈ ਤੇ ਉਸ ਦੇ ਉਤੇ ਆਪਣਾ-ਆਪ ਕੁਰਬਾਨ ਕਰ ਦਿੰਦਾ ਹੈ, ਫੇਰ ਉਹ ਸੰਗਤ ਏਸ ਨੂੰ ਖਿਚਦੀ ਰਹਿੰਦੀ ਹੈ ਫੇਰ ਇਹ ਉਥੋਂ ਨਹੀਂ ਆਉਂਦਾ, ਮੁੜਦਾ ਨਹੀਂ ਹੈ - ਅੱਗੇ ਨੂੰ ਤਾਂ ਵਧਦਾ ਹੈ, ਪਿਛੇ ਨੂੰ ਨਹੀਂ ਆਉਂਦਾ ਤੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਕਿਰਨ ਆ ਜਾਂਦੀ ਹੈ, ਸੋਝੀ ਆ ਜਾਂਦੀ ਹੈ ਕਿ ਮੈਂ ਕੌਣ ਹਾਂ? ਕਿਥੋਂ ਮੈਂ ਆਇਆ ਹਾਂ ਤੇ ਉਥੋਂ ਫੇਰ ਨਾਮ ਦੀ ਪ੍ਰਾਪਤੀ ਹੋ ਕੇ ਮੰਤਰ ਮਿਲ ਜਾਂਦਾ ਹੈ, ਗੁਰੂ ਧਾਰਨ ਕਰ ਲੈਂਦਾ ਹੈ। ਗੁਰੂ ਧਾਰਨ ਕਰਕੇ ਉਸ ਮੰਤਰ ਦਾ ਜਦੋਂ ਜਾਪ ਕਰਦਾ ਹੈ ਤਾਂ ਹਉਮੈ ਦੇ ਹਨ੍ਹੇਰੇ ਵਾਲੀ ਜੋ ਕੰਧ ਹੈ ਉਹ ਹਟਣੀ ਸ਼ੁਰੂ ਹੋ ਜਾਂਦੀ ਹੈ ਪ੍ਰਕਾਸ਼ ਆ ਜਾਂਦਾ ਹੈ ਅੰਦਰ। ਉਹ ਗਿਆਨ ਦਾ ਪ੍ਰਕਾਸ਼ ਅੰਦਰ ਪੈਦਾ ਹੋ ਜਾਂਦਾ ਹੈ ਤੇ ਉਸ ਅਸਥਾਨ ਦਾ ਜਿੱਥੇ ਉਸ ਦੀ ਸੋਚ ਪਹੁੰਚ ਜਾਂਦੀ ਹੈ, ਜਿੱਥੇ ਉਸ ਦਾ ਅਨੁਭਵ ਜਾਗ ਜਾਂਦਾ ਹੈ ਉਸ ਦਾ ਕਦੇ ਨਾਸ਼ ਨਹੀਂ ਹੁੰਦਾ ਉਹ ਸਦਾ ਹੀ ਥਿਰ ਥਾਂ ਹੈ, ਅਵਚਲ ਹੈ ਉਹ -

*ਮਨ ਤਨ ਨਾਮਿ ਰਤੇ ਇਕ ਰੰਗਿ॥ ਅੰਗ - 278*

ਫੇਰ ਨਾਮ ਦੇ ਰੰਗ ਵਿਚ ਪਿਆਰ ਵਿਚ ਇਸ ਦਾ ਮਨ ਰੰਗਿਆ ਜਾਂਦਾ ਹੈ ਤੇ ਪਾਰਬ੍ਰਹਮ ਪ੍ਰਮੇਸ਼ਰ ਇਸ ਨੂੰ ਅੰਦਰ-ਬਾਹਰ ਸਾਰੇ ਅਨੁਭਵ ਦੇ ਵਿਚ ਪ੍ਰਗਟ ਹੋ ਜਾਂਦਾ ਹੈ, ਉਸ ਦੇ ਨਾਲ ਰਹਿੰਦਾ ਹੈ -

***ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥ ਅੰਗ - 278***

ਕਹਿੰਦੇ ਜਦੋਂ ਏਸ ਤਰ੍ਹਾਂ ਹੋ ਜਾਵੇ, ਸੰਗਤ ਵਿਚ ਆਵੇ ਤਾਂ ਪਹਿਲਾ ਕੰਮ ਏਸ ਦਾ ਹੁੰਦਾ ਹੈ ਕਿ ਜਿਉਂ-ਜਿਉਂ ਬਾਣੀ ਸੁਣਦਾ ਹੈ, ਜਿਉਂ-ਜਿਉਂ ਬਚਨਾਂ ਨੂੰ ਸੁਣ ਕੇ ਹਿਰਦੇ 'ਚ ਧਾਰਨ ਕਰਦਾ ਹੈ - ਹਿਰਦੇ 'ਚ ਧਾਰਨ ਕਰਕੇ ਜਦੋਂ ਕਮਾਈ ਕਰਦਾ ਹੈ, ਫੇਰ ਕੀ ਹੁੰਦਾ ਹੈ? ਇਸ ਦੇ ਪਾਪ ਉਤਰਨੇ ਸ਼ੁਰੂ ਹੋ ਜਾਂਦੇ ਨੇ। ਸੋ ਉਹ ਸੰਗਤ ਜੋ ਰਾਮ ਦੇ ਦਾਸਾਂ ਦੀ ਹੈ - ਜਿਸਨੂੰ ਸਤਿਸੰਗ ਵੀ ਕਿਹਾ ਹੈ, ਰਾਮਦਾਸ ਸੰਗਤ ਵੀ ਕਿਹਾ ਹੈ, ਸਰੋਵਰ ਵੀ ਕਿਹਾ ਹੈ ਏਸ ਨੂੰ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਉਂਦਾ ਹੈ ਕਿ -

***ਰਾਮਦਾਸਿ ਸਰੋਵਰ ਨਾਤੇ॥ ਅੰਗ - 624***

ਉਹ ਸਤਿਸੰਗ ਦੇ ਵਿਚ ਆ ਕੇ ਜਦੋਂ ਮਨ ਦਾ ਇਸ਼ਨਾਨ ਕਰਾਉਂਦਾ ਹੈ ਫੇਰ ਉਸ ਦਾ ਅਸਰ ਇਹ ਹੁੰਦਾ ਹੈ ਕਿ ਜਿੰਨੇ ਪਾਪ ਕੀਤੇ ਹੋਏ ਨੇ, ਜਨਮਾਂ-ਜਨਮਾਂਤਰਾਂ ਦੇ ਅੰਦਰ ਉਨ੍ਹਾਂ ਦੇ ਕੱਟਣ ਦੀ ਵਿਧੀ ਇਸਨੂੰ ਪ੍ਰਾਪਤ ਹੋ ਜਾਂਦੀ ਹੈ। ਉਹ ਇਸ ਤਰ੍ਹਾਂ ਹੈ ਜਿਵੇਂ ਇਕ ਕੋਠਾ ਭਰਿਆ ਹੋਵੇ ਦਾਨਿਆਂ ਦਾ, ਬੀਜ ਰੱਖਿਆ ਹੋਵੇ ਉਸ ਦੇ ਵਿਚ। ਉਥੇ ਸੇਕ ਲੱਗ ਜਾਵੇ, ਸੇਕ ਲੱਗਣ ਦੇ ਨਾਲ ਜਿਹੜੇ ਦਾਣੇ ਨੇ ਉਹ ਝੁਲਸੇ ਜਾਂਦੇ ਨੇ, ਮੁੜ ਕੇ ਉਹ ਹਰੇ ਨਹੀਂ ਹੁੰਦੇ। ਇਸੇ ਤਰ੍ਹਾਂ ਜਦੋਂ ਇਹ ਸਤਿਸੰਗ ਦੇ ਵਿਚ ਆਉਂਦਾ ਹੈ, ਇਸ ਨੂੰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਸਾਧੂ ਦੀ ਸੰਗਤ ਕਰਨ ਨਾਲ। ਉਸ ਵੇਲੇ ਗਿਆਨ ਦੇ ਪ੍ਰਕਾਸ਼ ਤੇ ਤੇਜ਼ ਦੇ ਨਾਲ ਇਸ ਦੇ ਜੋ ਪਾਪ ਨੇ ਉਹ ਜਲੇ ਸ਼ੁਰੂ ਹੋ ਜਾਂਦੇ ਨੇ, ਉਨ੍ਹਾਂ ਵਿਚ ਮੁੜ ਕੇ ਜੰਮਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਜਿਹੜੇ ਅੱਗੇ ਕਰਮ ਕਰਦਾ ਹੈ, ਉਹ ਕਰਦਾ ਹੀ ਨਹੀਂ ਕਿਉਂਕਿ ਉਸ ਦੇ ਅੰਦਰ ਗਿਆਨ ਹੁੰਦਾ ਹੈ ਉਹ ਕਹਿੰਦਾ ਹੈ ਮੈਂ ਕੁਝ ਕਰਦਾ ਹੀ ਨਹੀਂ ਹਾਂ ਜੋ ਕੁਝ ਹੋ ਰਿਹਾ ਹੈ ਹੁਕਮ ਦੀ ਖੇਡ ਹੋ ਰਹੀ ਹੈ। ਕੋਈ ਗਾਲ੍ਹਾਂ ਕੱਢ ਗਿਆ ਉਹ ਵੀ ਹੁਕਮ ਦੀ ਖੇਡ ਹੈ, ਕੋਈ ਮੰਦੇ ਸ਼ਬਦ ਬੋਲ ਗਿਆ ਉਹ ਵੀ ਹੁਕਮ ਦੀ ਖੇਡ ਹੈ, ਕਿਸੇ ਨੇ ਪ੍ਰਸ਼ੰਸਾ ਕਰ ਦਿਤੀ ਉਹ ਵੀ ਹੁਕਮ ਦੀ ਖੇਡ ਹੈ ਉਹ ਆਪਣੇ ਆਪ ਤੇ ਲੈਂਦਾ ਹੀ ਨਹੀਂ ਹੈ, ਅਪਣਾਉਂਦਾ ਨਹੀਂ ਹੈ।

ਸੋ ਜਦੋਂ ਇਸ ਗੱਲ ਦਾ ਪ੍ਰਤੱਖ ਗਿਆਨ ਹੋ ਜਾਂਦਾ ਹੈ, ਇਕ ਤਾਂ ਮੂੰਹ ਨਾਲ ਹੀ ਕਹਿੰਦਾ ਹੈ ਕਿ ਮੈਂ ਤਾਂ ਜੀ ਕੁਝ ਨਹੀਂ ਕਰਦਾ ਦਾਸ ਹਾਂ ਲੇਕਿਨ ਜੇ ਦੂਸਰਾ ਆਦਮੀ ਕਹਿ ਦੇਵੇ ਕਿ ਹਾਂ ਤੂੰ ਕੁਝ ਨਹੀਂ ਕਰਦਾ, ਇਸ ਨੇ ਕੀ ਕਰਿਆ ਹੈ ਕੁਝ ਵੀ ਨਹੀਂ ਕਰਿਆ ਤਾਂ ਗੁੱਸਾ ਆਏਗਾ ਓਸਨੂੰ ਕਿ ਮੈਂ ਤਾਂ ਬੜਾ ਕੁਝ ਕਰਿਆ ਹੈ ਤੇ ਮੈਨੂੰ ਐਉ ਕਹਿੰਦੇ ਨੇ। ਆਪਣੇ ਆਪ ਹੀ ਕਹੀ ਜਾਏਗਾ ਕਿ ਮੈਂ ਤਾਂ ਜੀ ਦਾਸ ਹਾਂ ਮੈਥੋਂ ਤਾਂ ਕੁਝ ਹੁੰਦਾ ਨਹੀਂ। ਇਸ ਦਾ ਮਤਲਬ ਇਹ ਹੈ ਕਿ ਅੰਦਰ ਅਗਿਆਨ ਤਾਂ ਹੈ ਪਰ ਉਪਰੋਂ ਮੂੰਹ ਨਾਲ ਗੱਲਾਂ ਕਰਦਾ ਹੈ ਲੇਕਿਨ ਜਦੋਂ ਅੰਦਰੋਂ ਗਿਆਨ ਦਾ ਪ੍ਰਕਾਸ ਹੋ ਜਾਵੇ ਤੇ ਤੱਤ ਦੀ ਸੋਝੀ ਆ ਜਾਵੇ, ਵਾਹਿਗੁਰੂ ਜਿਹੜਾ ਪਰੀਪੂਰਨ ਹੈ ਉਸ ਦੇ ਵਿਚ ਇਸ ਦਾ ਹਰ ਵਕਤ ਦਾ ਵਾਸਾ ਹੋ ਜਾਵੇ ਤਾਂ ਉਸ ਗਿਆਨ ਦੇ ਪ੍ਰਕਾਸ਼ ਨਾਲ ਅੰਤਸ਼ਕਰਣ ਦੇ ਵਿਚੋਂ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਐਉਂ ਸਮਝ ਲਓ ਕਿ ਭਾਂਡਾ ਟੁੱਟ ਜਾਂਦਾ ਹੈ ਜੋ ਅਗਿਆਨ ਨੇ ਬਣਾਇਆ ਸੀ। ਭਾਂਡਾ ਟੁੱਟਣ ਨਾਲ ਜਿਹੜੀ ਵਸਤੂ ਉਸ ਦੇ ਵਿਚ ਪਈ ਸੀ ਉਹ ਸਾਰੀ ਖਿੰਡ ਜਾਂਦੀ ਹੈ, ਉਹ ਨਾਸ਼ ਹੋ ਜਾਂਦੀ ਹੈ ਮੁੜ ਕੇ ਉਸ ਦੇ ਵਿਚ ਜੰਮਣ ਦੀ ਤਾਕਤ ਨਹੀਂ ਰਹਿੰਦੀ ਫੇਰ ਜਿਹੜੇ ਕਰਮ ਅੱਗੇ ਕਰਦਾ ਹੈ ਉਹ ਹਉਂ ਧਾਰ ਕੇ ਨਹੀਂ ਕਰਦਾ ਹੁਕਮ ਵਿਚ ਕਰਦਾ ਹੈ, ਹੁਕਮ ਦੀ ਸੋਝੀ ਆ ਜਾਂਦੀ ਹੈ ਓਸ ਨੂੰ, ਅੰਦਰੋਂ ਬਾਹਰੋਂ ਜਾਣਦਾ ਹੈ। ਮੂੰਹ ਨਾਲ ਨਹੀਂ ਕਹਿੰਦਾ -

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥***
***ਅੰਗ - 930***

ਮੂੰਹ ਨਾਲ ਤਾਂ ਕਹੀ ਜਾਂਦਾ ਹੈ ਕਿ ਵਾਹਿਗੁਰੂ ਹੀ ਹੈ ਇਥੇ ਕੋਈ ਨਹੀਂ ਲੇਕਿਨ ਅੰਦਰ ਹਉਮੈ ਵੀ ਹੈ ਤੇ ਅਭਿਮਾਨ ਵੀ ਹੈ।

***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥***
***ਅੰਗ - 930***

ਜੇ ਤਾਂ ਅੰਦਰ ਤੇ ਬਾਹਰ ਇਕੋ ਹੀ ਕਰ ਲਿਆ ਓਸ ਨੇ ਕਿ ਬਾਹਰ ਵੀ ਤੂੰ ਹੈ ਤੇ ਮੈਂ ਅੰਦਰ ਵੀ ਤੂੰ ਹੈ। ਕਹਿੰਦੇ ਫੇਰ ਤਾਂ ਮਹੱਲ ਮਿਲ ਜਾਂਦਾ ਹੈ ਵਾਹਿਗੁਰੂ ਦਾ ਨਹੀਂ ਤਾਂ ਗੱਲਾਂ ਬਾਤਾਂ ਲੰਘ ਜਾਂਦੀਆਂ ਨੇ।

ਸੋ ਏਸ ਤਰ੍ਹਾਂ ਦਾ ਜਦੋਂ ਗਿਆਨ ਪ੍ਰਕਾਸ਼ ਹੁੰਦਾ ਹੈ ਤਾਂ ਫੇਰ ਉਹ ਕਰਮ ਨਹੀਂ ਕਰਦਾ ਤੇ ਕਰਮ ਓਸਨੂੰ ਚਿੰਬੜਦੇ ਨਹੀਂ ਹਨ ਨਾ ਚੰਗੇ ਕਰਮ ਫਲ ਦਿੰਦੇ ਨੇ ਤੇ ਨਾ ਮੰਦੇ ਕਰਮ ਫਲ ਦਿੰਦੇ ਨੇ। ਫੇਰ ਜਿਹੜਾ ਉਨ੍ਹਾਂ ਕਰਮਾਂ ਦਾ ਫਲ ਹੁੰਦਾ ਹੈ ਉਹ ਤਾਂ ਰਹਿੰਦਾ ਹੈ ਲੇਕਿਨ ਉਹ ਓਸ ਦੇ ਹਿੱਸੇ ਵਿਚ ਨਹੀਂ ਆਉਂਦਾ, ਕਿਸੇ ਹੋਰ ਪਾਸੇ ਚਲਿਆ ਜਾਂਦਾ ਹੈ। ਫੇਰ ਜਿਹੜੇ ਉਸ ਦੇ ਨਾਲ ਪਿਆਰ ਕਰਦੇ ਨੇ, ਉਸ ਦੀ ਉਪਮਾ ਕਰਦੇ ਨੇ, ਓਸ ਦੀ ਸੇਵਾ ਕਰਦੇ ਨੇ। ਉਨ੍ਹਾਂ ਨੂੰ ਉਹ ਸਾਰੇ ਹੀ ਪੁੰਨ ਜਿਹੜੇ ਉਸ ਨੇ ਕੀਤੇ ਹੁੰਦੇ ਨੇ, ਕਿਉਂਕਿ ਉਹ ਤਾਂ ਸਾਂਭਦਾ ਨਹੀਂ ਤੇ ਜਿਹੜਾ ਉਨ੍ਹਾਂ ਪੁੰਨਾਂ ਦਾ ਫਲ

(ਬਾਕੀ ਪੰਨਾ 46 ਤੇ)

(ਪੰਨਾ 24 ਦੀ ਬਾਕੀ)

ਉਪਰੰਤ ਸਭ ਨੇ ਲੰਗਰ ਛਕਿਆ ਤੇ ਲੰਡਨ ਅਰਵਿੰਦਰ ਤੱਖਰ ਜੀ ਦੇ ਘਰ (ਰਾਜ ਜੀ) ਦੇ ਘਰ ਚਾਲੇ ਪਾਏ ਤੇ ਸਾਨੂੰ ਓਥੇ ਸਾਊਥਹਾਲ ਪਹੁੰਚਦਿਆਂ ਰਾਤ ਦਾ ਇਕ ਵਜ ਗਿਆ। ਇਥੇ ਸਾਰਿਆਂ ਨੇ ਬੜਾ ਹੀ ਨਿੱਘਾ ਪਿਆਰ ਦਿੰਦਿਆਂ ਜੀ ਆਇਆਂ ਕਿਹਾ। ਰਾਜ ਜੀ, ਗੁੱਡ ਜੀ, ਰਾਜ ਜੀ ਦੇ ਬੱਚੇ ਕੈਂਪਸ, ਲੀਟਾ ਅਨਿਲ। ਸਾਨੂੰ ਮਹਾਰਾਜ ਜੀ ਦਾ ਕਮਰਾ ਦਿਖਾਇਆ, ਮਹਾਰਾਜ ਜੀ ਦੇ ਵਸਤਰ, ਮਹਾਰਾਜ ਜੀ ਦੀ ਕੁਰਸੀ। ਇਹ ਗੱਲ ਇਥੇ ਦੱਸਣ ਯੋਗ ਹੈ ਕਿ ਮਹਾਰਾਜ ਜੀ ਰਾਜ ਜੀ ਦੇ ਗ੍ਰਹਿ ਵਿਖੇ ਤਕਰੀਬਨ ਤਿੰਨ ਮਹੀਨੇ ਰਹੇ ਹਨ। ਵਾਸਤਵ ਵਿਚ ਉਨ੍ਹਾਂ ਲਈ ਕੋਈ ਵੀ ਵਸਤੂ ਕੋਈ ਵੀ ਚੀਜ਼ ਇਕ ਦਮ ਨਵੇਕਲੀ ਕਰਕੇ ਰੱਖ ਦੇਣੀ ਬੜੀ ਔਖੀ ਹੈ, ਉਸ ਘਰ ਦੀ ਹਰ ਚੀਜ਼ ਨੂੰ ਮਹਾਰਾਜ ਜੀ ਦੀ ਛੋਹ ਪ੍ਰਾਪਤ ਹੈ, ਚਾਹੇ ਉਹ ਕਮਰਾ ਹੋਵੇ, ਬਿਸਤਰਾ, ਕੁਰਸੀ, ਲਿਖਣ ਵਾਲਾ ਮੇਜ਼, ਖਾਣਾ ਖਾਣ ਦਾ ਮੇਜ਼, ਬੈਠਕ ਵਿਚ ਕੁਰਸੀ, ਉਹ ਤਾਂ ਇਕ ਛੋਟਾ ਜਿਹਾ ਮਹਾਰਾਜ ਜੀ ਦਾ ਮਿਊਜ਼ੀਅਮ ਜੇ ਉਸ ਨੂੰ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਤਿਕਾਰਯੋਗ ਮਾਤਾ ਜੀ ਵੀ ਉਥੇ ਰਹੇ ਹਨ। ਮਹਾਰਾਜ ਜੀ ਦੀਆਂ ਗੱਲਾਂ ਕਰਦਿਆਂ ਰਾਜ ਜੀ ਦੀਆਂ ਅੱਖਾਂ ਤਾਂ ਸੱਜਲ ਹੀ ਰਹਿੰਦੀਆਂ, ਵਿਚ-ਵਿਚ ਉਚੀ ਰੋਣਾ ਵੀ ਨਿਕਲ ਆਉਂਦਾ ਹੈ। ਐਨਾ ਪਿਆਰ ਹੈ ਉਨ੍ਹਾਂ ਅੰਦਰ ਉਨ੍ਹਾਂ ਦਾ ਕੋਈ ਵੀ ਵਾਕ ਮਹਾਰਾਜ ਜੀ ਦੇ ਨਾਮ ਤੋਂ ਖਾਲੀ ਨਹੀਂ ਹੁੰਦਾ। ਉਥੋਂ ਦੇ ਸਾਰੇ ਪਿਆਰਿਆਂ ਦੀਆਂ ਕਾਰਾਂ ਵਿਚ ਮਹਾਰਾਜ ਜੀ ਦੀਆਂ ਕੈਸਟਾਂ ਮੌਜੂਦ ਹਨ। ਗੱਡੀ ਵਿਚ ਬੈਠਦਿਆਂ ਹੀ ਸ਼ੁਰੂ ਹੋ ਜਾਂਦੀਆਂ ਹਨ। ਇਹ ਹੈ ਉਨ੍ਹਾਂ ਦਾ ਸਤਿਸੰਗ ਕਿਉਂਕਿ ਜੋ ਉਥੇ ਦੇ ਕੰਮਾਂ ਕਾਰਾਂ ਵਿਚੋਂ ਵਖਰਾ ਸਮਾਂ ਕੱਢ ਕੇ ਘੰਟਾ ਦੋ ਘੰਟੇ ਬੈਠ ਕੇ ਸਤਿਸੰਗ ਕਰਨਾ, ਉਨ੍ਹਾਂ ਵਾਸਤੇ ਰੋਜ਼ ਸੰਭਵ ਹੀ ਨਹੀਂ।

17 ਜੂਨ ਦਾ ਭਾਗਾਂ ਭਰਿਆ ਦਿਹਾੜਾ ਸਾਡੇ ਸਾਰਿਆਂ ਲਈ ਖੁਸ਼ੀਆਂ ਭਰਿਆ, ਵਧਾਈਆਂ ਦਾ ਦਿਹਾੜਾ ਹੈ ਇਹ ਉਹ ਦਿਹਾੜਾ ਹੈ ਜਿਸ ਦਿਨ ਧਮੋਟ ਨਗਰ ਵਿਚ ਸੰਤ ਮਹਾਰਾਜ, ਸੰਤ ਵਰਿਆਮ ਸਿੰਘ ਜੀ ਪ੍ਰਗਟ ਹੋਏ। ਅਸੀਂ ਇਸ ਸ਼ੁਭ ਦਿਹਾੜੇ ਰਾਜ ਜੀ ਦੇ ਘਰ ਸੀ। ਇਸ ਦਿਨ ਦਾ ਪ੍ਰੋਗਰਾਮ ਇਸ ਤਰ੍ਹਾਂ ਰਿਹਾ। ਸਵੇਰੇ ਬੀਬੀ ਸਿਮਰਨ ਜੀ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਬੱਚਿਆਂ ਨੇ ਕੀਰਤਨ ਕੀਤਾ, ਅਰਦਾਸ ਤੋਂ ਬਾਅਦ ਪ੍ਰਸ਼ਾਦ ਤੇ ਸਾਰਿਆਂ ਨੇ ਮਹਾਰਾਜ ਜੀ ਦੇ ਕਮਰੇ ਵਿਚ ਜਿਥੇ ਉਹ ਬੈਠ ਕੇ ਸਿਮਰਨ ਭਜਨ ਕਰਿਆ ਕਰਦੇ ਸੀ ਉਥੇ ਮੱਥਾ ਟੇਕਿਆ।

ਇਸ ਤੋਂ ਬਾਅਦ ਬੱਚਿਆਂ ਨੂੰ National History Museum ਲੈ ਕੇ ਗਏ। ਬੱਚਿਆਂ ਨੂੰ ਬਹੁਤ ਕੁਝ ਦੇਖਣ ਨੂੰ ਮਿਲਿਆ ਤੇ ਬੱਚਿਆਂ ਨੇ ਬੜੀ ਰੁਚੀ ਲਗਾ ਕੇ ਸਭ ਕੁਝ ਦੇਖਿਆ। ਉਥੇ ਦੇ ਸੈਂਟਰਲ ਹਾਲ ਵਿਚ 26 ਮੀਟਰ ਵੱਡਾ ਇਕ Diplodocus (dinosaur) ਦਾ ਪਿੰਜਰ ਪਿਆ ਹੈ। ਵੱਡੇ-ਵੱਡੇ ਦਰਖਤ ਮੱਛੀਆਂ ਦੇ ਪਿੰਜਰ, ਮਨੁੱਖਾਂ ਦੇ ਪਿੰਜਰ, ਪੰਛੀ ਹੋਰ ਪੇੜ ਪੌਦੇ Darwin Centre ਤੇ Dinosaurs ਦੀ ਪੂਰੀ ਗੈਲਰੀ, ਬੱਚਿਆਂ ਦੀ ਦੇਖ ਕੇ ਬਹੁਤ ਹੀ ਅਨੰਦ ਮਾਣਿਆ। ਫੇਰ ਰਾਜ ਜੀ ਦੇ ਹੋਟਲ ਮੋਨਦਾਨਾ ਵਿਚ ਦੁਪਹਿਰ ਦਾ ਖਾਣਾ ਖਾਧਾ, ਬੱਚਿਆਂ ਨੇ ਸ਼ਬਦ ਪੜ੍ਹੇ, ਹੋਟਲ ਵਿਚ ਵੀ ਉਹ ਕੁਰਸੀ ਬੜੇ ਹੀ ਸੁਚੱਜੇ ਢੰਗ ਨਾਲ ਰੱਖੀ ਹੋਈ ਹੈ ਉਥੇ ਬੈਠ ਕੇ ਮਹਾਰਾਜ ਜੀ ਕਦੀ ਕਦੀ ਹੋਟਲ ਵਿਚ ਬਣੀ ਹੋਈ ਚੀਜ਼ ਛਕਿਆ ਕਰਦੇ ਸੀ। ਹੋਟਲ ਤੋਂ ਬਾਅਦ ਨੈਸ਼ਨਲ ਸਾਇੰਸ ਮਿਊਜ਼ੀਅਮ ਗਏ ਉਥੇ ਵੱਡੇ-ਵੱਡੇ ਜਹਾਜ਼ ਸੀ space shuttle, engines ਆਦਿ ਦੇਖੇ।

ਅਸੀਂ ਰਾਜ ਜੀ ਦੇ ਘਰ ਸਾਮ ਨੂੰ ਸਾਢੇ ਚਾਰ ਪਹੁੰਚੇ। ਗੁੱਡ ਜੀ ਨੇ ਮਹਾਰਾਜ ਜੀ ਦੇ ਜਨਮ ਦਿਵਸ ਤੇ ਪਾਰਟੀ ਦੀ ਤਿਆਰੀ ਕੀਤੀ ਹੋਈ ਸੀ। ਬੱਚਿਆਂ ਨੇ ਕੀਰਤਨ ਕੀਤਾ। ਜਿਹੜੀਆਂ ਵਾਰਤਾ ਉਨ੍ਹਾਂ ਨੇ ਤਿਆਰ ਕੀਤੀਆਂ ਸੀ ਉਹ ਸੁਣਾਈਆਂ, ਫੇਰ ਮਹਾਰਾਜ ਜੀ ਲਈ ਕੇਕ ਕੱਟਿਆ ਗਿਆ। ਇਥੇ ਇਹ ਦੱਸ ਦੇਣਾ ਵੀ ਅਵੱਸ਼ਕ ਹੀ ਹੋਵੇਗਾ ਕਿ ਮਹਾਰਾਜ ਜਦੋਂ 2001 ਵਿਚ ਵਲੈਤ ਇਲਾਜ ਕਰਾ ਰਹੇ ਸੀ ਆਪ ਜੀ ਦਾ ਜਨਮ ਦਿਹਾੜਾ ਓਥੇ ਹੀ ਮਨਾਇਆ ਗਿਆ ਸੀ, ਅੱਜ ਦਾ ਕੇਕ ਮਹਾਰਾਜ ਜੀ ਦੀ ਯਾਦ ਵਿਚ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਬੱਚਿਆਂ ਨੇ ਕੱਟਿਆ। ਉਥੇ ਸਾਰੇ ਹੀ 2001 ਦੇ ਜਨਮ ਦਿਹਾੜੇ ਨੂੰ ਯਾਦ ਕਰਕੇ ਬੜੇ ਭਾਵੁਕ ਹੋ ਰਹੇ ਸੀ ਪਰ ਉਨ੍ਹਾਂ ਨੂੰ ਇਹ ਵੀ ਚੰਗਾ ਲਗ ਰਿਹਾ ਸੀ ਕਿ ਬੱਚੇ ਉਥੇ ਹਨ। ਅਸੀਂ ਬੱਚਿਆਂ ਨੂੰ ਲੈ ਕੇ ਬੀਬੀ ਗੁਰਬਖਸ਼ ਦੀ ਭੈਣ ਦੇ ਘਰ ਗਏ, ਉਥੇ ਬੱਚਿਆਂ ਨੇ ਕੀਰਤਨ ਕੀਤਾ ਕਵਿਤਾਵਾਂ ਪੜ੍ਹੀਆਂ, ਕਾਫੀਆਂ ਖੜ੍ਹੀਆਂ, ਚਾਹ ਛੱਕ ਕੇ ਅਸੀਂ ਰਾਤ ਨੂੰ 10 ਵਜੇ ਘਰ ਪਹੁੰਚੇ।

ਦੂਸਰੇ ਦਿਨ ਭਾਵ 18 ਤਰੀਕ ਨੂੰ ਸਵੇਰੇ ਬੱਚਿਆਂ ਨੇ ਆਰਾਮ ਕੀਤਾ ਤੇ ਸਾਮ ਨੂੰ ਸੰਤ ਪਰਤਾਪ ਜੀ ਕੋਲ ਗੁਰਦਵਾਰਾ illford ਗਏ। ਓਥੇ ਬੱਚਿਆਂ ਨੇ ਕੋਈ ਇਕ ਘੰਟਾ ਕੀਰਤਨ ਕੀਤਾ। ਸੰਤ ਪਰਤਾਪ ਜੀ ਰਾੜਾ ਸਾਹਿਬ ਤੋਂ ਹਨ ਉਨ੍ਹਾਂ ਨੇ ਬੱਚਿਆਂ ਨੂੰ ਬੜਾ ਪਿਆਰ ਕੀਤਾ, ਪ੍ਰਸ਼ਾਦਾ ਛਕਾਇਆ ਫੇਰ ਉਹ ਆਪਣੇ ਘਰ ਲੈ ਗਏ ਤੇ ਸਾਰਿਆਂ ਨੂੰ ਸਿਰੋਪੇ ਦਿਤੇ ਤੇ ਚਾਹ ਪਿਲਾਈ।

19 ਜੂਨ ਸਵੇਰੇ ਬੱਚੇ ਇੰਦਰਪਾਲ ਸਿੰਘ ਜੀ ਉੱਪਲ ਜੋ ਕਿ ਗੁਰਨਾਮ ਕੌਰ ਗਰੇਵਾਲ ਦੇ ਮਾਮਾ ਜੀ ਹਨ ਉਨ੍ਹਾਂ ਦੇ ਘਰ ਨਾਸ਼ਤੇ ਵਾਸਤੇ ਗਏ। ਰਾਜ ਜੀ ਤੇ ਉਨ੍ਹਾਂ ਦੇ ਬੱਚੇ ਵੀ ਗਏ ਉਨ੍ਹਾਂ ਨੇ ਬੱਚਿਆਂ ਨੂੰ ਬਹੁਤ ਪਿਆਰ ਕੀਤਾ ਤੇ ਤੋਹਫੇ ਵੀ ਦਿਤੇ ਇਸ ਤੋਂ ਪਸ਼ਚਾਤ ਰਾਜ ਜੀ ਇਨ੍ਹਾਂ ਨੂੰ ਹੋਟਲ ਲੈ ਗਏ, ਉਤੇ ਮੈਂ ਤੇ ਗੁੱਡ ਜੀ ਵੀ ਇਨ੍ਹਾਂ ਨੂੰ ਮਿਲਣ ਗਏ ਫੇਰ ਬੱਚਿਆਂ ਨੂੰ Buckingham palace ਦਿਖਾਇਆ। ਉਸ ਸਮੇਂ ਗਾਰਡ ਬਦਲ ਰਹੇ ਸੀ ਇਸ ਸਮੇਂ ਬਹੁਤ ਲੋਕੀ ਦੇਖਣ ਲਈ ਇਕੱਠੇ ਹੋਏ ਹੁੰਦੇ ਹਨ। ਬੱਚੇ ਬੜੇ ਹੀ ਸਮੇਂ ਸਿਰ ਪਹੁੰਚੇ ਤੇ ਉਨ੍ਹਾਂ ਨੇ ਦੇਖਿਆ ਇਹ ਪ੍ਰਥਾ ਲੰਡਨ ਵਿਚ 1660 ਵਿਚ ਚਾਰਲਸ 2 ਦੇ ਸਮੇਂ ਸ਼ੁਰੂ ਹੋਈ ਸੀ। ਫੇਰ ਬੱਚੇ Hyde park ਗਏ, Hyde park ਲਈ ਇਹ ਮਸ਼ਹੂਰ ਹੈ ਕਿ ਇਥੇ ਕੋਈ ਵੀ ਖੜ੍ਹਾ ਹੋ ਕੇ ਭਾਸ਼ਨ ਦੇ ਸਕਦਾ ਹੈ ਤੇ ਭਾਸ਼ਨ ਸੁਣਨ ਆਂਦੀ ਜਾਂਦੀ ਜਨਤਾ ਖੜ੍ਹੀ ਹੋ ਜਾਂਦੀ ਹੈ। ਇਥੇ ਬੜੇ ਵੱਡੇ-ਵੱਡੇ ਵਕਤਾ ਤੇ ਲੀਡਰ ਭਾਸ਼ਨ ਦਿੰਦੇ ਰਹੇ ਹਨ, ਕ੍ਰਿਸ਼ਨਾ ਮੈਨਨ ਵੀ ਇਥੇ ਹੀ ਖੜ੍ਹੇ ਹੋ ਕੇ ਭਾਸ਼ਨ ਦਿਆ ਕਰਦੇ ਸੀ। ਫੇਰ ਬੱਚਿਆਂ ਨੇ ਹਾਊਸ ਆਫ਼ ਪਾਰਲੀਮੈਂਟ ਦੇਖਿਆ। ਬੜੀ ਸੋਹਣੀ ਇਮਾਰਤ ਹੈ ਉਹ Tower of London, River Thamos ਜੋ ਕਿ ਲੰਡਨ ਦੇ ਵਿਚੋਂ ਵਿਚ ਲੰਘਦੀ ਹੈ ਇਹ ਸਾਰੇ ਬੜੇ ਹੀ ਮਹੱਤਵਪੂਰਨ ਸਥਾਨ ਹਨ। ਫੇਰ Westminister Alley ਦੇਖਿਆ। ਅਸੀਂ 135 ਮੀਟਰ ਉਚੀ British Airways ਦੀ ਇਮਾਰਤ ਦੇਖੀ ਜਿਸਨੂੰ London Eye ਕਹਿੰਦੇ ਹਨ ਇਹ ਸੰਸਾਰ ਦਾ ਸਭ ਤੋਂ ਉਚਾ observuation wheel ਹੈ ਇਥੋਂ 40 ਮੀਟਰ ਤੱਕ ਦਾ ਨਜ਼ਾਰਾ ਦੇਖਿਆ ਜਾ ਸਕਦਾ ਹੈ। ਇਹ 30 ਮਿੰਟ ਦੀ ride ਹੈ। ਤੁਸੀਂ ਸਾਰਾ ਲੰਡਨ ਦੇਖ ਸਕਦੇ ਹੋ Big benm St. Paul Cathedral ਫੇਰ Tradalgar Square ਗਏ, ਇਥੇ ਬਹੁਤ ਕਬੂਤਰ ਹੁੰਦੇ ਹਨ ਤੇ ਲੋਕੀ ਇਥੇ ਕਬੂਤਰਾਂ ਨੂੰ ਡਬਲਰੋਟੀ ਪਾਉਂਦੇ ਹਨ, ਉਥੇ ਬੱਚਿਆਂ ਨੇ ਫੋਟੋ ਵੀ ਖਿਚਾਈਆਂ ਫੇਰ Court of Guards ਗਏ ਫੇਰ ਅਸੀਂ ਉਥੋਂ ਦੇ ਪ੍ਰਧਾਨ ਮੰਤਰੀ ਦਾ ਘਰ 10 Downing street ਦੇਖਿਆ। ਸ਼ਾਮ ਨੂੰ ਮੁੜ ਕੇ ਅਸੀਂ ਰਾਜ ਜੀ ਦੇ ਘਰ ਆਏ, ਸਾਮਾਨ ਰੱਖਿਆ ਕਿਉਂਕਿ ਅਸੀਂ ਅੱਜ ਵਾਪਸ ਬਰਮਿੰਘਮ ਜਾਣਾ ਸੀ ਪਰ ਜਾਣ ਤੋਂ ਪਹਿਲਾਂ ਅਸੀਂ ਰਾਜ ਜੀ ਦੇ ਚਾਚਾ ਜੀ ਦੇ ਘਰ ਗਏ ਸ. ਕੁੰਦਨ ਸਿੰਘ ਜੀ ਉਨ੍ਹਾਂ ਨੇ ਬੱਚਿਆਂ ਨੂੰ ਬਹੁਤ ਪਿਆਰ ਕੀਤਾ। ਬੱਚਿਆਂ ਨੇ ਕੀਰਤਨ ਕੀਤਾ, ਅਸੀਂ ਮਹਾਰਾਜ ਜੀ ਦਾ ਕਮਰਾ ਦੇਖਿਆ ਉਹ ਕੁਰਸੀ ਬਿਲਕੁਲ ਉਸ ਤਰ੍ਹਾਂ ਹੀ ਪਈ ਹੈ ਜਿਸ ਉਤੇ ਮਹਾਰਾਜ ਜੀ ਬੈਠਿਆ ਕਰਦੇ ਸੀ, ਜਿਵੇਂ ਕਿ ਮੈਂ ਪਹਿਲਾਂ ਵੀ ਦੱਸਿਆ ਹੈ ਇਹ ਸਾਰੇ ਹੀ ਮਹਾਰਾਜ ਜੀ ਦੇ ਪ੍ਰੇਮ ਵਿਚ

ਰੱਤੇ ਹੋਏ ਹਨ, ਹਰ ਜਗ੍ਹਾ ਤੇ ਮਹਾਰਾਜ ਦੇ ਸਰੂਪ ਫੋਟੋ ਰੂਪ ਵਿਚ ਲੱਗੇ ਹੋਏ ਹਨ। ਕੀਰਤਨ ਤੋਂ ਬਾਅਦ ਸਰੋਪੇ ਲੈ ਕੇ ਅਸੀਂ ਬਰਮਿੰਘਮ ਵਲ ਚਾਲੇ ਪਾਏ। ਉਥੇ ਦੇ ਗੁਰਦਵਾਰੇ ਵਿਚ ਮਹਾਰਾਜ ਜੀ ਦੀ ਸੀ.ਡੀ ਦਿਖਾਈ ਜਾਣੀ ਸੀ ਅਸੀਂ ਓਥੇ ਪੁੱਜੇ ਸੀ.ਡੀ ਦੇਖੀ ਤੇ ਫੇਰ ਅਸੀਂ ਮੱਖਣ ਜੀ ਦੇ ਘਰ ਪਹੁੰਚੇ।

20 ਜੂਨ ਸਵੇਰੇ ਦਾ ਸਮਾਂ ਸੀ। Coventry ਗੁਰਦਵਾਰੇ ਦਾ ਜਿਥੇ ਅਖੰਡਪਾਠ ਸਾਹਿਬ ਦੇ ਭੋਗ ਸਨ ਬਲਰਾਜ ਸਿੰਘ ਜੀ ਵਲੋਂ ਆਪਣੇ ਸਪੁੱਤਰ ਦੇ ਜਨਮ ਦਿਨ ਤੇ, ਇਥੇ ਜਦੋਂ ਕੀਰਤਨ ਕੀਤਾ ਗਿਆ ਇਹ ਅੰਮ੍ਰਿਤ ਬਾਣੀ ਰੇਡੀਓ ਸਟੇਸ਼ਨ ਤੇ live ਆਇਆ ਇਹ ਪ੍ਰੋਗਰਾਮ ਸਾਰੇ ਹੀ ਪੰਜਾਬੀ ਸੁਣਦੇ ਹਨ। ਇਥੇ ਕੀਰਤਨ ਸਮੇਂ ਬੀਬੀ ਗੁਰਨਾਮ ਕੌਰ ਗਰੇਵਾਲ ਤੇ ਬੱਚਿਆਂ ਦਾ ਪਰੀਚਾ ਦਿਤਾ ਤੇ ਬਾਅਦ ਵਿਚ ਡਾਇਰੈਕਟਰ ਨੇ ਮਹਾਰਾਜ ਜੀ ਦੇ ਜੀਵਨ ਤੇ ਰਤਵਾੜਾ ਸਾਹਿਬ ਤੇ ਸਕੂਲ ਆਈ.ਟੀ., ਆਤਮ ਮਾਰਗ ਹਸਪਤਾਲ ਤੇ ਮਹਾਰਾਜ ਜੀ ਕੀ ਚਾਹੁੰਦੇ ਹਨ ਤੇ ਕਿਵੇਂ ਉਹ ਬਾਹਰ ਦੀ ਸੰਗਤ ਨੂੰ ਪਿਆਰ ਕਰਦੇ ਸੀ। ਮਹਾਰਾਜ ਜੀ ਕਹਿੰਦੇ ਸੀ ਕਿ ਬਾਹਰ ਦੇ ਲੋਕਾਂ ਨੂੰ ਸਮਾਂ ਨਹੀਂ, ਕਿਵੇਂ ਉਹ ਸਖਤ ਮਿਹਨਤ ਕਰਕੇ ਪੈਸਾ ਕਮਾਉਂਦੇ ਹਨ ਤੇ ਜਦੋਂ ਅਸੀਂ (ਮਹਾਰਾਜ ਜੀ) ਜਾਂਦੇ ਹਾਂ। ਸੈਂਕੜੇ ਮੀਲ ਗੱਡੀਆਂ ਚਲਾ ਕੇ ਆਉਂਦੇ ਹਨ, ਸਤਿਸੰਗ ਕਰਦੇ ਹਨ, ਬਹੁਤ ਹੀ ਪਿਆਰ ਸੀ ਮਹਾਰਾਜ ਨੂੰ ਬਾਹਰ ਦੀ ਸੰਗਤ ਨਾਲ। ਇਹ ਉਨ੍ਹਾਂ ਦੀ ਲਾਈ ਫੁਲਵਾੜੀ ਹੈ ਜਿਸ ਦੀ ਖੁਸ਼ਬੂ ਸਾਰੇ ਸੰਸਾਰ ਵਿਚ ਸਮੇਂ ਨਾਲ ਫੈਲ ਰਹੀ ਹੈ। ਸ਼ਾਮ ਨੂੰ ਅਸੀਂ Smethwick ਗੁਰਦਵਾਰੇ ਗਏ ਉਥੇ ਬੱਚਿਆਂ ਨੇ ਇਕ ਘੰਟਾ ਕੀਰਤਨ ਕੀਤਾ।

21 ਜੂਨ ਸਵੇਰੇ ਸੰਤ ਪਰਤਾਪ ਜੀ, ਮੱਖਨ ਜੀ ਦੇ ਘਰ ਆਏ ਫੇਰ ਅਸੀਂ ਸਾਰੇ ਹੀ ਬੱਚੇ ਤੇ ਅਸੀਂ ਵੂਲਵਰ ਹੈਂਪਟਨ ਉਸ ਸਥਾਨ ਤੇ ਗਏ ਜਿਥੇ ਵੱਡੇ ਮਹਾਰਾਜ ਸੰਤ ਈਸ਼ਰ ਸਿੰਘ ਜੀ ਨੇ ਆਪਣਾ ਸਰੀਰ ਛੱਡਿਆ ਸੀ। ਇਹ ਘਟਨਾ 26 ਅਗਸਤ 1975 ਨੂੰ ਵਾਪਰੀ ਸੀ। ਉਥੇ ਹੁਣ ਉਸ ਪਰਿਵਾਰ ਵਿਚੋਂ ਬੀਬੀ ਜੀ ਹਨ ਤੇ ਉਨ੍ਹਾਂ ਦੇ ਸਪੁੱਤਰ, ਉਹ ਘਰ ਇਕ ਤੀਰਥ ਦੀ ਤਰ੍ਹਾਂ ਹੈ। ਉਹ ਉਸ ਦੀ ਸੰਭਾਲ ਕਰ ਰਹੇ ਹਨ ਜਿਸ ਕਮਰੇ ਵਿਚ ਵੱਡੇ ਮਹਾਰਾਜ ਜੀ ਰਹਿੰਦੇ ਸੀ ਉਹ ਪਲੰਘ, ਮੇਜ਼, ਕੁਰਸੀ, ਸਟੂਲ ਸਭ ਕੁਝ ਉਵੇਂ ਹੀ ਹੈ ਉਨ੍ਹਾਂ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿਤਾ ਹੈ, ਬਾਹਰ ਮਹਾਰਾਜ ਜੀ ਦੇ ਵਸਤਰ, ਜੋੜੇ ਹੋਰ ਸਾਰੀਆਂ ਚੀਜ਼ਾਂ ਦਰਸ਼ਨਾਂ ਵਾਸਤੇ ਰੱਖੀਆਂ ਹੋਈਆਂ ਹਨ। ਸਾਰੇ ਘਰ ਵਿਚ ਵੱਡੇ ਮਹਾਰਾਜ ਛੋਟੇ ਮਹਾਰਾਜ (ਸੰਤ ਕਿਸ਼ਨ ਸਿੰਘ ਜੀ) ਦੀਆਂ ਫੋਟੋਆਂ ਲੱਗੀਆਂ ਹੋਈਆਂ ਹਨ। ਉਥੇ ਬੀਬੀ ਜੀ ਨੇ ਬੱਚਿਆਂ

ਨੂੰ ਬਹੁਤ ਪਿਆਰ ਕੀਤਾ, ਚਾਹ ਪਿਲਾਈ ਤੇ ਬੜੇ ਹੀ ਪਿਆਰ ਨਾਲ ਵਿਦਾ ਕੀਤਾ। ਬਹੁਤ ਹੀ ਅਨੋਖਾ ਸਥਾਨ ਹੈ, ਬਹੁਤ ਹੀ ਸ਼ਾਂਤਮਈ ਸਥਾਨ ਹੈ।

ਰਾਤ ਦੀ ਰੋਟੀ ਬੱਚਿਆਂ ਨੇ ਮੱਖਣ ਜੀ ਦੀ ਭੈਣ ਦੇ ਘਰ ਖਾਧੀ ਉਨ੍ਹਾਂ ਦੀਆਂ ਛੋਟੀਆਂ ਦੋ ਬੱਚੀਆਂ ਹਨ ਸੋ ਬੱਚਿਆਂ ਨੇ ਬਹੁਤ ਮੌਜ ਕੀਤੀ।

ਮੈਂ ਉਹ ਸਾਰਾ ਦਿਨ ਬਲਦੇਵ ਭੈਣ ਜੀ ਨਾਲ ਬਿਤਾਇਆ। ਬਹੁਤ ਹੀ ਉਨ੍ਹਾਂ ਨੇ ਮੇਰੀ ਆਓ ਭਗਤ ਕੀਤੀ। ਮੈਨੂੰ ਸੈਰ ਕਰਾਈ, ਕਈ ਨਵੀਆਂ ਥਾਵਾਂ ਦਿਖਾਈਆਂ ਤੇ ਫੇਰ ਆਪਣੇ ਘਰ ਲਿਜਾ ਕੇ ਚਾਹ ਪਿਲਾਈ ਤੇ ਸ਼ਾਮ ਨੂੰ ਮੱਖਣ ਜੀ ਦੇ ਘਰ ਛੱਡ ਕੇ ਗਏ। ਉਨ੍ਹਾਂ ਨੇ ਮਹਾਰਾਜ ਜੀ ਦੀਆਂ ਬਹੁਤ ਹੀ ਸੋਹਣੀਆਂ-ਸੋਹਣੀਆਂ ਗੱਲਾਂ ਸੁਣਾਈਆਂ, ਕਿਵੇਂ ਮਹਾਰਾਜ ਜੀ ਉਨ੍ਹਾਂ ਨਾਲ ਸਮਾਂ ਬਿਤਾਇਆ ਕਰਦੇ ਸੀ, ਕਿਵੇਂ ਉਨ੍ਹਾਂ ਨੂੰ ਹਸਾਉਂਦੇ ਸੀ, ਉਨ੍ਹਾਂ ਨਾਲ ਬਜ਼ਾਰ ਜਾਇਆ ਕਰਦੇ ਸੀ। ਇਹ ਦਿਨ ਵੀ ਇਕ ਯਾਦਾਂ ਭਰਿਆ ਦਿਹਾੜਾ ਸੀ।

ਹੁਣ ਕੇਵਲ ਦੋ ਦਿਨ ਹੀ ਰਹਿ ਗਏ ਸੀ ਅਸੀਂ ਆਪਣੇ ਵਤਨ ਘਰਾਂ ਨੂੰ ਮੁੜਨਾ ਸੀ। ਬੱਚਿਆਂ ਦਾ ਪ੍ਰੋਗਰਾਮ ਥੋੜ੍ਹਾ ਸੌਖਾ ਹੀ ਰੱਖਿਆ ਗਿਆ ਤਾਂ ਜੋ ਬੱਚੇ ਬਹੁਤ ਥੱਕ ਨਾ ਜਾਣ। ਸੋ 22 ਜੂਨ ਨੂੰ ਅਸੀਂ ਬੀਬੀ ਜਗਦੀਸ਼ ਦੇ ਘਰ ਦੁਪਹਿਰ ਦਾ ਪ੍ਰਸ਼ਾਦਾ ਛਕਿਆ। ਬਹੁਤ ਸੋਹਣਾ ਘਰ ਹੈ, ਬਹੁਤ ਹੀ ਸੋਹਣਾ ਬਾਬਾ ਜੀ ਦਾ ਕਮਰਾ ਹੈ। ਕੀ-ਕੀ ਕਿਸ ਬਾਰੇ ਲਿਖੀਏ ਇਥੇ ਤਾਂ ਇਕ ਤੋਂ ਇਕ ਚੜ੍ਹਦੇਆਂ ਵਾਲੀ ਗੱਲ ਹੈ। ਰਾਤ ਨੂੰ ਮਹਾਰਾਜ ਜੀ ਦੀਆਂ ਕੈਸਟਾਂ ਦੇਖੀਆਂ।

ਅੱਜ ਸੀ ਇਥੇ ਏਸ ਵਾਰੀ ਦੀ ਫੇਰ ਦਾ ਆਖਰੀ ਦਿਹਾੜਾ 23 ਜੂਨ, ਮਹਾਰਾਜ ਜੀ ਦੀਆਂ ਕੈਸਟਾਂ ਦੇਖੀਆਂ ਤੇ ਸ਼ਾਮ ਨੂੰ ਮੱਖਣ ਜੀ ਮਾਤਾ ਪਿਤਾ ਸ. ਪਿਆਰਾ ਸਿੰਘ ਜੀ ਦੇ ਘਰ ਤੇ ਜੱਗੀ ਜੀ ਦੇ ਘਰ ਗਏ। ਕੁਝ ਹੋਰ ਲੋਕ ਵੀ ਉਨ੍ਹਾਂ ਨੇ ਬੁਲਾਏ ਹੋਏ ਸੀ। ਬੱਚਿਆਂ ਦੇ ਕੀਰਤਨ ਤੋਂ ਬਾਅਦ, ਸਭ ਨੇ ਪ੍ਰਸ਼ਾਦੇ ਛਕੇ ਤੇ ਬੜੇ ਹੀ ਪਿਆਰ ਸਤਿਕਾਰ ਨਾਲ ਉਨ੍ਹਾਂ ਨੇ ਸਰੋਪੇ ਦਿਤੇ। ਅਸੀਂ ਵਲੈਤ ਵਿਚ ਆਤਮ ਮਾਰਗ ਟਰੱਸਟ ਦਾ ਧੰਨਵਾਦ ਕੀਤਾ ਤੇ ਰਾਤ ਦੇ 10 ਵਜੇ ਅਸੀਂ ਵਾਪਸ ਆਏ ਤੇ ਬੱਚਿਆਂ ਨੇ ਜੇ ਕੁਝ ਹੋਰ ਪੈਕ ਕਰਨਾ ਸੀ ਕੀਤਾ ਤੇ ਸੌਂ ਗਏ ਕਿਉਂਕਿ ਛੇਤੀ ਉਠਣਾ ਸੀ, ਰਾਜ ਜੀ ਵੀ ਮੱਖਣ ਜੀ ਵਲ ਆਏ ਹੋਏ ਸਨ। ਰਾਤ ਨੂੰ ਸਾਰਿਆਂ ਨੇ ਵਾਅਦਾ ਕੀਤਾ ਉਹ ਸਮਾਗਮ ਤੇ ਆਉਣਗੇ।

ਅੱਜ 24 ਜੂਨ ਸਵੇਰੇ ਸਾਰੇ, ਬੱਚੇ ਬੀਬੀ ਗੁਰਨਾਮ ਕੌਰ ਤੇ ਮੈਂ ਉਠੇ ਤਿਆਰ ਹੋਏ ਤੇ ਚਾਹ ਪੀਣ ਲੱਗੇ ਸਾਰਿਆਂ ਦੇ ਚਿਹਰੇ ਉਦਾਸ ਸਨ। ਸਾਰਾ ਸਾਮਾਨ ਬੂਹੇ ਕੋਲ ਇਕੱਠਾ ਕੀਤਾ ਹੋਇਆ ਸੀ। ਬਾਹਰ ਕਾਫੀ ਹਨ੍ਹੇਰੀ ਚਲ ਰਹੀ ਸੀ। ਥੋੜ੍ਹਾ-ਥੋੜ੍ਹਾ ਮੀਂਹ ਵੀ ਪੈ ਰਿਹਾ ਸੀ, ਸਾਰੇ ਹੀ ਤਿਆਰ ਸੀ, ਸਾਨੂੰ ਬਰਮਿੰਘਮ ਹਵਾਈ ਅੱਡੇ ਤੇ ਛੱਡਣ ਆਏ। ਰਾਜ ਜੀ, ਗੁੱਡ ਜੀ, ਗੁਰਬਖਸ਼ ਜੀ, ਜੱਗੀ ਜੀ, ਲੀਟਾ ਕੈਂਪਸ, ਹਰਦੀਪ ਸਾਰੇ ਸਾਨੂੰ ਛੱਡਣ ਆਏ। ਅੱਗੇ ਹਵਾਈ ਅੱਡੇ ਤੇ ਬੇਅੰਤ ਭੀੜ ਸੀ, ਲਗ ਰਿਹਾ ਸੀ ਬਹੁਤ ਔਖਾ ਹੈ, ਉਤੋਂ ਸਮਾਨ ਤੋਲਣ ਤੇ ਲਿਜਾਣ ਵਾਲੀ ਬੈਲਟ ਟੁੱਟ ਗਈ। ਆਖਿਰ ਸਾਰਾ ਸਾਮਾਨ ਜੱਗੀ ਤੇ ਕੈਂਮਸ ਤੇ ਹਰਦੀਪ ਨੂੰ ਟਰਾਲੀਆਂ ਤੇ ਹੀ ਜਹਾਜ਼ ਤੱਕ ਲਿਆਉਣਾ ਪਿਆ। ਕਾਫੀ ਦੌੜ ਭੱਜ ਕਰਕੇ ਅਸੀਂ ਚੈਕਿੰਗ ਤੱਕ ਪਹੁੰਚੇ ਤੇ ਉਥੇ ਸਭ ਨੂੰ ਪਿਆਰ ਭਰੀ ਸਮਾਗਮ ਤੇ ਮਿਲਣ ਦਾ ਵਾਅਦਾ ਕਰਕੇ ਅਲਵਿਦਾ ਕਹੀ। ਜਹਾਜ਼ ਚੱਲਿਆ ਸਾਰੇ ਕੁਛ ਉਦਾਸ ਕੁਛ ਖੁਸ਼ ਸੀ ਕਿ ਸਿਖ ਕੇ ਆਏ ਸੀ ਬੱਚੇ ਕੀ ਨਾਲ ਲੈ ਕੇ ਆ ਰਹੇ ਸੀ। ਦੋ ਘੰਟੇ ਬਾਅਦ ਜਹਾਜ਼ ਅਸ਼ਕਾਬਾਦ ਪਹੁੰਚਿਆ ਤੇ ਕੋਈ ਘੰਟਾ ਕੁ ਰੁਕੇ। ਅਸੀਂ ਅੰਮ੍ਰਿਤਸਰ ਲਈ ਜਹਾਜ਼ ਵਿਚ ਬੈਠ ਗਏ। ਸਵੇਰੇ ਦੇ ਤਿੰਨ ਵਜੇ ਅੰਮ੍ਰਿਤਸਰ ਪਹੁੰਚੇ। ਬਾਬਾ ਹਰਪਾਲ ਜੀ ਨੇ ਬੱਸ ਨਾਲ ਪਰਮਿੰਦਰ ਸਿੰਘ, ਬਾਬਾ ਫਕੀਰ ਸਿੰਘ ਭੇਜੇ ਹੋਏ ਸਨ, ਇਥੇ ਪਹੁੰਚ ਕੇ ਰਤਵਾੜਾ ਸਾਹਿਬ ਬਾਬਾ ਜੀ ਕੋਲ ਗਏ, ਹਾਜ਼ਰੀ ਲਗਵਾਈ। ਬੱਚਿਆਂ ਨੇ ਪਿਆਰ ਲਿਆ ਤੇ ਆਪਣੇ-ਆਪਣੇ ਘਰ ਚਲੇ ਗਏ।

ਮਾਤਾ ਰਣਜੀਤ ਕੌਰ ਜੀ ਨੂੰ ਸਾਰੀ ਯਾਤਰਾ ਦਾ ਹਾਲ ਦੱਸਿਆ, ਉਨ੍ਹਾਂ ਪ੍ਰਤੀ ਪਿਆਰ ਤੇ ਜੋ ਕੁਝ ਉਥੇ ਦੀ ਸੰਗਤ ਨੇ ਪਿਆਰ ਭੇਜਿਆ ਸੀ ਉਹ ਦਿਤਾ। ਬੀਜੀ ਦੀਆਂ ਅਸੀਸਾਂ ਲਈਆਂ, ਗੱਲ ਤਾਂ ਇਹ ਹੈ ਕਿ ਉਹ ਲੋਕ ਮਹਾਰਾਜ ਜੀ ਬੀਜੀ ਦੇ ਪਿਆਰ ਵਿਚ ਰੱਤੇ ਪਏ ਹਨ ਤੇ ਵੱਡੇ ਮਹਾਰਾਜ ਜੀ ਦੀ ਧਾਰਨਾ ਲਾਇਆ ਕਰਦੇ ਸੀ -

***ਦਰਗਹ ਮਿਲਦਾ ਹੈ ਥਾਂ,***
***ਗੁਰਾਂ ਨਾਲ ਗੱਤਿਆਂ - ਗੁਰਾਂ ਨਾਲ ਗੱਤਿਆਂ।***

ਵਡਭਾਗੇ ਹਨ ਉਹ ਸਾਧਸੰਗਤ ਜੀ ਜੋ ਗੁਰਾਂ ਦੇ ਪਿਆਰ ਵਿਚ ਰੱਤੇ ਹੋਏ ਹਨ। ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਬਣਾਉਣ ਵਾਸਤੇ ਅਤੇ ਅੰਤਰਰਾਸ਼ਟਰੀ ਪੱਧਰ ਦੀ ਵਿਦਿਆ ਪ੍ਰਾਪਤੀ ਵਾਸਤੇ ਗੁ. ਰਤਵਾੜਾ ਸਾਹਿਬ ਟਰੱਸਟ ਦੇ ਨਾਲ ਸਬੰਧਤ ਵਿਦਿਅਕ ਅਦਾਰਿਆਂ ਵਿਚ ਦਾਖਲ ਕਰਾਓ ਜੀ।

(ਪੰਨਾ 40 ਦੀ ਬਾਕੀ)

ਪਿਆ ਹੈ ਉਹ ਉਨ੍ਹਾਂ ਦੇ ਹਿੱਸੇ ਵਿਚ ਆ ਜਾਂਦਾ ਹੈ। ਜਿਹੜੇ ਕਿਤੇ ਅਚੇਤ ਪਾਪ ਹੋ ਜਾਂਦੇ ਨੇ ਉਨ੍ਹਾਂ ਦਾ ਫਲ ਨਿੰਦਿਆ ਕਰਨ ਵਾਲਿਆਂ ਦੇ, ਦੋਖੀਆਂ ਦੇ, ਮਾੜੇ ਬੰਦਿਆਂ ਦੇ ਜਿਹੜੇ ਨਫਰਤ ਕਰਦੇ ਨੇ, ਉਨ੍ਹਾਂ ਦੇ ਹਿੱਸੇ ਵਿਚ ਉਹ ਆ ਜਾਂਦੇ ਨੇ ਤੇ ਉਹ ਆਪ ਖਾਲੀ ਰਹਿੰਦਾ ਹੈ। ਫੇਰ ਕਰਮ ਨਹੀਂ ਲਗਦਾ। ਸੋ ਨਾ ਲੱਗਣ ਕਾਰਨ ਅੱਗੇ ਕਰਮ ਸ਼ੁਰੂ ਨਹੀਂ ਹੁੰਦਾ। ਜਿਹੜੇ ਪ੍ਰਾਲਬਧ ਲਿਖਾ ਕੇ ਲਿਆਇਆ ਹੈ ਕਰਮ, ਜਿਹੜੇ ਤੀਰ ਦੇ ਚਿੱਲ੍ਹੇ ਵਿਚੋਂ ਛੁਟ ਚੁੱਕੇ ਹਨ ਸਾਰੇ ਬਾਣ, ਸਾਰੀ ਜ਼ਿੰਦਗੀ ਵਾਸਤੇ, ਉਹ ਤਾਂ ਨਹੀਂ ਹਟਿਆ ਕਰਦੇ ਉਹ ਤਾਂ ਆਦਮੀ ਨੂੰ ਭੋਗਣੇ ਪੈਂਦੇ ਨੇ –

*ਭੋਗੈ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।*

ਨਰਮ ਤਾਂ ਹੋ ਜਾਂਦੇ ਨੇ ਲੇਕਿਨ ਭੋਗਣੇ ਪੈਂਦੇ ਨੇ। ਈਸ਼ਵਰ-ਕੋਟੀ ਦੇ ਬੰਦੇ ਨੂੰ ਵੀ ਭੋਗਣੇ ਪੈਂਦੇ ਨੇ, ਆਮ ਜੀਵ ਨੂੰ ਵੀ ਭੋਗਣੇ ਪੈਂਦੇ ਨੇ ਕਿਉਂਕਿ ਉਹ ਛੁਟ ਚੁੱਕੇ ਨੇ ਤੇ ਉਨ੍ਹਾਂ ਨੂੰ ਪ੍ਰਾਲਬਧ ਕਰਮ ਕਹਿੰਦੇ ਨੇ। ਇਵੇਂ ਹੀ ਪ੍ਰਾਲਬਧ ਭੋਗ ਹੋਇਆ ਕਰਦੇ ਨੇ। ਜਿਹੜੀਆਂ ਚੀਜ਼ਾਂ ਉਸ ਦੇ ਹਿੱਸੇ ਵਿਚ ਆਉਣੀਆਂ ਨੇ ਸੰਸਾਰ ਦੇ ਅੰਦਰ ਉਹ ਆ ਹੀ ਜਾਣੀਆਂ ਨੇ।

ਸੋ ਇਸ ਤਰ੍ਹਾਂ ਮਹਾਰਾਜ ਇਸ ਸ਼ਬਦ ਦੇ ਅੰਦਰ ਫੁਰਮਾਨ ਕਰਦੇ ਨੇ ਜੋ ਸਾਡੇ ਸਮਝਣ ਦੀ ਗੱਲ ਹੈ ਕਿ –

*ਰਾਮਦਾਸਿ ਸਰੋਵਰ ਨਾਤੇ॥ ਅੰਗ - 624*

ਜਿੱਥੇ ਰਾਮ ਦੇ ਦਾਸਾਂ ਦਾ ਸਰੋਵਰ ਹੈ, ਸਤਿਸੰਗ ਹੈ।

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥ ਅੰਗ - 72*

ਜਿੱਥੇ ਇਕੋ ਨਾਮ ਦੀ ਵਿਆਖਿਆ ਹੋਵੇ, ਹਰ ਵਕਤ ਨਾਮ ਦੀ ਬਾਤ ਚਲਦੀ ਹੋਵੇ ਕਿਉਂਕਿ ਸੰਤਾਂ ਦੀ ਜਿਹੜੀ ਵਰਤਣ ਹੁੰਦੀ ਹੈ ਉਹ ਕੇਵਲ ਨਾਮ ਹੋਇਆ ਕਰਦੀ ਹੈ। ਉਹ ਨਾਮ ਦੀ ਹੀ ਬਾਤ ਕਰਦੇ ਨੇ ਦੂਜੀਆਂ ਗੱਲਾਂ ਦਾ ਉਨ੍ਹਾਂ ਨੂੰ ਧਿਆਨ ਨਹੀਂ ਹੁੰਦਾ, ਨਾ ਉਨ੍ਹਾਂ ਨੂੰ ਲੋੜ ਹੁੰਦੀ ਹੈ, ਇਸੇ ਕਰਕੇ ਨਾਮ ਦੀ ਦਾਤ ਉਨ੍ਹਾਂ ਦੇ ਘਰ ਹੁੰਦੀ ਹੈ। ਸੰਤਾਂ ਦੀ ਵਰਤਣ ਨਾਮ ਹੋਇਆ ਕਰਦੀ ਹੈ। ਸੋ ਨਾਮ ਦੀ ਵਰਤਣ ਨਾਮ ਹੋਇਆ ਕਰਦੀ ਹੈ। ਸੋ ਨਾਮ ਦੀ ਵਰਤਣ ਹਰ ਵਕਤ ਰਹਿਣ ਕਰਕੇ ਉਹ ਥਾਂ ਪਵਿੱਤਰ ਰਹਿੰਦਾ ਹੈ। ਜਿਸ ਵਕਤ ਓਸ ਸੰਗਤ ਵਿਚ ਜੀਵ ਆਉਂਦਾ ਹੈ, ਰਾਮ ਦੇ ਦਾਸਾਂ ਦੀ ਸੰਗਤ ਦੇ ਅੰਦਰ ਤਾਂ ਉਹ ਸਰੋਵਰ ਬਣ ਜਾਂਦਾ ਹੈ ਇਕੱਠਾ ਹੋ ਕੇ। ਸਾਰਿਆਂ ਦੇ ਅੰਦਰੋਂ ਪ੍ਰਮੇਸ਼ਰ ਦੀ ਲੋਅ ਜੋ ਹੈ ਉਸ ਦਾ ਪ੍ਰਕਾਸ਼ ਹੁੰਦਾ ਹੈ। ਉਸ ਦਾ ਕੰਮ ਇਹ ਹੁੰਦਾ ਹੈ ਕਿ ਉਹ ਪਾਪਾਂ ਨੂੰ ਨਾਸ਼ ਕਰੀ ਜਾਂਦੀ ਹੈ।

ਸੋ ਮਹਾਰਾਜ ਕਹਿੰਦੇ ਜਦੋਂ ਇਸ ਦੇ ਵਿਚ ਮਨ ਦਾ ਇਸ਼ਨਾਨ ਹੋ ਜਾਵੇ, ਮਨ ਇਸ਼ਨਾਨ ਕਰਨ ਲੱਗ ਜਾਵੇ......, ਇਸ ਦੇ ਦੋ ਰੂਪ ਨੇ। ਇਕ ਤਾਂ ਬਾਣੀ ਦਾ ਰੂਪ.......ਖਿਆਲ ਜਿਹੜੇ ਨੇ, ਗਿਆਨ ਦਾ ਪ੍ਰਕਾਸ਼। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜੋ ਬਾਣੀ ਹੈ ਇਹ ਰਾਮਦਾਸ ਸਰੋਵਰ ਹੈ। ਦੂਸਰਾ ਹੈ ਜਿੱਥੇ ਰਾਮ ਦੇ ਪਿਆਰੇ ਬੈਠ ਕੇ ਹਰੀ ਦਾ ਜਸ ਕਰਦੇ ਹੋਣ ਉਹ ਵੀ ਰਾਮਦਾਸ ਸਰੋਵਰ ਹੁੰਦਾ ਹੈ – ਉਸਨੂੰ ਸਤਿਸੰਗ ਕਹਿੰਦੇ ਨੇ। ਇਸ ਦੇ ਵਿਚ ਜਦੋਂ ਮਨ ਦਾ ਇਸ਼ਨਾਨ ਹੁੰਦਾ ਹੈ ਤਾਂ ਇਸਨੂੰ ਅੰਮ੍ਰਿਤ ਇਸ਼ਨਾਨ ਕਹਿੰਦੇ ਨੇ, ਅੰਮ੍ਰਿਤਸਰ ਦਾ ਸਰੋਵਰ ਇਸਨੂੰ ਕਹਿੰਦੇ ਨੇ। 'ਅੰਮ੍ਰਿਤਸਰ' ਜਿੱਥੇ ਮੌਤ ਨਾ ਆਵੇ, ਉਹ ਸਰੋਵਰ ਜੋ ਹੈ ਉਸਨੂੰ 'ਅੰਮ੍ਰਿਤਸਰ' ਕਹਿੰਦੇ ਨੇ। ਉਹ ਸਤਿਗੁਰੂ ਹੋਇਆ ਕਰਦਾ ਹੈ। ਜਦੋਂ ਇਸ ਦੇ ਵਿਚ ਇਸ਼ਨਾਨ ਕਰਦਾ ਹੈ ਉਸ ਦੇ ਬਚਨਾਂ ਦੇ ਅੰਦਰ, ਉਸ ਦੀ ਬਾਣੀ ਦੇ ਅੰਦਰ ਤਾਂ ਓਸ ਵੇਲੇ ਕੀ ਹੁੰਦਾ ਹੈ ਕਿ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਤੇ ਸਾਰਿਆਂ ਦੇ ਸਾਰੇ ਪਾਪ ਲਹਿ ਜਾਂਦੇ ਨੇ। ਪਾਪ ਲਹਿਣ ਦੇ ਨਾਲ ਫੇਰ ਓਸ ਦਾ ਜਨਮ-ਮਰਨ ਕੱਟਿਆ ਜਾਂਦਾ ਹੈ। ਅਸਲੀ ਚੀਜ਼ ਦੀ ਸੋਝੀ ਆ ਜਾਂਦੀ ਹੈ, ਅੰਦਰ ਜਾਗ ਆ ਜਾਂਦੀ ਹੈ ਜੇ ਇਸੇ ਸਰੀਰ ਦੇ ਅੰਦਰ ਹੀ ਇਸਨੂੰ ਇਹ ਪ੍ਰਾਪਤੀ ਹੋ ਜਾਵੇ ਤਾਂ ਇਸਦੇ ਸਾਰੇ ਪਾਪਾਂ ਦਾ ਖਾਤਮਾ ਹੋ ਕੇ ਕਿਸੇ ਕਰਮ ਦਾ ਦੇਣਾ-ਲੈਣਾ ਇਸ ਦੇ ਸਿਰ ਤੇ ਬਕਾਇਆ ਨਹੀਂ ਰਹਿੰਦਾ ਕਿਉਂਕਿ ਨਵੇਂ ਬੀਜਦਾ ਨਹੀਂ ਹੈ ਤੇ ਪਹਿਲੇ ਜਲ ਜਾਂਦੇ ਨੇ ਫੇਰ ਇਹ ਆਪਣੇ ਘਰ ਦੇ ਵਿਚ ਜਿਸਨੂੰ 'ਨਿਜ-ਘਰ' ਕਹਿੰਦੇ ਨੇ –

*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥*
*ਅੰਗ - 1291*

ਸੋ ਓਸ ਘਰ ਦੀ ਪ੍ਰਾਪਤੀ ਹੋ ਜਾਂਦੀ ਹੈ। ਉਸ ਦੇ ਵਾਸਤੇ ਸਤਿਸੰਗ ਦੇ ਵਿਚ ਆਉਣਾ, ਸਤਿਸੰਗ ਨਾਲ ਪਿਆਰ ਕਰਨਾ, ਬਾਣੀ ਨੂੰ ਸਰਵਣ ਕਰਨਾ, ਬਾਣੀ ਦਾ ਅਭਿਆਸ ਕਰਨਾ ਇਹ ਸਾਰੇ ਸਾਧਨ ਹੋਇਆ ਕਰਦੇ ਨੇ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਤੇਰੇ ਜਨ ਪਰਉਪਕਾਰੀ ਆਏ

***ਪ੍ਰਭਜੋਤ ਕੌਰ***

**(ਪਰਮ ਪੂਜਨੀਯ ਪਿਤਾ ਜੀ ਦੇ ਸ਼ੁਭ ਜਨਮ ਦਿਵਸ ਤੇ ਵਿਸ਼ੇਸ਼)**

ਸੰਸਾਰ ਰੁੜਿਆ ਜਾ ਰਿਹੈ। ਬੜਾ ਤੇਜ਼ ਹੈ ਇਹਦਾ ਵਹਾਅ। ਕੋਈ ਪਸ਼ੂ-ਪੰਛੀ, ਕੋਈ ਚੀਜ਼ ਕਾਲ ਦੀ ਪਕੜ ਤੋਂ ਬਾਹਰ ਨਹੀਂ ਹੈ। ਕੋਈ ਨਵਾਂ ਪ੍ਰਾਣੀ ਸੰਸਾਰ 'ਚ ਆਗਮਨ ਕਰਦਾ ਹੈ, ਖੁਸ਼ੀਆਂ ਹੁੰਦੀਆਂ ਨੇ। ਜਦੋਂ ਜਾਂਦਾ ਹੈ ਤਾਂ ਰੋਣਾ-ਪਿਟਣਾ ਹੁੰਦਾ ਹੈ। ਵਾਹਿਗੁਰੂ ਜੀ ਦੀ ਅਮਾਨਤ ਤੇ ਅਸੀਂ ਆਪਣਾ ਹੱਕ ਜਮਾਂ ਕੇ ਬੈਠ ਜਾਂਦੇ ਹਾਂ। ਸ਼ਾਇਦ ਕਦੇ ਹੀ ਉਸ ਦੀ ਅਮਾਨਤ ਉਸ ਨੂੰ ਸੌਂਪਣ ਵਿਚ ਇਨਸਾਨ ਨੂੰ ਬਹੁਤ ਜ਼ਿਆਦਾ ਤਕਲੀਫ ਹੁੰਦੀ ਹੈ। ਆਦਮੀ ਦੁਹਾਈਆਂ ਦਿੰਦਾ ਹੈ। ਦੁੱਖੀ ਹੁੰਦਾ ਹੈ, ਸਭ ਕੁਝ ਜਾਣਦਾ ਹੈ, ਪਰ ਫਿਰ ਵੀ ਬਾਜ਼ ਨਹੀਂ ਆਉਂਦਾ। ਕੀ ਕਰੇ? ਇਹ 'ਵਿਚਾਰਾ' ਜੀਵ ਜੋ ਹੋਇਆ। ਇਹਦੇ ਵਸਤ ਕੁਝ ਵੀ ਨਹੀਂ ਹੈ। ਚਿੱਕੜ 'ਚ ਫਸਿਆ ਪਿਆ ਹੈ। ਜਿਸ ਦੇ ਕੋਲ ਪੁਕਾਰ ਕਰਨੀ ਸੀ, ਉਸ ਦਾ ਇਸਨੂੰ ਕਦੇ ਧਿਆਨ ਜਾਂ ਖਿਆਲ ਨਹੀਂ ਆਇਆ ਤੇ ਜਿਹੜਾ ਆਪ ਮੌਤ ਦੇ ਅਧੀਨ ਹੈ, ਉਸ ਤੇ ਇਹ ਆਸ ਲਾਈ ਬੈਠਾ ਹੈ। ਇਹ ਤਾਂ ਹੈ ਇਨਸਾਨਾਂ ਦੀ ਦੁਨੀਆਂ।

ਇਕ ਦੁਨੀਆਂ ਹੈ ਵਾਹਿਗੁਰੂ ਦੇ ਪਿਆਰਿਆਂ ਦੀ ਜੋ ਬੇਅੰਤਤਾਈ ਦਾ ਭੰਡਾਰ ਹੈ। ਇਨਸਾਨੀ ਜਾਮਾ ਪਹਿਨ ਕੇ, ਇਨਸਾਨਾਂ ਵਾਂਗ ਰਹਿ ਕੇ, ਸਾਡੇ ਵਿਚ ਹੀ ਵਿਚਰ ਜਾਂਦੇ ਹਨ ਪਰ ਸਾਨੂੰ ਸੋਝੀ ਹੀ ਨਹੀਂ ਪੈਂਦੀ ਅਤੇ ਸਮਾਂ ਸਾਡੇ ਹੱਥੋਂ ਨਿਕਲ ਜਾਂਦਾ ਹੈ। ਮੇਰੀ ਮੁਰਾਦ ਉਨ੍ਹਾਂ ਤਮਾਮ ਮਹਾਨ ਆਤਮਾਵਾਂ ਤੋਂ ਹੈ ਜੋ ਗੁਰੂ ਰੂਪ ਵਿਚ, ਮਹਾਤਮਾ ਦੇ ਰੂਪ ਵਿਚ ਸੰਸਾਰ ਪਰ ਆਈਆਂ, ਆ ਰਹੀਆਂ ਹਨ, ਵਿਚਰ ਰਹੀਆਂ ਹਨ ਜਾਂ ਵਿਚਰੀਆਂ ਅਤੇ ਅਸੰਖ ਪਾਪੀਆਂ ਦੇ ਉਧਾਰ ਤੇ ਮੁਕਤੀ ਦਾ ਕਾਰਨ ਬਣੀਆਂ। ਉਨ੍ਹਾਂ ਮਹਾਨ ਆਤਮਾਵਾਂ ਵਿਚੋਂ ਇਕ ਹਨ ਆਪਣੇ ਪਿਆਰੇ ਪਿਤਾ ਜੀ (ਬਾਬਾ ਜੀ) ਜਿਨ੍ਹਾਂ ਦਾ ਪਵਿੱਤਰ ਜਨਮ ਦਿਵਸ 17 ਜੂਨ ਨੂੰ ਆਪ ਜੀ ਦੇ ਪਵਿੱਤਰ ਅਸਥਾਨ ਸ੍ਰੀ ਰਤਵਾੜਾ ਸਾਹਿਬ ਵਿਖੇ ਮਨਾਇਆ ਗਿਆ। ਮੈਂ ਫਿਰ ਕਹਾਂ, ਆਪ ਜੀ ਬਾਰੇ ਇਕ ਸ਼ਬਦ ਵੀ ਕਹਿਣਾ, ਮੇਰੀ ਅਕਲ ਤੋਂ ਬਹੁਤ ਹੀ ਪਰ੍ਹੇ ਦੀ ਬਾਤ ਹੈ ਕਿਉਂਕਿ ਸੁਭਾਵਿਕ ਹੀ ਹੁੰਦਾ ਹੈ ਜਿੱਡਾ ਵੱਡਾ ਪਿਆਰਾ ਹੋਵੇ, ਓਨੀ ਵਿਵੇਕ ਬੁੱਧੀ ਚਾਹੀਦੀ ਹੈ, ਉਨ੍ਹਾਂ ਦੇ ਸਰੀਰਕ ਜੀਵਨ ਦੇ ਵੀ ਇਕ ਤੱਥ ਨੂੰ ਕਹਿਣ ਲਈ। ਇਸ ਲਈ ਉਨ੍ਹਾਂ ਦੀ ਉਪਮਾ ਕਰਨਾ ਬਹੁਤ ਹੀ ਗਹਿਰੀ ਬਾਤ ਹੈ। ਗੁਰਦੇਵ ਫੁਰਮਾਉਂਦੇ ਹਨ ਕਿ ਪਿਆਰੇ ਜਨਾਂ ਦਾ ਸੰਸਾਰ ਵਿਚ ਆਗਮਨ ਕਰਨ ਦਾ ਇਕੋ ਹੀ ਕਾਰਨ ਹੁੰਦਾ ਹੈ - ਪਰਉਪਕਾਰ। ਇਹੋ ਕਾਰਨ ਹੈ ਕਿ ਉਨ੍ਹਾਂ ਦਾ ਸੰਸਾਰ ਤੇ ਆਉਣਾ ਮੁਬਾਰਕ ਹੋ ਨਿਬੜਦਾ ਹੈ। ਵਧਾਈਆਂ, ਜੈਕਾਰਾਂ ਹੁੰਦੀਆਂ ਹਨ। ਆਮ ਕਰਕੇ ਦੇਖੀਦਾ ਹੈ, ਘਰ 'ਚ ਇਕ ਬੱਚੇ ਦਾ ਜਨਮ ਦਿਨ ਹੋਏ ਤੇ ਮਾਂ-ਬਾਪ ਦਾ ਚਾਅ ਨਹੀਂ ਝੱਲ ਹੁੰਦਾ ਪਰ ਜਿਥੇ ਪਿਆਰੇ ਦਾ ਆਗਮਨ ਦਿਵਸ ਹੋਵੇ, ਉਤੇ ਪ੍ਰੇਮੀਆਂ ਦੇ ਦਿਲ 'ਚ ਕਿੰਨੇ ਚਾਅ ਹੁੰਦੇ ਨੇ, ਕਿੰਨੇ ਕੁ ਵਲਵਲੇ ਹੁੰਦੇ ਨੇ ਉਨ੍ਹਾਂ ਦੀ ਮਿਸਾਲ ਦੇਖਿਆਂ ਹੀ ਬਣਦੀ ਹੈ। ਇਹੋ ਜਿਹੇ ਚਾਵਾਂ ਤੇ ਅਤਿ ਪ੍ਰੇਮ ਭਾਵਨਾਵਾਂ ਨਾਲ ਪਿਤਾ ਜੀ ਦਾ ਜਨਮ ਦਿਹਾੜਾ, ਰਤਵਾੜਾ ਸਾਹਿਬ ਵਿਖੇ ਮਨਾਇਆ ਗਿਆ।

ਆਸ਼ਰਮ ਦੇ ਮਾਹੌਲ ਤੇ ਪ੍ਰੇਮੀਆਂ ਦੇ ਚਿਹਰਿਆਂ ਤੋਂ ਦੋ ਲਹਿਰਾਂ ਦਾ ਅਹਿਸਾਸ ਦਿਲ ਨੂੰ ਛੋਹ ਰਿਹਾ ਸੀ। ਇਕ ਕਿ ਇਹ ਅਥਾਹ ਖੁਸ਼ੀ ਦਾ ਮੌਕਾ ਹੈ। ਐਡੀ ਵੱਡੀ ਹਸਤੀ ਨੇ ਸਿਰਫ ਸੰਸਾਰ-ਕਲਿਆਣ ਹਿਤ ਮਾਤ ਲੋਕ ਵਿਚ ਆਉਣਾ ਕੀਤਾ। ਧਮੋਟ ਦੀ ਧਰਤੀ ਨੂੰ ਭਾਗ ਲਾਏ। ਬੜਾ ਆਨੰਦ ਮਿਲਦਾ ਹੈ ਕਿ ਸਾਡੇ ਪਤਾ ਨਹੀਂ ਕਿੰਨੇ ਵੱਡੇ ਭਾਗ ਸੀ, ਐਸੀ ਮਹਾਨ ਆਤਮਾ ਦਾ ਸੰਗ ਤੇ ਪਿਆਰ ਸਾਨੂੰ ਹਮੇਸ਼ਾ ਮਿਲਿਆ। ਪਰ ਦੂਸਰਾ ਸੀ ਕਿ ਜਿਸ ਸਰੀਰ ਦਾ ਆਗਮਨ ਮਨਾ ਰਹੇ ਸੀ, ਉਸ ਸਰੀਰ ਦੀ ਗੈਰਮੌਜੂਦਗੀ ਇਕ ਅਜੀਬ ਜਿਹੀ ਗਮੀ ਦੇ ਰਹੀ ਸੀ। 17 ਜੂਨ ਤੋਂ ਕਈ ਦਿਨ ਪਹਿਲਾਂ ਹੀ ਆਸ਼ਰਮ ਵਿਖੇ ਪੂਰੀ ਸ਼ਰਧਾ ਤੇ ਪਿਆਰ ਨਾਲ ਤਿਆਰੀਆਂ ਪ੍ਰਾਰੰਭ ਹੋ ਗਈਆਂ ਸਨ। ਜਿਸ ਦੀ ਸਾਰੀ ਜ਼ਿੰਮੇਵਾਰੀ ਸਤਿਕਾਰਯੋਗ ਬਾਬਾ ਹਰਪਾਲ ਸਿੰਘ ਜੀ ਦੇ ਉਪਰ ਸੀ। ਵੈਸੇ ਆਸ਼ਰਮ ਦਾ ਸਾਰਾ ਕੰਮ ਪਰਮ-ਪੂਜਨੀਅ ਬੀਜੀ ਦੇ ਪਵਿੱਤਰ ਹੁਕਮਾਂ ਮੁਤਾਬਿਕ ਹੀ ਚਲਦਾ ਹੈ ਅਤੇ ਸਾਰੇ ਗੁਰਮੁਖ ਪਿਆਰੇ ਇਨ੍ਹਾਂ ਹੁਕਮਾਂ ਤੇ ਫੁੱਲ ਚੜ੍ਹਾਉਂਦੇ ਹਨ। ਸੰਤ ਮਹਾਰਾਜ ਜੀ ਦੇ ਕਿਸੇ ਅਕਹਿ ਪਿਆਰ ਵਿਚ ਰੰਗੇ ਗੁਰਮੁਖ ਪਿਆਰੇ ਸਾਰਾ-ਸਾਰਾ ਦਿਨ ਸੇਵਾ ਵਿਚ ਮਸਤ ਰਹਿੰਦੇ ਸੀ। ਮੈਂ ਦੇਖਿਆ ਕੋਈ ਕਿਤੇ ਵੀ ਆਰਾਮ ਕਰਨ ਨਹੀਂ ਸੀ ਬੈਠਦਾ। ਜਲ ਵੀ ਖੜ੍ਹੇ-ਖੜ੍ਹੇ ਹੀ ਛਕ ਲੈਂਦੇ ਸਨ ਤੇ ਫਿਰ ਆਪਣੀ ਸੇਵਾ ਵਿਚ ਜੁਟ ਜਾਂਦੇ ਸਨ। ਐਉਂ ਲਗਦਾ ਸੀ ਜਿਵੇਂ ਕੋਈ ਬੜੀ ਜ਼ਬਰਦਸਤ ਲਗਨ, ਕੋਈ ਅਣਡਿੱਠਾ ਉਮਾਹ, ਕੋਈ ਸ਼ਕਤੀ ਉਨ੍ਹਾਂ ਤੋਂ ਸਾਰੀ ਕਾਰ ਕਰਵਾ ਰਹੀ ਸੀ। ਬਹੁਤ ਵੱਡਾ ਸ਼ੈਡ ਅੱਛੀ ਤਰ੍ਹਾਂ ਸਾਫ ਕੀਤਾ ਗਿਆ। ਫਿਰ ਉਸ ਦੇ ਆਸ-ਪਾਸ ਪ੍ਰੇਮੀਆਂ ਨੇ ਦਰਖਤਾਂ ਨੂੰ, ਬੂਟਿਆਂ ਨੂੰ ਬਚਾ ਕੇ ਟੈਂਟ ਲਗਾਏ। ਸਾਰੀ-ਸਾਰੀ ਰਾਤ ਲਗਾ ਕੇ ਸਟੇਜ ਤੇ ਦੀਵਾਨ ਹਾਲ ਨੂੰ ਸ਼ਿੰਗਾਰਿਆ ਗਿਆ। 17 ਜੂਨ ਨੂੰ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਹੋਏ ਫਿਰ ਸ੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਗਏ।

ਕਰੀਬ 9.30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਪਵਿੱਤਰ ਸਵਾਰੀ ਪੰਡਾਲ ਹਾਲ ਵਲ ਨੂੰ ਵਧ ਰਹੀ ਸੀ। ਸ਼ਾਹੀ ਬੈਂਡ ਵਲੋਂ ਗੁਰੂ ਮਹਾਰਾਜ ਜੀ ਨੂੰ ਸਲਾਮੀ, ਸਤਿਕਾਰ ਭੇਟ ਕੀਤਾ ਗਿਆ ਤੇ ਬਹੁਤ ਪਿਆਰੀਆਂ ਤੇ ਮਿੱਠੀਆਂ ਧੁਨਾਂ ਨਾਲ ਦੀਵਾਨ ਹਾਲ ਗੂੰਜ ਉਠਿਆ। ਸੰਗਤਾਂ ਗੁਰਮੰਤਰ ਦੇ ਜਾਪ ਕਰ ਰਹੀਆਂ ਸਨ ਅਤੇ ਨਾਲ ਨਾਲ ਸੱਚੇ ਪਾਤਸ਼ਾਹ ਜੀ ਦੇ ਪਿਛੇ-ਪਿਛੇ ਦੀਵਾਨ ਹਾਲ ਅੰਦਰ ਦਾਖਲ ਹੋਈਆਂ। ਗੁਰ ਸਮਾਗਮ ਦੀ ਆਰੰਭਤਾ ਲਈ ਅਰਦਾਸ ਕੀਤੀ ਗਈ। ਸਤਿਗੁਰੂ ਜੀ ਨੇ ਪਵਿੱਤਰ ਹੁਕਮਨਾਮਾ ਬਖਸ਼ਿਸ਼ ਕੀਤਾ –

*ਸਤਿਸੰਗਤ ਸਾਧ ਪਾਈ ਵਡਭਾਗੀ*
*ਮਨੁ ਚਲਤੌ ਭਇਓ ਅਰੂੜਾ॥*
*ਅਨਹਤ ਧੁਨਿ ਵਾਜਹਿ ਨਿਤ ਵਾਜੇ*
*ਹਰਿ ਅੰਮ੍ਰਿਤ ਧਾਰ ਰਸਿ ਲੀੜਾ॥*
*ਮੇਰੇ ਮਨ ਜਪਿ ਰਾਮ ਨਾਮੁ ਹਰਿ ਰੂੜਾ॥*
*ਮੇਰੈ ਮਨਿ ਤਨਿ ਪ੍ਰੀਤਿ ਲਗਾਈ*
*ਸਤਿਗੁਰਿ ਹਰਿ ਮਿਲਿਓ ਲਾਇ ਝਪੀੜਾ॥*
*ਸਾਕਤ ਬੰਧ ਭਏ ਹੈ ਮਾਇਆ*
*ਬਿਖੁ ਸੰਚਹਿ ਲਾਇ ਜਕੀੜਾ॥*
*ਹਰਿ ਕੈ ਅਰਥਿ ਖਰਚਿ ਨਹ ਸਾਕਹਿ*
*ਜਮਕਾਲੁ ਸਹਹਿ ਸਿਰਿ ਪੀੜਾ॥*
*ਜਿਨ ਹਰਿ ਅਰਥਿ ਸਰੀਰੁ ਲਗਾਇਆ*
*ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ॥*
*ਹਲਤਿ ਪਲਤਿ ਹਰਿ ਸੋਭਾ ਪਾਵਹਿ*
*ਹਰਿ ਰੰਗੁ ਲਗਾ ਮਨਿ ਗੂੜਾ॥*
*ਹਰਿ ਹਰਿ ਮੇਲਿ ਮੇਲਿ ਜਨ ਸਾਧੂ*
*ਹਮ ਸਾਧ ਜਨਾ ਕਾ ਕੀੜਾ॥*
*ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ*
*ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ॥*

***ਅੰਗ - 698***

ਇਸ ਹੁਕਮ ਦੇ ਨਾਲ ਸਮਾਗਮ ਦੀ ਅਰੰਭਤਾ ਹੋਈ। ਸਭ ਤੋਂ ਪਹਿਲਾਂ ਭਾਈ ਤ੍ਰਿਲੋਚਨ ਸਿੰਘ ਜੀ ਨੇ ਧਾਰਨਾ ਪੜ੍ਹ ਕੇ ਹਾਜ਼ਰੀ ਲਗਵਾਈ। ਉਨ੍ਹਾਂ ਤੋਂ ਉਪਰੰਤ ਸੰਤ ਬਾਬਾ ਮਨਜੀਤ ਸਿੰਘ ਜੀ ਮੁੱਲਾਂਪੁਰ ਵਾਲਿਆਂ ਨੇ ਆਪਣੀ ਪਿਆਰ ਭਿੰਨੀ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦਾ ਵਿਸ਼ਾ ਸੀ 'ਧੰਨ ਧੰਨ ਧੰਨ ਜਨ ਆਇਆ।' ਇਸ ਲੜੀ ਨੂੰ ਜਾਰੀ ਰਖਦਿਆਂ ਭਾਈ ਜੀਵਨ ਸਿੰਘ ਜੀ (ਜਥਾ ਬਾਬਾ ਗੁਰਪਾਲ ਸਿੰਘ ਜੀ ਯੂ.ਪੀ.) ਵਾਲਿਆਂ ਨੇ ਧਾਰਨਾਵਾਂ ਰਾਹੀਂ ਆਪਣੀ ਹਾਜ਼ਰੀ ਲਗਵਾਈ। ਉਨ੍ਹਾਂ ਤੋਂ ਬਾਅਦ ਬੀਬੀ ਛਪਿੰਦਰ ਕੌਰ ਜੀ ਨੇ ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਦੇ ਸਬੰਧ ਵਿਚ ਇਕ ਕਵਿਤਾ 'ਜਨਮ ਦਿਹਾੜੇ ਨੇ, ਦੂਰ ਪਿਆਰੇ ਨੇ' ਸਰਵਣ ਕਰਵਾਈ।

ਬਾਬਾ ਨਛੱਤਰ ਸਿੰਘ ਜੀ ਝਾਮਪੁਰ ਵਾਲਿਆਂ, ਜਿਨ੍ਹਾਂ ਨੂੰ ਸੰਤ ਮਹਾਰਾਜ ਜੀ ਦੀ ਸੰਗਤ ਪ੍ਰਾਪਤ ਹੋਈ, ਨੇ ਵੀ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਇਆ। ਆਪ ਜੀ ਨੇ ਦੱਸਿਆ ਕਿ ਸਾਧੂ ਦੀ ਮਹਿਮਾ ਕਹੀ ਨਹੀਂ ਜਾ ਸਕਦੀ। ਉਹ ਜਗਤ ਉਧਾਰਨ ਹਿਤ ਸੰਸਾਰ ਤੇ ਆਉਂਦੇ ਹਨ। ਆਪ ਤਾਂ ਤਰਦੇ ਹੀ ਹਨ ਤੇ ਨਾਲ ਅਸੰਖ ਰੂਹਾਂ ਨੂੰ ਤਾਰਦੇ ਹਨ। ਭਾਈ ਜਗਤਾਰ ਸਿੰਘ ਜੀ ਨੇ ਵੀ ਕੁਝ ਸਮਾਂ ਆਪਣੇ ਵਿਚਾਰ ਸਾਂਝੇ ਕੀਤੇ। ਭਾਈ ਦਰਸ਼ਨ ਸਿੰਘ ਜੀ ਨੇ ਵੀ ਕੁਝ ਮਿੰਟਾਂ ਲਈ ਸੰਗਤਾਂ ਨੂੰ ਨਿਹਾਲ ਕੀਤਾ। ਮੁਹਾਲੀ ਦੀਆਂ ਬੀਬੀਆਂ ਨੇ ਵੀ ਇਸ ਤਰ੍ਹਾਂ ਹੀ ਆਪਣੀ ਭਾਵਨਾ ਇਕ ਕਵਿਤਾ ਰੂਪ ਵਿਚ ਸੰਗਤਾਂ ਨਾਲ ਸਾਂਝੀ ਕੀਤੀ। ਇਨ੍ਹਾਂ ਤੋਂ ਬਾਅਦ ਬਾਬਾ ਗੁਰਪਾਲ ਸਿੰਘ ਜੀ ਯੂ.ਪੀ. ਵਾਲਿਆਂ ਨੇ ਤੋੜ੍ਹੇ ਜਿਹੇ ਸਮੇਂ ਵਿਚ ਮਹਾਂਪੁਰਖਾਂ ਦੀ ਯਾਦ ਨੂੰ ਫਿਰ ਤੋਂ ਤਾਜ਼ਾ ਕਰਵਾ ਦਿਤਾ। ਉਨ੍ਹਾਂ ਕਿਹਾ ਕਿ ਸੰਤ ਮਹਾਰਾਜ ਜੀ ਨੇ ਸਾਰੇ ਸੰਸਾਰ ਨੂੰ ਪਿਆਰ ਹੀ ਵੰਡਿਆ ਹੈ ਅਤੇ ਸਾਨੂੰ ਸਾਰਿਆਂ ਨੂੰ ਪਿਆਰ ਦਾ ਰਸਤਾ ਹੀ ਦਿਖਾਇਆ ਹੈ। ਇਨ੍ਹਾਂ ਤੋਂ ਬਾਅਦ ਬਾਬਾ ਦਰਸ਼ਨ ਸਿੰਘ ਜੀ (ਜਥਾ ਲੰਬਿਆਂ) ਵਾਲਿਆਂ ਨੇ ਵੀ ਗੁਰਬਾਣੀ ਕੀਰਤਨ ਕੀਤਾ। ਇਨ੍ਹਾਂ ਤੋਂ ਬਾਅਦ ਸਰਦਾਰ ਸੰਤੋਖ ਸਿੰਘ ਜੀ ਰੰਧਾਵਾ ਜਿਨ੍ਹਾਂ ਦਾ ਸੰਤ ਮਹਾਰਾਜ ਨਾਲ ਬਹੁਤ ਸਨੇਹ ਸੀ, ਨੇ ਵੀ ਕੁਝ ਕੁ ਮਿੰਟਾਂ ਵਿਚ ਮਹਾਂਪੁਰਖਾਂ ਨਾਲ ਬੀਤਾਈਆਂ ਘੜੀਆਂ ਚੇਤੇ ਕੀਤੀਆਂ। ਆਤਮ-ਮਾਰਗ ਦੇ ਮੁੱਖ-ਐਡੀਟਰ ਡਾ. ਜਗਜੀਤ ਸਿੰਘ ਜੀ ਨੇ ਵੀ ਮਹਾਂਪੁਰਖਾਂ ਪ੍ਰਤੀ ਆਪਣੀਆਂ ਪ੍ਰੇਮ ਭਾਵਨਾਵਾਂ ਪ੍ਰਗਟ ਕੀਤੀਆਂ। ਇਨ੍ਹਾਂ ਤੋਂ ਬਾਅਦ ਸ੍ਰੀ ਅਨੰਦ ਸੁਆਮੀ ਜੀ ਨੇ ਥੋੜ੍ਹੇ ਜਿਹੇ ਸਮੇਂ ਵਿਚ ਬੇਅੰਤ ਵਿਚਾਰ ਸੰਗਤਾਂ ਦੇ ਸਨਮੁਖ ਰੱਖੇ। ਉਨ੍ਹਾਂ ਕਿਹਾ ਕਿ ਇਥੇ ਰਤਵਾੜਾ ਸਾਹਿਬ ਵਿਖੇ ਬਾਬਾ ਜੀ ਦੇ ਦਰਸ਼ਨ ਕਰਕੇ, ਸੰਗਤਾਂ ਦੇ ਦਰਸ਼ਨ ਕਰਕੇ ਬਹੁਤ ਆਨੰਦ ਆਇਆ ਹੈ। ਉਨ੍ਹਾਂ ਦੇ ਪ੍ਰਵਚਨ ਸਨ ਕਿ ਗੁਰੂ ਦੀ ਸੰਗਤ ਬੜੇ ਭਾਗ ਨਾਲ ਪ੍ਰਾਪਤ ਹੁੰਦੀ ਹੈ ਅਤੇ ਗੁਰੂ, ਉਹ ਸੂਰਜ ਹੁੰਦੇ ਹਨ ਜੋ ਕਦੇ ਅਸਤ ਨਹੀਂ ਹੁੰਦੇ। ਗੁਰੂ ਦੀ ਦਿਬ ਜੋਤੀ ਹਮੇਸ਼ਾ ਸੰਸਾਰ ਨੂੰ ਚਾਨਣ ਤੇ ਸੀਤਲਤਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਮੈਂ ਸਾਰੀ ਸੰਗਤ ਨੂੰ ਪ੍ਰਣਾਮ ਕਰਦਾ ਹਾਂ। ਗੁਰੂ ਮਹਾਰਾਜ ਜੀ ਦੇ ਪ੍ਰਤੀ ਜਿਸ ਹਿਰਦੇ ਵਿਚ ਪ੍ਰੀਤੀ ਹੁੰਦੀ ਹੈ, ਆਸਥਾ ਹੁੰਦੀ ਹੈ, ਉਹ ਇਨਸਾਨ ਭਲੇ ਹੀ ਕੱਪੜਿਆਂ ਤੋਂ ਸਾਧੂ ਨਾ ਦਿਸਣ, ਪਰ ਦਿਲ ਤੋਂ ਸਾਧੂ ਹੀ ਹੁੰਦੇ ਹਨ। ਗੁਰੂ ਨੌਂਵੇਂ ਪਾਤਸ਼ਾਹ ਜੀ ਦੀ ਮਧੁਰ ਬਾਣੀ 'ਚੋਂ ਆਪ ਜੀ ਕਿੰਨੇ ਹੀ ਸਲੋਕ ਉਚਾਰ ਕੇ ਸੰਗਤਾਂ ਨੂੰ ਜਾਪ ਕਰਵਾਇਆ। ਉਨ੍ਹਾਂ ਫੁਰਮਾਇਆ ਕਿ ਨਾਮ ਤੋਂ ਬਿਨਾਂ ਜਨਮ ਬਿਰਥਾ ਚਲਾ ਜਾਂਦਾ ਹੈ।

*ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨ॥*
*ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥*

***ਅੰਗ - 1426***

ਉਨ੍ਹਾਂ ਦਾ ਕਹਿਣਾ ਸੀ ਕਿ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਗੁਰਬਾਣੀ ਅੰਦਰ ਫੁਰਮਾਨ ਕੀਤਾ ਹੈ 'ਸਿਮਰ ਸਿਮਰ ਸਿਮਰ ਸੁਖ ਪਾਵਹੁ।' ਉਨ੍ਹਾਂ ਦੱਸਿਆ ਕਿ ਮੈਂ ਜਿਥੇ ਵੀ ਕਿਤੇ ਸਤਿਸੰਗ ਲਈ ਜਾਂਦਾ ਹਾਂ ਉਥੇ ਇਹੀ ਕਹਿੰਦਾ ਹਾਂ ਕਿ ਸਿੱਖਾਂ ਦੀ ਆਪਣੇ ਗੁਰੂ ਮਹਾਰਾਜ ਜੀ ਦੇ ਪ੍ਰਤੀ ਪ੍ਰੀਤੀ ਦੇਖੋ, ਕਿੱਦਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਤੇ ਰੱਖ ਕੇ ਲੈ ਕੇ ਜਾਂਦੇ ਹਨ ਤੇ ਜਿਨ੍ਹਾਂ ਪ੍ਰਾਣੀਆਂ ਨੇ ਗੁਰੂ ਦੇ ਚਰਨਾਂ ਦੀ ਪ੍ਰੀਤ ਵਧਾਉਣੀ ਹੈ, ਉਹ ਗੁਰਬਾਣੀ ਦਾ ਪਾਠ ਕਰੇ। ਉਨ੍ਹਾਂ ਕਿਹਾ ਕਿ ਸੰਤ ਮਹਾਰਾਜ ਜੀ ਅੱਜ ਬਹੁਤ ਪ੍ਰਸੰਨ, ਰਾਜ਼ੀ ਹੋ ਰਹੇ ਹੋਣਗੇ ਕਿਉਂਕਿ ਅੱਜ ਸਾਰੀ ਸੰਗਤ ਉਨ੍ਹਾਂ ਦੀ ਪਵਿੱਤਰ ਯਾਦ ਮਨਾਉਣ ਲਈ ਇਥੇ ਆਈ ਹੈ ਅਤੇ ਪਰਮ ਪੂਜਨੀਅ ਸੰਤ ਸ੍ਰੀ ਬਾਪੂ ਆਸਾ ਰਾਮ ਜੀ ਵੀ ਇਥੇ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਬਾਪੂ ਜੀ ਸਿੱਖਾਂ ਨਾਲ ਬਹੁਤ ਪਿਆਰ ਕਰਦੇ ਹਨ ਅਤੇ ਬਾਬਾ ਹਰਪਾਲ ਸਿੰਘ ਜੀ ਜਦੋਂ ਬਾਪੂ ਜੀ ਨੂੰ ਮਿਲਣ ਪਹੁੰਚੇ ਤਾਂ ਸ੍ਰੀ ਬਾਪੂ ਜੀ ਨੇ ਉਨ੍ਹਾਂ ਦਾ ਬਹੁਤ ਸਤਿਕਾਰ ਕੀਤਾ। ਉਨ੍ਹਾਂ ਕਿਹਾ ਕਿ ਜੀਵਨ ਵਿਚ ਚਾਹੇ ਸਾਡੇ ਕੋਲ ਸਭ ਕੁਝ ਹੈ ਪਰ ਜੇ ਪੂਰਾ ਗੁਰੂ ਨਾ ਮਿਲਿਆ ਤਾਂ ਸਾਡੇ ਕੋਲ ਕੁਝ ਵੀ ਨਹੀਂ ਹੈ। ਜਿਸ ਦਾ ਇਸ਼ਟ ਮਜ਼ਬੂਤ (ਪੂਰਾ) ਹੁੰਦਾ ਹੈ, ਉਸ ਦਾ ਕੋਈ ਕਦੇ ਵੀ ਅਨਿਸ਼ਟ ਨਹੀਂ ਕਰ ਸਕਦਾ। ਉਨ੍ਹਾਂ ਜੀਵਾਂ ਦੀ ਗਤੀ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਵਾਲੀ ਹੁੰਦੀ ਹੈ। ਸਵਾਮੀ ਜੀ ਦਾ ਕਥਨ ਸੀ ਕਿ ਸਾਨੂੰ ਸਭ ਨੂੰ ਨਾਮ ਜਪਣਾ ਚਾਹੀਦਾ ਹੈ ਕਿਉਂਕਿ ਗੁਰਬਾਣੀ ਪਵਿੱਤਰ ਫੁਰਮਾਨ ਦੇ ਰਹੀ ਹੈ –

***ਗੁਰਮੁਖਿ ਨਾਮੁ ਜਪਹੁ ਮਨ ਮੇਰੇ॥***
***ਨਾਨਕ ਪਾਵਹੁ ਸੁਖ ਘਨੇਰੇ॥*** ***ਅੰਗ - 264***

ਸਵਾਮੀ ਜੀ ਨੇ ਕਿਹਾ ਕਿ ਬਾਬਾ ਹਰਪਾਲ ਸਿੰਘ ਜੀ ਵੀ ਧੰਨ ਹਨ। ਉਨ੍ਹਾਂ ਦੀ ਸਰਲਤਾ ਤੇ ਸਾਧੂਤਾਈ ਮਹਾਨ ਹੈ। ਸਤਿਨਾਮ-ਸਤਿਨਾਮ-ਸਤਿਨਾਮ ਬੋਲ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਬੋਲ, ਗੁਰਮੰਤ੍ਰ ਦੇ ਜਾਪ ਦੀ ਇਸ ਮਧੁਰ ਤੇ ਅਤਿ ਪਿਆਰੀ ਧੁਨ ਨਾਲ ਸ੍ਰੀ ਸਵਾਮੀ ਜੀ ਨੇ ਆਪਣੇ ਪ੍ਰਵਚਨ ਸੰਕੋਚ ਲਏ ਅਤੇ ਸੰਗਤਾਂ ਨੂੰ ਅਗਾਹ ਕੀਤਾ ਕਿ ਪੂਜਨੀਯ ਬਾਪੂ ਜੀ ਸੰਗਤਾਂ ਵਿਚ ਪਧਾਰ ਰਹੇ ਹਨ।

ਇਨ੍ਹਾਂ ਤੋਂ ਬਾਅਦ ਬਾਬਾ ਹਰਪਾਲ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦਸਿਆ ਕਿ ਬਾਪੂ ਜੀ ਪਹੁੰਚ ਰਹੇ ਹਨ। ਠੀਕ ਉਸੇ ਸਮੇਂ ਬਾਪੂ ਜੀ (ਸੰਤ ਸ੍ਰੀ ਆਸਾ ਰਾਮ ਜੀ ਮਹਾਰਾਜ) ਸਟੇਜ ਤੇ ਪਹੁੰਚ ਗਏ। ਬਾਬਾ ਜੀ ਨੇ ਦੱਸਿਆ ਕਿ ਸੰਤ ਮਹਾਰਾਜ ਜੀ ਦੀ ਇੱਛਾ ਸੀ ਕਿ ਬਾਪੂ ਜੀ ਇਥੇ ਰਤਵਾੜਾ ਸਾਹਿਬ ਵਿਖੇ ਪਹੁੰਚ ਕੇ ਸੰਗਤਾਂ ਨਾਲ ਆਪਣੇ ਪ੍ਰਵਚਨ ਸਾਂਝੇ ਕਰਨ ਪ੍ਰੰਤੂ ਸੰਤ ਮਹਾਰਾਜ ਜੀ ਦੇ ਪਵਿੱਤਰ ਸਰੀਰ ਦੇ ਹੁੰਦਿਆਂ ਐਸਾ ਯੋਗ ਨਾ ਬਣ ਸਕਿਆ। ਪਰ ਆਪ ਜੀ ਦੀ ਇਹ ਇੱਛਾ ਅੱਜ ਪੂਰੀ ਹੋ ਗਈ ਹੈ। ਉਨ੍ਹਾਂ ਪਰਮ ਪੂਜਨੀਯ ਬੀਜੀ ਵਲੋਂ, ਅਸਥਾਨ ਵਲੋਂ ਅਤੇ ਆਦਾਰਾ ਆਤਮ ਮਾਰਗ ਵਲੋਂ ਸੰਤ ਬਾਪੂ ਜੀ ਨੂੰ ਜੀ ਆਇਆ ਆਖਿਆ ਅਤੇ ਬਾਪੂ ਜੀ ਨੂੰ ਬੇਨਤੀ ਕੀਤੀ ਕਿ ਉਹ ਸੰਗਤਾਂ ਨੂੰ ਬਚਨਾਂ ਨਾਲ ਕ੍ਰਿਤਾਰਥ ਕਰਨ।

ਸੰਤ ਬਾਪੂ ਜੀ ਦਾ ਸਟੇਜ ਪਰ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਅੰਦਰ ਬੈਠਣਾ, ਬੜਾ ਮਨਮੋਹਣਾ ਨਜ਼ਾਰਾ ਸੀ। ਗੁਰਮਤਿ ਤੇ ਯੋਗ ਦਾ ਸੁਮੇਲ, ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਦੇ ਕਲਾਵੇ ਦੀ ਵਿਸ਼ਾਲਤਾ ਦਾ ਜਲਵਾ ਐਨਾ ਦਿਲ ਟੁੰਬਵਾਂ ਸੀ ਕਿ ਹਿਰਦੇ ਵਿਚ ਇਕ ਅਭੁੱਲ ਯਾਦ ਬਣ ਕੇ ਆਸਣ ਜਮਾ ਬੈਠਾ ਹੈ।

ਸ੍ਰੀ ਬਾਪੂ ਜੀ ਨੇ ਵੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਬਾਣੀ ਸਲੋਕ ਮਹਲਾ ੯ 'ਚੋਂ ਇਹ ਬਚਨ ਉਚਾਰੇ –

***ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ॥***
***ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥***
***ਅੰਗ - 1427***
***ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ॥***
***ਅੰਗ - 1428***
***ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥***
***ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥***
***ਅੰਗ - 1429***

ਇਨ੍ਹਾਂ ਸਲੋਕਾਂ ਦੇ ਉਚਾਰਮ ਨਾਲ ਆਪ ਜੀ ਨੇ ਆਪਣੇ ਪ੍ਰਵਚਨ ਆਰੰਭ ਕੀਤੇ। ਇਕ ਅਥਾਹ ਸ਼ਾਂਤੀ ਦੀ ਲਹਿਰ ਸੰਗਤਾਂ ਵਿਚ ਦੌੜ ਗਈ। ਬਹੁਤ ਗਰਮੀ ਦੇ ਬਾਵਜੂਦ ਸੰਗਤਾਂ ਦਾ ਸ਼ਾਂਤੀਪੂਰਵਕ, ਮਹਾਂਪੁਰਖਾਂ ਦੇ ਪ੍ਰਵਚਨ ਸੁਣਨਾ, ਆਪਣੀ ਮਿਸਾਲ ਆਪ ਹੀ ਸੀ। ਬਾਪੂ ਜੀ ਨੇ ਕਿਹਾ ਕਿ ਅਕਾਲ ਪੁਰਖ ਦੇ ਪਿਆਰੇ, ਸੰਤ ਮਹਾਰਾਜ ਜੀ, ਜਿਨ੍ਹਾਂ ਦੀ ਦਿਬਯ ਭਾਵਨਾ ਨੇ, ਇਕ ਵਾਰੀ ਦਿੱਲੀ ਪਹੁੰਚੇ ਸਨ ਉਥੇ ਆਪ ਜੀ ਨੇ ਮੈਨੂੰ ਸੱਦਾ ਦਿਤਾ ਸੀ। ਉਨ੍ਹਾਂ ਕਿਹਾ ਕਿ ਬਾਬਾ ਹਰਪਾਲ ਸਿੰਘ ਜੀ ਦੇ ਕੋਲ ਵੀ ਕੋਈ ਜਾਦੂ ਹੈ। ਇਨ੍ਹਾਂ ਵਿਚ ਵੀ ਬਹੁਤ ਪਿਆਰ ਹੈ। ਆਪ ਜੀ ਨੇ ਕਿਹਾ ਕਿ ਸੰਸਾਰ ਵਿਚ ਦੋ ਚੀਜ਼ਾਂ ਬੜੇ ਭਾਗਾਂ ਨਾਲ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਬਾਬਾ ਜੀ ਨੇ ਬੀਜੀ ਦੀ ਸਰਪ੍ਰਸਤੀ ਹੇਠ, ਇਹ ਪ੍ਰੋਗਰਾਮ ਤੁਹਾਡੇ ਸਾਰਿਆਂ ਲਈ ਰਖਵਾਇਆ ਹੈ। ਬਾਬਾ ਜੀ ਵੀ ਉਨੀ ਹੀ ਨਿਮਰਤਾ ਦੀ ਮੂਰਤੀ ਹਨ, ਓਨੇ ਹੀ ਸੰਤ-ਸੇਵੀ ਹਨ। ਉਨ੍ਹਾਂ ਕਿਹਾ ਕਿ ਸੰਤ ਸਮਾਗਮ ਤੇ ਹਰੀ ਕਥਾ ਦੋਨੋਂ ਹੀ ਚੀਜ਼ਾਂ ਬਹੁਤ ਦੁਰਲੱਭ ਹਨ ਕਿਉਂਕਿ ਇਨ੍ਹਾਂ ਦੋਹਾਂ ਦਾ ਪ੍ਰਭਾਵ ਮੌਤ ਵੀ ਤੋੜ ਨਹੀਂ ਸਕਦੀ।

ਹਜ਼ਾਰਾਂ ਅਸ੍ਵਮੇਧ ਜਗਾਂ ਦਾ ਫਲ ਵੀ ਸਤਿਸੰਗਤ ਦੇ

ਮੁਕਾਬਲੇ ਕੁਝ ਨਹੀਂ ਹੈ। ਉਨ੍ਹਾਂ ਕਿਹਾ ਕਿ ਏ ਮਨ! ਤੂੰ ਸੁੱਖਾਂ 'ਚ ਨਾ ਡੁੱਬ ਤੇ ਆਪਣੇ ਆਪ ਦੀ ਪਛਾਣ ਕਰ। ਇਸ ਤੇ ਬਾਪੂ ਜੀ ਨੇ ਕਿਹਾ ਕਿ ਕਿੱਦਾਂ ਸੰਤ ਮਹਾਰਾਜ ਜੀ ਦੇ, ਮਾਤਾ ਜੀ ਉਨ੍ਹਾਂ ਨੂੰ ਰਾੜਾ ਸਾਹਿਬ ਵੱਡੇ ਮਹਾਰਾਜ (ਸੰਤ ਮਹਾਰਾਜ ਸ੍ਰੀ ਈਸ਼ਰ ਸਿੰਘ ਜੀ) ਜੀ ਦੇ ਕੋਲ ਲੈ ਕੇ ਗਏ। ਜਦੋਂ ਵੱਡੇ ਮਹਾਰਾਜ ਜੀ ਨੇ ਆਪ ਨੂੰ ਪੁਛਿਆ ਕਿ ਤੂੰ ਕੌਣ ਹੈਂ? ਆਪ ਜੀ ਖਾਮੋਸ਼ ਰਹੇ ਅਤੇ ਫਿਰ ਮਹਾਰਾਜ ਜੀ ਚਾਲੀ ਮਿੰਟ ਨੇਤਰ ਬੰਦ ਕਰਕੇ ਬੈਠੇ ਰਹੇ ਤੇ ਫੁਰਮਾਇਆ ਕਿ ਤੇਰਾ ਇਕ ਕਦਮ ਬਾਕੀ ਹੈ। ਇਹ ਵਾਰਤਾ ਕੋਈ ਆਮ ਵਾਰਤਾ ਨਹੀਂ ਸੀ ਕਿਉਂਕਿ ਸੰਤ ਮਹਾਰਾਜ ਜੀ ਪੂਰਬਲੇ ਜਨਮ ਦੇ ਕੋਈ ਮਹਾਨ ਯੋਗ ਅਭਿਆਸੀ ਮਹਾਤਮਾ ਸਨ।

***ਜਿਨ ਖੋਜਾ ਜਿਨ ਪਾਇਆ ਡੂੰਘੈ ਪਾਨੀ ਤੈਰ***

ਬਾਪੂ ਜੀ ਨੇ ਦੱਸਿਆ ਕਿ ਸਾਨੂੰ ਰੋਜ਼ ਸਵੇਰੇ ਉਠ ਕੇ ਸੱਚੇ ਮਨ ਨਾਲ ਵਾਹਿਗੁਰੂ ਜੀ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਅਕਾਲ ਪੁਰਖ! ਮੈਂ ਤਾਂ ਜੈਸਾ ਵੀ ਹਾਂ ਤੇਰਾ ਹੀ ਹਾਂ, ਤੁਸੀਂ ਕ੍ਰਿਪਾ ਕਰਕੇ ਮੈਨੂੰ ਆਪਣੀ ਪ੍ਰੀਤੀ, ਆਪਣੀ ਭਗਤੀ ਦਾ ਦਾਨ ਦਿਓ। ਉਨ੍ਹਾਂ ਦੱਸਿਆ ਕਿ ਜੋ ਵੀ ਸੰਤਾਂ ਦੀ ਸ਼ਰਨ ਵਿਚ ਆਇਆ, ਉਹ ਤਰ ਗਿਆ।-

***ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥***

***ਅੰਗ - 967***

ਆਪ ਜੀ ਨੇ ਸੰਗਤਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਕੁਝ ਲੋਕ ਸਿੱਖਾਂ ਅਤੇ ਹਿੰਦੂਆਂ ਨੂੰ ਲੜਾਉਣ ਦਾ ਧੰਦਾ ਕਰਦੇ ਹਨ। ਇਨ੍ਹਾਂ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਸਿੱਖਾਂ ਦੇ ਗੁਰੂ ਇਕੱਲੇ ਸਿੱਖਾਂ ਦੇ ਹੀ ਨਹੀਂ ਹਨ, ਸਗੋਂ ਸਾਰੇ ਸੰਸਾਰ ਦੇ ਗੁਰੂ ਹਨ। ਉਨ੍ਹਾਂ ਫੁਰਮਾਇਆ ਕਿ ਬ੍ਰਹਮਗਿਆਨੀ ਸਾਰੇ ਸੰਸਾਰ ਦੇ ਗੁਰੂ ਹੁੰਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸੱਚੇ ਪਾਤਸ਼ਾਹ ਨੂੰ ਪਛਾਨਣ ਲਈ ਇਕ ਜਨਮ ਹੋਰ ਲੈਣਾ ਪਏਗਾ। ਉਨ੍ਹਾਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਮਹਾਰਾਜ ਜੀ ਤੇ ਇਕ ਘਾਹੀ ਸਿੱਖ ਦੀ ਸਾਖੀ ਸੁਣਾਈ।

ਇਕ ਵਾਰੀ ਗੁਰੂ ਹਰਿਗੋਬਿੰਦ ਸੱਚੇ ਪਾਤਸ਼ਾਹ ਦਾ ਕੈਂਪ ਆਗਰੇ ਦੇ ਨਿਕਟ ਹੀ ਜੰਗਲ ਵਿਚ ਲੱਗਿਆ ਹੋਇਆ ਸੀ। ਉਥੋਂ ਥੋੜ੍ਹੀ ਦੂਰ ਬਾਦਸ਼ਾਹ ਜਹਾਂਗੀਰ ਦਾ ਕੈਂਪ ਸੀ। ਉਧਰ ਇਕ ਸਿੱਖ ਜੋ ਆਰਥਿਕ ਪੱਖੋਂ ਥੋੜ੍ਹਾ ਗਰੀਬ ਸੀ, ਨੇ ਸੋਚਿਆ ਕਿ ਕਿਉਂ ਨਾ ਜਾ ਕੇ ਗੁਰੂ ਹਰਿ ਗੋਬਿੰਦ ਮਹਾਰਾਜ ਜੀ ਦੇ ਦਰਸ਼ਨ ਕੀਤੇ ਜਾਣ। ਉਸ ਨੇ ਆਪਣੀ ਨੇਤਨੀਤੀ ਦੀ ਕਿਰਤ 'ਚੋਂ ਇਕ ਟਕਾ ਜੋੜਿਆ। ਇਕ ਘਾਹ ਦੀ ਪੰਡ ਸੀਸ ਤੇ ਚੁੱਕੀ ਤੇ ਪੂਰੀ ਸ਼ਰਧਾ ਨਾਲ ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਲਈ ਤੁਰ ਪਿਆ। ਮਗਰ ਗਲਤੀ ਨਾਲ ਬਾਦਸ਼ਾਹ ਜਹਾਂਗੀਰ ਦੇ ਕੈਂਪ 'ਚ ਦਾਖਲ ਹੋ ਗਿਆ। ਅਹਿਲਕਾਰਾਂ ਨੂੰ ਪੁੱਛਦਾ ਹੈ ਸੱਚੇ ਪਾਤਸ਼ਾਹ ਕਿਥੇ ਨੇ? ਉਨ੍ਹਾਂ ਕਿਹਾ ਅੰਦਰ ਨੇ। ਕਹਿੰਦਾ ਮੈਂ ਦਰਸ਼ਨ ਕਰਨੇ ਹਨ। ਇਹ ਵਾਰਤਾ ਬਾਦਸ਼ਾਹ ਬੈਠਾ ਸੁਣ ਰਿਹੈ। ਉਸ ਨੇ ਅੰਦਰ ਬੁਲਾ ਲਿਆ। ਅੰਦਰ ਦਾਖਲ ਹੁੰਦਾ ਹੈ ਗੁਰਸਿੱਖ ਪੂਰੀ-ਪੂਰੀ ਸ਼ਰਧਾ ਨਾਲ ਜਾ ਕੇ ਘਾਹ ਦੀ ਪੰਡ ਅੱਗੇ ਰੱਖੀ। ਇਕ ਟਕਾ ਅੱਗੇ ਰਖ ਕੇ ਨਮਸ਼ਕਾਰ ਕਰਦਾ ਹੈ ਅਰਦਾਸ ਕਰਦਾ ਹੈ ਕਿ ਸੱਚੇ ਪਾਤਸ਼ਾਹ ਮੇਰਾ ਜਨਮ-ਮਰਣ ਕੱਟ ਦਿਉ। ਹੁਣ ਜਨਮ-ਮਰਨ ਤਾਂ ਉਹ ਕੱਟ ਸਕਦੈ ਜਿਹੜਾ ਸੱਚਮੁੱਚ ਸੱਚੇ ਪਾਤਸ਼ਾਹ ਹੈ। ਨਕਲੀ ਪਾਤਸ਼ਾਹ ਤਾਂ ਫਸ ਜਾਂਦੇ ਨੇ, ਫਿਰ ਆਪ ਤਾਂ ਡੁੱਬਦੇ ਹੀ ਨੇ ਭਾਈ ਗੁਰਦਾਸ ਜੀ ਕਹਿੰਦੇ ਨੇ ਸਾਰਾ ਕਬੀਲਾ, ਸਾਰੇ ਚੇਲੇ-ਚਾਟੜੇ ਲੈ ਡੁੱਬਦੇ ਨੇ। 'ਅੰਨ੍ਹਾ ਆਗੂ ਜੇ ਥੀਏ ਸਭ ਸਾਥ ਮੁਹਾਵੈ।' ਖੈਰ, ਬਾਦਸ਼ਾਹ ਦਾ ਰੰਗ ਪਲਟਿਆ, ਪਰ ਸੰਭਲਦਾ ਹੈ ਕਹਿੰਦਾ ਸਿੱਖਾ ਕੋਈ ਜਗੀਰ ਮੰਗ ਲੈ, ਕੁਝ ਹੋਰ ਮੰਗ ਲੈ। ਇਹ ਜਨਮ-ਮਰਣ, ਇਹ ਸਭ ਢਕੌਂਸਲੇ ਬਣਾਏ ਹੋਏ ਸਾਧਾਂ ਨੇ। ਐਸਾ ਕੁਝ ਨਹੀਂ ਹੁੰਦਾ। ਇਹੀ ਸੰਸਾਰ ਹੈ, ਐਵੇਂ ਲੋਕੀਂ ਭਰਮਾਂ 'ਚ ਪਏ ਨੇ। ਜਦੋਂ ਇਹ ਜਿਹੀ ਗੱਲ ਸੁਣੀ ਸਿੱਖ ਜੀ ਘਬਰਾਏ। ਮੱਥਾ ਠਣਕਿਆ, ਘਾਹ ਦੀ ਪੰਡ ਵਾਪਸ ਚੁੱਕ ਲਈ, ਟਕਾ ਵੀ ਚੁੱਕ ਲਿਆ ਤੇ ਬਾਹਰ ਆ ਕੇ, ਦੂਰ ਲੱਗੇ ਇਕ ਹੋਰ ਕੈਂਪ ਵਲ ਨੂੰ ਤੁਰ ਲਿਆ। ਹੁਣ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਸਿੰਘ ਜੀ ਦੇ ਕੈਂਪ 'ਚ ਪਹੁੰਚਦਾ ਹੈ। ਸਾਮ੍ਹਣੇ ਪਾਤਸ਼ਾਹ ਪਵਿੱਤਰ ਸ਼ਿੰਘਾਸ਼ਣ ਪਰ ਬਿਰਾਜਮਾਨ ਹਨ। ਜਦੋਂ ਮਾੜਾ ਜਿਹਾ ਸਾਹਿਬਾ ਦੇ ਸਰੂਪ ਵਲ ਤੱਕਿਆ, ਨਜ਼ਰ ਟਿਕ ਨਾ ਸਕੀ। ਉਹ ਸਰੂਪ ਦੇ ਦਰਸ਼ਨ ਨੇ, ਝਲਕਾਰੇ ਨੇ ਸਾਰੇ ਸਰੀਰ 'ਚ ਮਾਨੋਂ ਕੋਈ ਝਰਨ੍ਹਾਟ ਛੇੜ ਦਿਤੀ। ਹਿਰਦੇ 'ਚ ਬੜੀ ਠੰਡ ਪਈ। ਸਰੀਰ ਤੇ ਆਤਮਾ ਨੂੰ ਕੋਈ ਦਿਬਜ ਸਰੂਰ ਮਿਲਿਆ, ਮਨ ਤੇ ਹਿਰਦੇ ਨੇ ਹਲੂਣਾ ਦਿਤਾ, ਬਈ ਇਹੀ ਸੱਚੇ ਪਾਤਸ਼ਾਹ ਹਨ। ਘਾਹ ਦੀ ਪੰਡ, ਟਕਾ ਭੇਟ ਕੀਤਾ। ਗੁਰੂ ਦੇ ਦਰਸ਼ਨ ਨਾਲ ਅੰਦਰਲਾ ਮਨ ਇਨ੍ਹਾਂ ਦਰੱਵ ਗਿਆ ਕਿ ਦੋਵੇਂ ਹੱਥ ਆਪੇ ਜੁੜ ਗਏ। ਮਸਤਕ ਸੁਤੇ ਹੀ ਧਰਤੀ ਨਾਲ ਜਾ ਲੱਗਿਆ ਤੇ ਅੰਦਰੋਂ ਇਕ ਅਰਦਾਸ ਨਿਕਲ ਰਹੀ ਹੈ ਗੁਰਸਿੱਖ ਦੇ ਕਿ ਹੇ ਪਾਤਸ਼ਾਹ! ਮੇਰਾ ਜਨਮ ਮਰਨ ਕੱਟ ਦਿਉ। ਘਟ-ਘਟ ਦੇ ਸਾਂਈ ਨੇ ਕ੍ਰਿਪਾ ਕੀਤੀ। ਗਲ ਨਾਲ ਲਾਇਆ।

***ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥***

***ਅੰਗ - 520***

ਤਾਂ ਕਿਧਰੇ ਜਾ ਕੇ ਜਹਾਂਗੀਰ ਨੂੰ ਸੋਝੀ ਹੋਈ ਕਿ ਸੱਚੇ ਪਾਤਸ਼ਾਹ! ਕੌਣ ਹੁੰਦੇ ਹਨ। ਬਾਪੂ ਜੀ ਨੇ ਫਿਰ ਦੁਹਰਾਇਆ ਕਿ ਬਾਬਾ ਹਰਪਾਲ ਸਿੰਘ ਜੀ ਨੇ ਮਹਾਨ ਉਦਮ ਕੀਤਾ ਹੈ। ਆਪ ਜੀ ਨੇ ਕਿਹਾ ਕਿ ਮੈਂ ਸਾਰੀ ਸੰਗਤ ਨੂੰ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਤੇ, ਭਗਵਾਨ ਸ਼ਿਵ ਜੀ ਦੀ ਤਰਫੋਂ ਵਧਾਈ ਦਿੰਦਾ ਹਾਂ। ਭਗਵਾਨ ਸ਼ਿਵ ਜੀ ਦੀ ਬਾਣੀ 'ਚੋਂ

ਕੁਝ ਸਲੋਕ ਉਚਾਰ ਕੇ ਉਨ੍ਹਾਂ ਨੇ ਵਧਾਈ ਦੇ ਨਾਲ, ਸੰਗਤਾਂ ਤੋਂ ਵਿਦਾ ਲਈ। ਬਾਬਾ ਹਰਪਾਲ ਸਿੰਘ ਜੀ ਨੇ ਪਰਮ ਪੂਜਨੀਯ ਬੀਜੀ ਦੀ ਤਰਫੋ ਅਤੇ ਅਸਥਾਨ ਵਲੋਂ ਬਾਪੂ ਜੀ ਨੂੰ ਪ੍ਰੇਮ ਭੇਟਾ ਸਿਰੋਪਾਉ ਭੇਟ ਕੀਤਾ। ਇਹ ਰਸਮ ਸੰਤ ਸਵਾਮੀ ਸ੍ਰੀ ਨਿਤਿਆਨੰਦ ਜੀ ਦੇ ਵਲੋਂ ਅਦਾ ਕੀਤੀ ਗਈ। ਬਾਬਾ ਜੀ ਨੇ ਬਾਪੂ ਜੀ ਦਾ ਧੰਨਵਾਦ ਕੀਤਾ ਅਤੇ ਸੰਤ ਮਹਾਰਾਜ ਜੀ ਦੇ ਸਮਾਧੀ ਲੀਨ ਦਿਵਸ ਸਮਾਗਮ ਤੇ ਆਉਣ ਲਈ ਵੀ ਬੇਨਤੀ ਕੀਤੀ। ਇਨ੍ਹਾਂ ਤੋਂ ਬਾਅਦ ਸੰਤ ਬਾਬਾ ਰਣਜੀਤ ਸਿੰਘ ਜੀ ਢਡਰੀਆਂ ਵਾਲਿਆਂ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਮਗਰੋਂ ਸੰਤ ਜੀ ਆਪ ਪਹੁੰਚ ਗਏ। ਉਨ੍ਹਾਂ ਨੇ ਆਪਣੇ ਪ੍ਰਵਚਨਾਂ ਵਿਚ ਕਿਹਾ ਕਿ ਉਨ੍ਹਾਂ ਦੀ ਇੱਛਾ ਸੀ ਕਿ ਉਹ ਜ਼ਰੂਰ ਇਸ ਸਮਾਗਮ ਵਿਚ ਹਾਜ਼ਰੀ ਭਰਨ। ਇਸ ਤਰ੍ਹਾਂ ਪਿਆਰੇ ਦੀਆਂ ਮਿੱਠੀਆਂ ਪਿਆਰੀਆਂ ਯਾਦਾਂ ਨੂੰ ਯਾਦ ਕਰਦਿਆਂ, ਪਤਾ ਨਹੀਂ ਕਦੋਂ ਸੂਰਜ ਦੀ ਟਿਕੀ ਢਲਣ ਤੇ ਜਾ ਪਹੁੰਚੀ। ਸੰਤ ਮਹਾਰਾਜ ਜੀ ਫੁਰਮਾਉਂਦੇ ਕਿ ਜਦ ਆਦਮੀ ਪਿਆਰ 'ਚ ਬੈਠਦਾ ਹੈ, ਦੇਸ਼, ਕਾਲ, ਵਸਤੂ ਦੀ ਸੋਝੀ ਨਹੀਂ ਰਹਿੰਦੀ। ਯਕੀਨ ਨਹੀਂ ਸੀ ਹੋ ਰਿਹਾ ਕਦ ਪਿਆਰੇ ਦੀ ਯਾਦ ਦੇ ਬਚਨ ਸ਼ੁਰੂ ਹੋਏ ਸਨ ਤੇ ਕਦੋਂ ਇੰਨੇ ਘੰਟੇ ਬੀਤ ਗਏ। ਗੁਰਸਤੋਤਰ ਪੜ੍ਹਿਆ। ਉਪਰੰਤ ਬਾਬਾ ਹਰਪਾਲ ਸਿੰਘ ਜੀ ਨੇ ਅਰਦਾਸ ਕੀਤੀ। ਆਈ ਹੋਈ ਸਾਧਸੰਗਤ ਦਾ ਬੀਜੀ ਵਲੋਂ, ਅਸਥਾਨ ਵਲੋਂ ਧੰਨਵਾਦ ਕੀਤਾ। ਸਤਿਗੁਰੂ ਜੀ ਨੇ ਵੀ ਪੂਰੇ ਦਿਨ ਚਲੇ ਪ੍ਰਵਾਹ ਤੇ ਆਪਣੀ ਮੋਹਰ ਲਾਈ। ਹੁਕਮਨਾਮਾ ਸੀ ਸੋਰਠਿ ਮਹਲਾ ੫

*ਇਛਾ ਪੂਰਕੁ ਸਰਬ ਸੁਖਦਾਤਾ*
*ਹਰਿ ਜਾ ਕੈ ਵਸਿ ਹੈ ਕਾਮਧੇਨਾ॥*
*ਹਰਿ ਧਿਆਈਐ ਮੇਰੇ ਜੀਅੜੇ*
*ਤਾ ਸਰਬ ਸੁਖ ਪਾਵਹਿ ਮੇਰੇ ਮਨਾ॥*
*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥*
*ਹਲਤਿ ਪਲਤਿ ਮੁਖ ਊਜਲ ਹੋਈ ਹੈ*
*ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥*
*ਜਹ ਹਰਿ ਸਿਮਰਨੁ ਭਇਆ*
*ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥*
*ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ*
*ਜਪਿ ਹਰਿ ਭਵਜਲੁ ਤਰਨਾ॥* *ਅੰਗ - 669*

ਦੇਗ ਵਰਤਾਈ ਗਈ। ਉਪਰੰਤ ਗੁਰੂ ਮਹਾਰਾਜ ਜੀ ਦੇ ਪਾਵਨ ਸਰੂਪ ਆਪਣੇ ਰਾਜ ਮਹਿਲਾਂ 'ਚ ਚਲੇ ਗਏ। ਸੰਗਤਾਂ ਗੁਰੂ ਕਾ ਲੰਗਰ ਛਕ ਕੇ ਵਾਪਸ ਚਲੀਆਂ ਗਈਆਂ। ਸਾਰਾ ਦਿਨ ਗੁਰੂ ਕੇ ਲੰਗਰ ਅਟੁੱਟ ਵਰਤਦੇ ਰਹੇ। ਯੂ.ਪੀ. ਦੀ ਸੰਗਤ ਦੇ ਸਹਿਯੋਗ ਨਾਲ ਲੰਗਰ ਦੀ ਸੇਵਾ ਬਹੁਤ ਹੀ ਸਹੀ ਢੰਗ ਨਾਲ ਚਲਦੀ ਰਹੀ। ਸਭ ਤੋਂ ਵੱਧ ਖੁਸ਼ੀ ਦੀ ਗੱਲ ਸੀ ਕਿ ਪਰਮ ਪੂਜਨੀਯ ਬੀਜੀ ਪੂਰਾ ਦਿਨ ਸੰਗਤਾਂ ਦੇ ਦਰਸ਼ਨ ਕਰਦੇ ਰਹੇ। ਐਨੀ ਗਰਮੀ ਦੇ ਬਾਵਜੂਦ ਆਪ ਜੀ ਨੇ ਸੰਗਤਾਂ ਨੂੰ ਆਪਣਾ ਪਿਆਰ ਤੇ ਅਸ਼ੀਰਵਾਦ ਬਖਸ਼ਿਸ਼ ਕੀਤਾ। ਸਰੀਰਕ ਅਵਸਥਾ ਬਹੁਤ ਅੱਛੀ ਨਾ ਹੋਣ ਤੇ ਵੀ ਆਪ ਜੀ ਪੂਰਾ ਦਿਨ ਕੁਰਸੀ ਪਰ ਹੀ ਸੁਭਾਏਮਾਨ ਸਨ। ਸੰਗਤਾਂ ਚਲੀਆ ਗਈਆਂ। ਸਭ ਕੁਝ ਇਕ ਸੁਫਨਾ ਜਿਹਾ ਲਗ ਰਿਹਾ ਸੀ। ਲੱਖਾਂ ਦਾ ਠਾਠਾਂ ਮਾਰਦਾ ਇਕੱਠ। ਦੋ ਸਾਲ ਪਹਿਲਾਂ ਵੀ ਅਸੀਂ ਇਸੇ ਥਾਂ ਇਕੱਠੇ ਹੁੰਦੇ ਸੀ। ਜਗ੍ਹਾ ਵੀ ਉਹੀ ਹੈ, ਸੰਗਤ ਵੀ ਉਹੀ ਹੈ, ਪਰ ਪਿਆਰੇ ਦੀ ਸਰੀਰ ਗੈਰ ਮੌਜੂਦਗੀ ਸਭ ਤੋਂ ਵੱਡਾ ਸੱਖਣਾਪਨ ਹੈ। ਉਹ ਜਨਮ ਦਿਹਾੜੇ ਜੋ ਉਨ੍ਹਾਂ ਦੇ ਨਾਲ ਮਨਾਏ, ਉਹ ਤਾਂ ਕਦੇ ਵਾਪਸ ਨਹੀਂ ਆਉਣਗੇ। ਹਰ ਸਾਲ ਅਸੀਂ ਕਿਸੇ ਅਕਹਿ ਪੀੜ ਦੇ ਵਿਚ ਉਹ ਯਾਦਾਂ ਮਨਾਉਂਦੇ ਰਹਾਂਗੇ। ਕੋਈ ਬੇਨਾਮ ਜਿਹੀ ਖਿੱਚ ਸਾਨੂੰ ਉਸ ਅਸਥਾਨ ਵਲ ਖਿੱਚਦੀ ਲੈ ਜਾਂਦੀ ਹੈ। ਹਰ ਪ੍ਰੇਮੀ ਦਰਸ਼ਨ ਕਰਕੇ ਬਹੁਤ ਕ੍ਰਿਤ-ਕ੍ਰਿਤ ਹੁੰਦਾ, ਬਹੁਤ ਰੋਂਦਾ ਹੈ ਕਿਉਂਕਿ ਕੁਝ ਸਚਾਈਆਂ ਬਹੁਤ ਪਿਆਰੀਆਂ ਹੁੰਦੀਆਂ ਹਨ, ਇੰਨੀਆਂ ਪਿਆਰੀਆਂ ਹੁੰਦੀਆਂ ਕਿ ਉਨ੍ਹਾਂ ਬਿਨਾਂ ਜੀਉਣਾ ਬਹੁਤ ਮੁਸ਼ਕਿਲ ਨਹੀਂ ਬਲਕਿ ਨਾ ਮੁਮਕਿਨ ਹੁੰਦੈ, ਪਰ ਸਮਾਂ ਬੀਤਣ ਨਾਲ ਉਹ ਬਹੁਤ ਸਖਤ ਤੇ ਹੋਰ ਸੁਹਾਵਣੀਆਂ ਹੁੰਦੀਆਂ ਜਾਂਦੀਆਂ ਹਨ। ਸ਼ਾਇਦ, ਇਹ ਸਾਡੇ ਰਸਤੇ ਦਾ ਵੀ ਇਕ ਅਨਿੱਖੜਵਾਂ ਅੰਗ ਬਣ ਚੁੱਕੀਆਂ ਹਨ। ਪ੍ਰੇਮੀਆਂ ਦਾ ਸੰਤ ਮਹਾਰਾਜ ਜੀ ਦੇ ਪ੍ਰਤੀ ਪਿਆਰ ਦੇਖ ਕੇ ਮਨ ਗਦ ਗਦ ਹੋ ਉਠਦਾ ਹੈ। ਐਡੇ-ਵੱਡੇ ਇਕੱਠ, ਸੰਗਤਾਂ ਦਾ ਉਮਾਹ, ਉਹੀ ਚਾਅ ਸਤਿਸੰਗਤ ਜੁ ਹੋਈ। ਵਲਵਲੇ ਬਹੁਤ ਉਠਦੇ ਹਨ, ਪਰ ਆਖਰ ਆਪ-ਮੁਹਾਰੇ ਮੂੰਹੋਂ ਨਿਕਲ ਜਾਂਦਾ ਹੈ -

*ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਪਹਿਲਾ ਆਪ ਜੀ ਇਕ ਸਰੀਰ ਵਿਚ ਸਨ ਤੇ ਹੁਣ ਸਾਰੇ ਪਾਸੇ ਉਨ੍ਹਾਂ ਦੀ ਜੋਤ ਫੈਲ ਰਹੀ ਹੈ। ਉਨ੍ਹਾਂ ਦਾ ਨਾ ਦਿਸਣਾ ਸ਼ਾਇਦ ਮੇਰੀ ਮਜ਼ਬੂਰੀ ਮੇਰੀ ਅਸਮਰਥਾ ਹੈ।

ਸੰਤ ਮਹਾਰਾਜ ਜੀ ਦਾ ਸਮਾਧੀ ਲੀਨ ਦਿਹਾੜਾ ਜੋ ਕਿ ਆਪ ਜੀ ਦੀ ਪਵਿੱਤਰ ਯਾਦ ਦੇ ਰੂਪ 'ਚ ਮਿਤੀ 30. 31 ਅਕਤੂਬਰ 1, 2 ਨਵੰਬਰ ਨੂੰ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਮੇਰੀ ਸਾਰੇ ਆਤਮ ਮਾਰਗ ਦੇ ਪਾਂਧੀਆਂ ਤੇ ਸੰਸਾਰ ਦੇ ਕੋਨੇ ਕੋਨੇ 'ਚ ਬੀਜੀ ਦੀ ਸਰਪ੍ਰਸਤੀ ਹੇਠ ਬੈਠੀ ਗੁਰੂ ਨਾਨਕ ਨਾਮ ਲੇਵਾ ਸਾਧਸੰਗਤ ਦੇ ਚਰਨਾਂ 'ਚ ਬੇਨਤੀ ਹੈ ਕਿ ਆਪ ਜੀ ਜਨਮ-ਦਿਹਾੜੇ ਵਾਂਗ, ਉਦੋਂ ਵੀ ਹੁੰਮ-ਹੁੰਮਾ ਕੇ ਦਰਸ਼ਨ ਦੇਵੋ। ਇਹੀ ਆਸ ਨਾਲ ਸਤਿਪੁਰਸ਼ਾਂ ਦੇ ਚਰਨਾਂ ਵਿਚ ਨਮਸਕਾਰ ਕਰਦੀ ਹੋਈ ਆਪਣੇ ਸ਼ਬਦ ਸੰਕੋਚਦੀ ਹਾਂ। ਭੁੱਲਾਂ ਲਈ ਖਿਮਾ ਮੰਗਦੀ ਹਾਂ।

# ਅਨੰਦਮਈ ਜੀਵਨ ਜਾਚ
# The Art of Joyful Living

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-35)*

ਮਹਾਂਪੁਰਸ਼ਾਂ ਦਾ ਕਹਿਣਾ ਹੈ ਕਿ ਇਨ੍ਹਾਂ ਚੀਜ਼ਾਂ ਨੂੰ ਗਿਣਤੀ ਵਿਚ ਲਿਆਉਣ ਦਾ ਕੋਈ ਫਾਇਦਾ ਨਹੀਂ। ਕੋਈ ਲੋੜ ਨਹੀਂ ਪਰ ਫੇਰ ਵੀ ਅਸੀਂ ਸੰਸਾਰ ਨੂੰ ਇਕ ਦਮ ਛੱਡ ਨਹੀਂ ਸਕਦੇ। ਮਹਾਂਪੁਰਖ ਤਾਂ ਇਹ ਦਸਦੇ ਹਨ ਕਿ ਸੰਸਾਰ ਵਿਚ ਰਹਿਣ ਦਾ ਰਹੱਸ ਪਤਾ ਹੋਣਾ ਚਾਹੀਦਾ ਹੈ। ਸੰਸਾਰ ਵਿਚ ਰਹਿਣ ਦਾ ਰਹੱਸ ਕੇਵਲ ਦੋ ਸ਼ਬਦਾਂ ਵਿਚ ਹੀ ਹੈ ਸਬਰ ਤੇ ਸੰਤੋਖ। ਜੇ ਤੁਸੀਂ ਘਰ ਵਿਚ ਖੁਸ਼ ਪ੍ਰਸੰਨਚਿਤ ਰਹਿਣਾ ਚਾਹੁੰਦੇ ਹੋ ਤਾਂ ਆਪਣਾ ਵਿਹਾਰ ਠੀਕ ਕਰੋ। ਦੂਸਰਿਆਂ ਦੇ ਅਨੁਕੂਲ ਕਰੋ, ਇਕ ਦੂਸਰੇ ਨਾਲ ਸਮਾਯੋਗ ਰੱਖੋ; ਜੇ ਤੁਸੀਂ ਅੱਖੜ ਹੋ, ਢੀਠ ਹੋ, ਆਪਣੇ ਆਪ ਨੂੰ ਬਦਲਣਾ ਨਹੀਂ ਚਾਹੁੰਦੇ ਦੂਸਰੇ ਦੇ ਅਨੁਕੂਲ ਨਹੀਂ ਹੋਣਾ ਚਾਹੁੰਦੇ ਫੇਰ ਤੁਹਾਡਾ ਰਿਸ਼ਤਾ, ਤੁਹਾਡਾ ਦੰਪਤੀ ਜੀਵਨ ਨਹੀਂ ਚਲ ਸਕਦਾ। ਜੇ ਇਕ ਦੂਸਰੇ ਦੇ ਅਨੁਕੂਲ ਹੋ ਸਕਦੇ ਹੋ, ਜੇ ਆਪਣੇ ਆਪ ਨੂੰ ਬਦਲ ਸਕਦੇ ਹੋ ਤਾਂ ਤੁਸੀਂ ਦੂਸਰੇ ਦੇ ਅਨੁਕੂਲ ਸਮਾਯੋਗ ਹੋ ਸਕਦੇ ਹੋ। ਜੇ ਨਹੀਂ ਤਾਂ ਤੁਹਾਡਾ ਟੀਚਾ, ਤੁਹਾਡਾ ਨਿਸ਼ਾਨਾ ਗਿਆਨ ਪ੍ਰਾਪਤੀ ਪ੍ਰਮਾਤਮਾ ਪ੍ਰਾਪਤੀ ਨਹੀਂ ਹੋਣਾ ਚਾਹੀਦਾ। ਇਸ ਤੋਂ ਉਲਟ ਤੁਹਾਡਾ ਟੀਚਾ ਸੰਤੋਖ ਪੈਦਾ ਕਰਨਾ ਹੋਣਾ ਚਾਹੀਦਾ ਹੈ, ਤੇ ਸਬਰ ਸੰਤੋਖ।

ਗੀਤਾ ਵਿਚ ਸਾਰੇ ਉਪਨਿਸ਼ਦਾਂ ਦਾ ਸਾਰ ਹੈ। ਉਸ ਵਿਚ ਬਹੁਤ ਹੀ ਗਹਿਰੇ ਸਤਿ ਦਿਤੇ ਗਏ ਹਨ ਜਿਨ੍ਹਾਂ ਨੂੰ ਸਮਝਣਾ ਔਖਾ ਹੈ ਤੇ ਬਹੁਤ ਵਾਰੀ ਗਿਆਨੀ ਵੀ ਨਹੀਂ ਸਮਝਦੇ। ਉਸ ਵਿਚ ਦੱਸਿਆ ਹੈ ਕਿ ਜਦੋਂ ਤੁਸੀਂ ਕੰਜੂਸ ਹੋ ਭਾਵ ਇਹ ਹੈ ਕਿ ਤੁਸੀਂ ਉਹ ਨਹੀਂ ਦੇ ਰਹੇ ਜੋ ਤੁਹਾਨੂੰ ਦੇਣਾ ਚਾਹੀਦਾ ਹੈ ਜਾਂ ਤੁਸੀਂ ਦੇ ਸਕਦੇ ਹੋ। ਜੋ ਤੁਹਾਡੇ ਕੋਲ ਹੈ ਉਹ ਤੁਹਾਨੂੰ ਦੇਣਾ ਨਹੀਂ ਆਉਂਦਾ, ਤੁਹਾਡੇ ਕੋਲ ਕੁਝ ਹੈ ਪਰ ਤੁਸੀਂ ਉਹ ਦੇਣ ਲਈ ਤਿਆਰ ਹੀ ਨਹੀਂ ਹੋ। ਜੇ ਤੁਹਾਨੂੰ ਦੇਣਾ ਹੀ ਨਹੀਂ ਆਉਂਦਾ ਤਾਂ ਉਹ ਹੱਦ ਦਰਜੇ ਦੀ ਕੰਜੂਸੀ ਹੈ। ਕੰਜੂਸ ਉਹ ਹੈ ਜਿਹੜਾ ਜੀਵਨ ਵਿਚ ਬਹੁਤ ਕੁਝ ਦੀ ਆਸ ਰਖਦਾ ਹੈ, ਪਰ ਉਹ ਆਪਣੀ ਡਿਊਟੀ ਨਹੀਂ ਕਰਦਾ। ਜਿਹੜਾ ਦਿੰਦਾ ਥੋੜ੍ਹਾ ਹੈ ਆਸ ਬਹੁਤੇ ਦੀ ਰਖਦਾ ਹੈ, ਉਹ ਕੰਜੂਸ ਹੈ।

ਜੇ ਤੁਸੀਂ ਆਪਣੀ ਜ਼ਮੀਨ ਵਾਹੀ ਹੀ ਨਹੀਂ, ਤੁਸੀਂ ਕਿਵੇਂ ਉਮੀਦ ਕਰਦੇ ਹੋ ਕਿ ਫਸਲ ਪੈਦਾ ਹੋਵੇਗੀ। ਜੇ ਤੁਸੀਂ ਆਪਾ ਸੋਧਿਆ ਹੀ ਨਹੀਂ ਆਪਣੇ ਆਪ ਨਾਲ ਜੂਝੇ ਹੀ ਨਹੀਂ ਗਿਆਨ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਜੇ ਤੁਸੀਂ ਉਚ ਗਿਆਨ ਦੀ ਅਵਸਥਾ ਪ੍ਰਾਪਤ ਕਰਨਾ ਚਾਹੁੰਦੇ ਹੋ ਅੰਤਰ ਗਿਆਨ, ਅੰਤਰ ਦ੍ਰਿਸ਼ਟੀ ਪੈਦਾ ਕਰਨਾ ਚਾਹੁੰਦੇ ਹੋ ਤਾਂ ਇਹ ਨਾ ਸੋਚੋ ਤੁਸੀਂ ਕਿੰਨੀਆਂ ਗਲਤੀਆਂ ਕੀਤੀਆਂ ਹਨ। ਇਹ ਨਾ ਦੇਖੋ ਤੁਸੀਂ ਆਪਣੇ ਬਾਰੇ ਕੀ ਸੋਚਦੇ ਹੋ, ਇਹ ਵੀ ਨਾ ਸੋਚੋ ਕਿ ਤੁਹਾਡੇ ਗੁਆਂਢੀ ਤੁਹਾਡੇ ਬਾਰੇ ਕੀ ਕਹਿੰਦੇ ਹਨ, ਤੁਸੀਂ ਦੇਖੋ ਸਮਝੋ ਤੇ ਸੋਚੋ ਤੁਹਾਡੇ ਅੰਦਰ ਅੰਤਰ ਦ੍ਰਿਸ਼ਟੀ ਦਾ ਭੰਡਾਰ ਹੈ। ਤੁਹਾਡੇ ਅੰਦਰ ਡੂੰਘਾ, ਬਹੁਤ ਹੀ ਡੂੰਘਾ ਤੁਹਾਡੇ ਅੰਦਰ ਅੰਤਰ ਗਿਆਨ ਦਾ ਭੰਡਾਰ ਭਰਿਆ ਪਿਆ ਹੈ ਪਰ ਤੁਸੀਂ ਜਾਣਦੇ ਨਹੀਂ ਕਿ ਉਥੇ ਕਿਵੇਂ ਪਹੁੰਚਿਆ ਜਾਵੇ, ਤੁਸੀਂ ਪਹੁੰਚਣਾ ਨਹੀਂ ਜਾਣਦੇ, ਤੁਹਾਡੀ ਉਥੇ ਤਕ ਪਹੁੰਚ ਹੀ ਨਹੀਂ, ਉਹ ਖਜ਼ਾਨਾ ਤੁਹਾਡੀ ਪਹੁੰਚ ਵਿਚ ਤਾਂ ਹੈ ਪਰ ਤੁਸੀਂ ਮਾਰਗ ਹੀ ਨਹੀਂ ਜਾਣਦੇ। ਇਹ ਤਾਂ ਮਿਰਗ ਦੀ ਕਸਤੂਰੀ ਵਾਲਾ ਹੀ ਹਾਲ ਹੈ ਜਿਵੇਂ ਮਿਰਗ ਕਸਤੂਰੀ ਦੀ ਸੁਗੰਧ ਪਿਛੇ ਭੱਜਿਆ ਫਿਰਦਾ ਹੈ ਪਰ ਇਹ ਨਹੀਂ ਜਾਣਦਾ ਕਿ ਕਸਤੂਰੀ ਉਸ ਦੀ ਨਾਭੀ ਵਿਚ ਹੈ। ਤੁਹਾਡੇ ਘਰ ਸਭ ਕੁਝ ਹੈ ਪਰ ਤੁਸੀਂ ਸਭ ਕਾਸੇ ਤੋਂ ਵਾਂਝੇ ਹੋ।

ਸਾਡੇ ਸਾਰਿਆਂ ਦੇ ਅੰਦਰ ਭੰਡਾਰ ਭਰੇ ਪਏ ਹਨ, ਕਾਰੀਗਰ, ਕਵੀ, ਵੱਡੇ-ਵੱਡੇ ਇਨਕਲਾਬੀ ਇਨ੍ਹਾਂ ਕੋਲ ਬਹੁਤ ਥੋੜ੍ਹਾ ਜਿਹਾ ਗਿਆਨ ਹੁੰਦਾ ਹੈ, ਉਨ੍ਹਾਂ ਕੋਲ ਉਸ ਖਜ਼ਾਨੇ ਦਾ ਥੋੜ੍ਹਾ ਹਿੱਸਾ ਹੁੰਦਾ ਹੈ, ਇਹ ਹੀ ਕਾਰਣ ਹੈ ਕਿ ਉਹ ਉਚੇ ਉਠਦੇ ਹਨ, ਵੱਡੇ ਬਣਦੇ ਹਨ, ਉਨ੍ਹਾਂ ਨੂੰ ਭਾਵੇਂ ਇਕ ਬੂੰਦ ਹੀ ਉਸ ਖਜ਼ਾਨੇ ਦੀ ਮਿਲੀ ਹੋਵੇ, ਉਸ ਬੂੰਦ ਨਾਲ ਹੀ ਉਹ ਕਵਿਤਾਵਾਂ ਲਿਖਣ ਲਗ ਪੈਂਦਾ ਹੈ, ਮੂਰਤਾਂ ਬਨਾਉਣ ਲਗ ਪੈਂਦਾ ਹੈ ਆਕਾਰ ਬਣਾਉਣ ਲਗ ਪੈਂਦਾ ਹੈ, ਗਾਉਣ ਲਗ ਪੈਂਦਾ ਹੈ, ਨੱਚਣ ਲਗ ਪੈਂਦਾ ਹੈ, ਇਹ ਸਭ ਉਹ ਅੰਤਰ ਖਜ਼ਾਨੇ ਕਾਰਨ ਹੀ ਹੈ।

ਇਹ ਸਭ ਕੁਝ ਜੋ ਉਪਰ ਦੱਸਿਆ ਹੈ ਉਹ ਸਭ ਕੁਝ ਕਰਨ ਲਈ ਮਨ ਦਾ ਗਿਆਨ, ਇੰਦ੍ਰੀਆਂ ਦਾ ਗਿਆਨ

ਸਹਾਈ ਨਹੀਂ ਹੁੰਦਾ। ਬਾਹਰ ਦਾ ਗਿਆਨ ਠੀਕ ਹੈ, ਉਹ ਸਾਰੇ ਸਰੋਤ ਠੀਕ ਹਨ। ਜ਼ਰੂਰੀ ਹਨ, ਸਾਨੂੰ ਚਾਹੀਦੇ ਵੀ ਹਨ, ਅਸੀਂ ਉਨ੍ਹਾਂ ਨੂੰ ਵਰਤਦੇ ਵੀ ਹਾਂ ਪਰ ਸਭ ਤੋਂ ਉਪਰ ਹੈ ਅੰਤਰ ਗਿਆਨ। ਅੰਤਰ ਗਿਆਨ ਲਈ ਕਿਸੇ ਵੀ ਸਪਸ਼ਟੀਕਰਨ ਦੀ ਲੋੜ ਨਹੀਂ ਹੁੰਦੀ, ਉਸ ਨੂੰ ਇਹ ਵੀ ਪੁੱਛਣ ਦੀ ਲੋੜ ਨਹੀਂ ਹੁੰਦੀ ਕਿ ਸਭ ਕੁਝ ਠੀਕ ਹੈ। ਜਦੋਂ ਤੁਹਾਡੇ ਕੋਲ ਅੰਤਰ ਗਿਆਨ ਹੈ ਤੁਹਾਨੂੰ ਪੁੱਛਣ ਦੀ ਲੋੜ ਨਹੀਂ ਕਿਉਂਕਿ ਤੁਸੀਂ ਜਾਣਦੇ ਹੋ ਉਹ ਠੀਕ ਹੈ। ਅੰਤਰ ਗਿਆਨ ਨਾਲ ਤੁਸੀਂ ਠੀਕ ਦੇਖਦੇ ਹੋ, ਠੀਕ ਸਹੀ ਜਾਣਦੇ ਹੋ। ਅੰਤਰ ਗਿਆਨ ਪੂਰਨ ਗਿਆਨ ਹੈ, ਅਧੂਰਾ ਨਹੀਂ ਅਧੂਰਾ, ਸੀਮਤ ਗਿਆਨ ਬਹੁਤ ਹੀ ਸਮੱਸਿਆਂ ਖੜ੍ਹੀ ਕਰ ਦਿੰਦਾ ਹੈ।

ਇਕ ਵਾਰੀ ਦੀ ਗੱਲ ਹੈ ਇਕ ਆਦਮੀ ਕੋਲ ਸਾਰੇ ਹੀ ਸੁੱਖ ਸੀ ਘਰ, ਪਤਨੀ, ਬੱਚੇ ਉਸ ਦੇ ਬੱਚੇ ਵੱਡੇ ਹੋ ਗਏ ਸੀ। ਉਹ ਸਤਿਸੰਗ ਜਾਂਦਾ ਸੀ। ਮਹਾਂਪੁਰਸ਼ਾਂ ਕੋਲ ਜਾਂਦਾ ਸੀ। ਉਨ੍ਹਾਂ ਦੇ ਪ੍ਰਵਚਨ ਸੁਣਦਾ ਸੀ। ਹਰ ਕੋਈ ਗਿਆਨ ਦੀ ਗੱਲ ਕਰਦਾ ਸੀ, ਹਿਮਾਲੀਆ ਦੀ ਗੱਲ ਕਰਦਾ ਸੀ, ਹਰ ਕੋਈ ਕਹਿੰਦਾ ਸੀ ਹਿਮਾਲੀਆ ਬਹੁਤ ਹੀ ਰਮਣੀਕ ਸੋਹਣੀ ਥਾਂ ਹੈ ਉਸ ਨੇ ਫੈਸਲਾ ਕੀਤਾ ਗਿਆਨ ਪ੍ਰਾਪਤੀ ਹੀ ਜੀਵਨ ਲਕਸ਼ ਹੈ। ਉਹ ਆਪਣੀ ਪਤਨੀ ਨੂੰ ਕਹਿਣ ਲੱਗਾ, ਮੈਂ ਹੁਣ ਵੱਡਾ ਬੁੱਢਾ ਹੋ ਗਿਆ ਹਾਂ, ਅੱਸੀ ਸਾਲ ਦਾ ਹੋ ਗਿਆ ਹਾਂ ਮੈਂ ਤੇਰਾ ਸਤਿਕਾਰ ਕਰਦਾ ਹਾਂ, ਤੂੰ ਬਹੁਤ ਹੀ ਵਫਾਦਾਰ ਪਤਨੀ ਰਹੀ ਹੈਂ। ਮੇਰੀ ਸਾਥਣ ਰਹੀ ਹੈਂ, ਮੈਂ ਤੇਰਾ ਸਤਿਕਾਰ ਕਰਦਾ ਹਾਂ ਤੈਨੂੰ ਪਿਆਰ ਕਰਦਾ ਹਾਂ ਪਰ ਮੈਂ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹਾਂ। ਕੀ ਤੂੰ ਮੈਨੂੰ ਜਾਣ ਦੀ ਆਗਿਆ ਦੇਵੇਂਗੀ, ਤੇਰੇ ਕੋਲ ਸਭ ਕੁਝ ਹੈ, ਤੇਰੇ ਬੱਚੇ ਤੇਰੀ ਦੇਖਭਾਲ ਕਰਨਗੇ।

ਉਹ ਕਹਿਣ ਲੱਗੀ ਮੈਂ ਤੈਨੂੰ ਆਗਿਆ ਦਿੰਦੀ ਹਾਂ ਪਰ ਮੇਰੀ ਇਕ ਸ਼ਰਤ ਹੈ ਜਦੋਂ ਤੈਨੂੰ ਗਿਆਨ ਪ੍ਰਾਪਤੀ ਹੋ ਜਾਵੇਗੀ, ਕੀ ਤੂੰ ਮੈਨੂੰ ਆ ਕੇ ਦੱਸੇਂਗਾ?

ਉਹ ਕਹਿਣ ਲੱਗਾ, "ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ ਤੂੰ ਮੇਰੀ ਸਾਥਣ ਹੈਂ ਮੈਂ ਤੈਨੂੰ ਆਪਣਾ ਅਨੁਭਵ ਦੱਸਾਂਗਾ।

ਉਹ ਘਰ ਛੱਡ ਕੇ ਚਲਾ ਗਿਆ, ਸਾਰੇ ਆਸੇ ਪਾਸੇ ਦੇ ਉਸਨੂੰ ਛੱਡਣ ਆਏ। ਤਿਆਗ ਤੋਂ ਭਾਵ ਹੈ ਤੁਸੀਂ ਕਦੀ ਵੀ ਮੁੜ ਕੇ ਘਰ ਨਹੀਂ ਆਓ, ਕਦੀ ਨਹੀਂ ਕਹੋ ਇਹ ਮੇਰਾ ਘਰ ਹੈ, ਮੇਰੀ ਪਤਨੀ ਹੈ, ਮੇਰੇ ਬੱਚੇ ਹਨ। ਤਿਆਗ ਤਦੋਂ ਹੀ ਸੰਭਵ ਹੈ। ਜੇ ਤੁਹਾਡੀ ਪਤਨੀ ਤੁਹਨੂੰ ਆਗਿਆ ਦੇਵੇ ਨਹੀਂ ਤਾਂ ਇਹ ਇਕ ਪਲਾਇਨ ਹੈ ਛੱਡ ਕੇ ਦੌੜ ਜਾਣਾ ਹੈ, ਤਿਆਗ ਨਹੀਂ ਹੈ।

ਤਿਆਗ ਤੋਂ ਭਾਵ ਹੈ ਕਿ ਪਹਿਲੇ ਤੁਹਾਡੇ ਕੋਲ ਕੁਝ ਹੈ ਫੇਰ ਤੁਸੀਂ ਉਸ ਦਾ ਤਿਆਗ ਕਰਦੇ ਹੋ, ਛੱਡਦੇ ਹੋ, ਸੋ ਇਹ ਬੰਦਾ ਘਰ ਬਾਹਰ ਛੱਡ ਕੇ ਤੁਰ ਪਿਆ। ਆਪਣੀ ਸਾਰੀ ਕਲਪਨਾ ਉਸ ਦੇ ਮਨ ਵਿਚ ਸੀ, ਮਨ ਅਜੇ ਸੋਧਿਆ ਨਹੀਂ ਹੋਇਆ ਸੀ। ਇਕ ਦਮ ਉਸ ਨੇ ਸੜਕ ਦੇ ਦੂਸਰੇ ਪਾਰ ਭੂਤ ਦੇਖਿਆ, ਇਹੋ ਜਿਹੇ ਭਰਮ ਹਾਲੇ ਉਸ ਦੇ ਮਨ ਵਿਚ ਸਨ। ਉਸ ਨੇ ਘਰ ਛੱਡ ਦਿਤਾ ਸੀ ਪਰ ਉਸ ਨੇ ਅਜੇ ਆਪਣੇ ਭੈ, ਮਨ ਦੇ ਹੋਰ ਕਈ ਭਰਮਾਂ ਨੂੰ ਨਹੀਂ ਸੀ ਸੋਧਿਆ। ਉਸ ਨੂੰ ਕੋਈ ਠੀਕ ਕਿਸਮ ਦਾ ਗਿਆਨ ਵੀ ਨੀਂ ਸੀ। ਉਹ ਮੁੜ ਪਿਆ ਤੇ ਘਰ ਵਲ ਤੁਰ ਪਿਆ, ਫੇਰ ਉਸ ਨੇ ਸੋਚਿਆ ਮੈਂ ਤਾਂ ਘਰ ਛੱਡ ਆਇਆ ਹਾਂ, ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਕੀ ਕਹਾਂਗਾ, ਕੀ ਦੱਸਾਂਗਾ?

ਮਨੁੱਖ ਦੀ ਹਉਮੈ ਬਹੁਤ ਹੀ ਵੱਡੀ ਸ਼ਕਤੀਸ਼ਾਲ ਹੁੰਦੀ ਹੈ, ਹਉਮੈ ਦਾ ਪ੍ਰਗਟਾਵਾ ਪਹਿਲਾਂ ਤਾਂ ਪਤਨੀ ਨਾਲ ਹੀ ਹੁੰਦਾ ਹੈ। ਸੋ ਉਹ ਸੋਚਣ ਲਗ ਪਿਆ ਮੈਂ ਪਤਨੀ ਨੂੰ ਕੀ ਜਵਾਬ ਦੇਵਾਂਗਾ। ਮੈਂ ਤਾਂ ਤਿਆਗ ਕਰ ਚੁੱਕਾ ਹਾਂ, ਉਹ ਫੇਰ ਮੁੜਿਆ ਫੇਰ ਉਸਨੂੰ ਭੂਤ ਦਿਸਿਆ। ਇਸ ਤਰ੍ਹਾਂ ਹੀ ਹੁੰਦਾ ਰਿਹਾ ਉਹ ਘਰ ਵਲ ਮੁੜੇ ਤਾਂ ਸੋਚੇ ਮੈਂ ਕੀ ਕਹਾਂਗਾ, ਹਿਮਾਲੀਆ ਵਲ ਮੁੜੇ ਤਾਂ ਉਸ ਨੂੰ ਭੂਤ ਦਿਸੇ ਤੇ ਸੱਪ ਦਿਸੇ, ਹਰ ਵਾਰੀ ਇਹ ਸੋਚਦਾ ਸੀ ਕਿ ਭੂਤ ਚਲਾ ਜਾਵੇਗਾ ਪਰ ਇਸ ਤਰ੍ਹਾਂ ਨਹੀਂ ਹੋਇਆ। ਇਸ ਤਰ੍ਹਾਂ ਕਰਦਿਆਂ ਸਵੇਰ ਦੇ ਚਾਰ ਵੱਜ ਗਏ, ਅਜੇ ਹਨ੍ਹੇਰਾ ਸੀ ਭੂਤ ਉਥੇ ਹੀ ਖੜ੍ਹਾ ਸੀ, ਸੱਪ ਵੀ ਉਸ ਨੇ ਦੇਖ ਲਿਆ ਸੀ ਸੋ ਉਹ ਸੋਚ ਰਿਹਾ ਸੀ ਕੀ ਕਰੇ।

ਐਨੇ ਵਿਚ ਇਕ ਗਿਆਨਵਾਨ ਆਏ ਉਹ ਵੀ ਜਾ ਰਹੇ ਸੀ। ਉਹ ਆ ਗਏ ਉਹ ਪੁੱਛਣ ਲੱਗੇ, "ਬੇਟਾ! ਕੀ ਸਮੱਸਿਆ ਹੈ?"

ਉਹ ਕਹਿਣ ਲੱਗਾ, "ਮੈਂ ਇਕ ਤਿਆਗੀ ਹਾਂ।"

ਗਿਆਨਵਾਨ ਕਹਿਣ ਲੱਗੇ, "ਉਹ ਮੈਂ ਦੇਖ ਰਿਹਾ ਹਾਂ, ਪਰ ਮੈਂ ਦੇਖ ਰਿਹਾ ਹਾਂ ਕਿ ਤੂੰ ਅਜੇ ਕੁਝ ਸਿਖਿਆ ਨਹੀਂ, ਤੂੰ ਅਜੇ ਕੋਈ ਅਭਿਆਸ ਨਹੀਂ ਕੀਤਾ। ਸਮੱਸਿਆ ਕੀ ਹੈ?

ਉਹ ਕਹਿਣ ਲੱਗਾ, "ਓ ਸੜਕ ਉਤੇ ਇਕ ਸੱਪ ਹੈ ਤੇ ਦੂਸਰੇ ਪਾਸੇ ਇਕ ਭੂਤ ਖੜ੍ਹਾ ਹੈ।"

ਗਿਆਨਵਾਨ ਉਸ ਨੂੰ ਕਹਿਣ ਲੱਗੇ ਆ ਤੂੰ ਮੇਰੇ ਨਾਲ ਆ ਜਾ, ਉਸ ਨੂੰ ਹੌਂਸਲਾ ਦਿਤਾ। ਜਦੋਂ ਉਥੇ ਪਹੁੰਚ ਕੇ ਦੇਖਿਆ ਉਹ ਤਾਂ ਕੇਵਲ ਰੱਸੀ ਹੀ ਪਈ ਸੀ। ਇਹ ਇਕ ਭਰਮ ਸੀ ਇਹ ਭਰਮ ਤਾਂ ਹੀ ਸੀ ਕਿਉਂਕਿ ਉਹ ਆਪਣੀ ਗਿਆਨ ਇੰਦ੍ਰੀਆਂ ਰਾਹੀਂ ਹੀ ਸੰਸਾਰ ਵਿਚ ਵਿਚਰਦਾ ਸੀ। ਗਿਆਨ ਇੰਦ੍ਰੀਆਂ ਦਾ ਗਿਆਨ ਤਾਂ ਅਧੂਰਾ ਹੀ ਹੁੰਦਾ ਹੈ, ਜਦੋਂ ਉਸ ਨੇ ਰੱਸੀ ਨੂੰ ਠੁੱਡਾ ਮਾਰਿਆ ਉਸ ਨੂੰ ਬੜੀ ਸ਼ਰਮ ਆਈ, ਕਿਉਂਕਿ ਠੁੱਡਾ ਮਾਰ ਕੇ ਹੀ ਉਸ ਨੂੰ ਪਤਾ ਲੱਗਾ ਕਿ ਇਹ ਤਾਂ ਰੱਸੀ ਹੈ। ਜਦੋਂ ਅਸੀਂ ਗਿਆਨ ਇੰਦ੍ਰੀਆਂ ਰਾਹੀਂ ਗਿਆਨ ਪ੍ਰਾਪਤ ਕਰਦੇ ਹਾਂ ਅਸੀਂ ਕੇਵਲ ਉਨ੍ਹਾਂ ਉਤੇ ਹੀ ਨਿਰਭਰ ਰਹਿੰਦੇ ਹਾਂ, ਫੇਰ ਅਸੀਂ ਸਦਾ ਹੀ ਅਧੂਰੇ ਹਾਂ। ਸਾਨੂੰ ਗਿਆਨ ਦੇ ਹੋਰ ਮਾਰਗ ਵਰਤਣੇ ਚਾਹੀਦੇ ਹਨ।

ਉਹ ਗਿਆਨਵਾਨ ਨੂੰ ਕਹਿਣ ਲੱਗਾ, ''ਇਹ ਸਮੱਸਿਆ ਤਾਂ ਤੁਸੀਂ ਮੇਰੀ ਹੱਲ ਕਰ ਦਿਤੀ ਹੈ ਪਰ ਉਹ ਭੂਤ ਜਿਹੜਾ ਸੜਕ ਦੇ ਉਸ ਪਾਰ ਖੜ੍ਹਾ ਹੈ ਉਸ ਦਾ ਕੀ ਹੋਵੇਗਾ?" ਗਿਆਨੀਵਾਨ ਨੇ ਫੇਰ ਉਸ ਨੂੰ ਕਿਹਾ ਆਓ ਮੇਰੇ ਨਾਲ। ਜਦੋਂ ਉਥੇ ਪਹੁੰਚ ਕੇ ਦੇਖਿਆ ਗਿਆਨਵਾਨ ਕਹਿਣ ਲੱਗੇ ਲਓ ਦੇਖੋ ਇਹ ਤਾਂ ਬਿਜਲੀ ਦਾ ਖੰਭਾ ਹੈ ਜਿਹੜਾ ਤੁਹਾਨੂੰ ਇਕ ਭੂਤ ਲੱਗ ਰਿਹਾ ਹੈ।"

ਇਸ ਪ੍ਰਕਾਰ ਕੇਵਲ ਤਿਆਰ ਕਰਨ ਨਾਲ ਤੁਸੀਂ ਗਿਆਨਵਾਨ ਮਹਾਂਪੁਰਸ਼ ਨਹੀਂ ਬਣ ਜਾਂਦੇ। ਵਿਸ਼ੇਸ਼ ਕਰਕੇ ਜੇ ਤੁਹਾਡਾ ਮਨ ਹੀ ਧੁੰਦਲਾ ਹੈ ਪਰੇਸ਼ਾਨ ਹੈ ਇਸ ਗੱਲ ਨੂੰ ਕਦੇ ਵੀ ਨਾ ਭੁੱਲੋ। ਘਰ ਬਾਹਰ ਛੱਡ ਕੇ ਕਦੀ ਵੀ ਕੋਈ ਮਹਾਂਪੁਰਖ ਗਿਆਨੀ ਨਹੀਂ ਬਣ ਸਕਦਾ। ਆਪਣੀਆਂ ਜ਼ਿੰਮੇਵਾਰੀਆਂ ਤੋਂ ਬਚ ਕੇ ਦੌੜਨ ਨਾਲ ਗਿਆਨ ਪ੍ਰਾਪਤ ਨਹੀਂ ਹੁੰਦਾ, ਆਪਣੀ ਡਿਊਟੀਆਂ ਤੋਂ ਪਰ੍ਹੇ ਹਟ ਜਾਣ ਨਾਲ ਗਿਆਨ ਪ੍ਰਾਪਤ ਨਹੀਂ ਹੁੰਦਾ, ਜਿਥੇ ਹੋ ਉਥੇ ਹੀ ਰਹੋ। ਉਥੇ ਬੈਠੇ ਹੀ ਗਿਆਨ ਪ੍ਰਾਪਤ ਕਰੋ, ਤੁਹਾਨੂੰ ਕਿਤੇ ਵੀ ਇਧਰ ਉਧਰ ਦੌੜਨ ਦੀ ਲੋੜ ਨਹੀਂ ਹੈ, ਜਿਥੇ ਹੋ ਉਥੇ ਹੀ ਗਿਆਨ ਪ੍ਰਾਪਤੀ ਦੀ ਕੋਸ਼ਿਸ਼ ਕਰੋ, ਤੁਸੀਂ ਕੇਵਲ ਕੰਮ ਕਰਨ ਦੇ ਸਿੱਧੇ ਤੇ ਠੀਕ ਤਰੀਕਿਆਂ ਤੋਂ ਜਾਣੂੰ ਹੋਵੋ ਉਸ ਦਾ ਪਤਾ ਕਰੋ, ਆਪਣੇ ਆਪ ਨੂੰ ਸੋਧੋ ਆਪਣੇ ਤੇ ਕੰਮ ਕਰੋ ਆਪਣੇ ਆਪ ਨੂੰ ਜਾਣੋ, ਗਿਆਨ ਦੇ ਸਾਰੇ ਮਾਰਗਾਂ ਦਾ ਪਤਾ ਕਰੋ। ਜੋ ਕੁਝ ਵੀ ਤੁਹਾਨੂੰ ਗਿਆਨ ਪ੍ਰਾਪਤੀ ਲਈ ਚਾਹੀਦਾ ਹੈ ਆਤਮਕ ਵ੍ਰਿਧੀ ਲਈ ਚਾਹੀਦਾ ਹੈ ਉਹ ਸਭ ਕਝ ਤੁਹਾਡੇ ਅੰਦਰ ਹੈ।

ਤੁਸੀਂ ਪ੍ਰਮਾਤਮਾ ਨੂੰ ਤੇ ਗਿਆਨ ਨੂੰ ਕਿਸੇ ਵੀ ਕਿਸਮ ਦੀ ਰੌਸ਼ਨੀ ਨਾਲ ਕਿਉਂ ਜੋੜਦੇ ਹੋ। ਤੁਸੀਂ ਰੋਸ਼ਨੀ ਦੀ ਗੱਲ ਕਰਦੇ ਹੋ, ਤੁਸੀਂ ਅਰਦਾਸ ਕਰਦੇ ਹੋ। ਪ੍ਰਮਾਤਮਾ ਮੈਨੂੰ ਰੋਸ਼ਨੀ ਦੇ ਕਿਉਂ ਕਹਿੰਦੇ ਹੋ, ਕਿਉਂਕਿ ਰੋਸ਼ਨੀ ਨਾਲ ਹਨ੍ਹੇਰਾ ਦੂਰ ਹੁੰਦਾ ਹੈ। ਹਨ੍ਹੇਰੇ ਵਿਚ ਤੁਹਾਨੂੰ ਚੰਗੀ ਤਰ੍ਹਾਂ ਦਿਸਦਾ ਨਹੀਂ, ਤੁਸੀਂ ਦੇਖ ਨਹੀਂ ਸਕਦੇ, ਰੋਸ਼ਨੀ ਮੰਗਣ ਤੋਂ ਭਾਵ ਹੈ ਕਿ ਸੱਤ ਨੂੰ ਦੇਖ ਸਕਣਾ।

ਜਿਹੜਾ ਗਿਆਨ ਸਾਨੂੰ ਇੰਦ੍ਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ ਉਹ ਅਧੂਰਾ ਹੈ ਥੋਥਾ ਹੈ। ਇੰਦ੍ਰੀਆਂ ਦਾ ਗਿਆਨ ਤਾਂ ਮਨੁੱਖ ਨੂੰ ਕਾਬਲ ਨਹੀਂ ਬਣਾ ਸਕਦਾ। ਜਦੋਂ ਅਸੀਂ ਇੰਦ੍ਰੀਆਂ ਦੇ ਗਿਆਨ ਦੀ ਵਰਤੋਂ ਕਰਦੇ ਹਾਂ ਉਹ ਬਹੁਤ ਹੀ ਹਾਨੀਕਾਰਕ ਹੁੰਦੀ ਹੈ। ਉਹ ਗਿਆਨ ਪ੍ਰਾਪਤ ਕਰੋ ਜਿਹੜਾ ਸੱਤ ਦਾ ਗਿਆਨ ਹੈ, ਸੱਤ ਨੂੰ ਜਾਣੋ, ਸਤਿ ਜਿਹੜਾ ਅਜਰ ਹੈ, ਅਮਰ ਹੈ, ਅਟੱਲ ਹੈ, ਪਵਿੱਤਰ ਹੈ, ਪ੍ਰਤੱਖ ਹੈ।

ਸ਼ਰਾਬ ਪੀਣ ਵਾਲੇ ਲੋਕ ਜਦੋਂ ਮਹਿੰਗੀ ਤੇ ਚੰਗੀ ਜਗ੍ਹਾ ਤੇ ਸ਼ਰਾਬ ਪੀਂਦੇ ਹਨ ਉਹ ਕੋਈ ਕਾਗਜ਼ ਦੇ ਗਿਲਾਸਾਂ ਵਿਚ ਨਹੀਂ ਪੀਂਦੇ। ਮਹਿੰਗੀ ਤੇ ਚੰਗੀ ਸ਼ਰਾਬ ਸੋਹਣੇ ਤੇ ਮਹਿੰਗੇ ਗਿਲਾਸਾ ਵਿਚ ਹੀ ਪੀਤੀ ਜਾਂਦੀ ਹੈ। ਚੰਗੀ ਸ਼ਰਾਬ ਪੀਣ ਵਾਲੇ ਉਸ ਨੂੰ ਸੁਚੱਜੇ ਢੰਗ ਨਾਲ ਹੀ ਪੀਂਦੇ ਹਨ ਸੋਹਣੇ ਗਿਲਾਸ ਵਿਚ ਪੀਂਦੇ ਹਨ। ਇਸ ਪ੍ਰਕਾਰ ਆਤਮ ਗਿਆਨ ਪ੍ਰਾਪਤ ਕਰਨ ਲਈ ਤੁਹਾਨੂੰ ਪਵਿੱਤਰ ਸਰੀਰ ਦੀ ਲੋੜ ਹੈ, ਸ਼ੁੱਧ ਸਰੀਰ, ਸ਼ੁੱਧ ਤੋਂ ਭਾਵ ਹੈ ਸੁਅਸਥ ਸਰੀਰ, ਸੁਅਰਥ ਸ੍ਵਾਸ ਤੋਂ ਬਿਨਾਂ ਤਾਂ ਗਿਆਨ ਦਾ ਪ੍ਰਵਾਹ ਚਲ ਹੀ ਨਹੀਂ ਸਕਦਾ। ਕੁਝ ਕੁ ਗੱਲਾਂ ਇਕ ਮਨੁੱਖ ਕਿਵੇਂ ਛੇਤੀ ਸਮਝ ਲੈਂਦੇ ਹਨ ਜਦੋਂ ਕਿ ਉਹ ਹੀ ਗੱਲ ਦੂਸਰੇ ਨਹੀਂ ਸਮਝ ਸਕਦੇ? ਤੁਸੀਂ ਘਬਰਾਅ ਜਾਂਦੇ ਹੋ, ਤੁਸੀਂ ਜੋ ਦੇਖਦੇ ਹੋ ਉਸ ਨੂੰ ਹੀ ਸੱਚ ਮੰਨ ਲੈਂਦੇ ਹੋ, ਤੁਸੀਂ ਆਪਣੇ ਇੰਦ੍ਰੀ ਗਿਆਨ ਦੀ ਪਰਖ ਨਹੀਂ ਕਰਦੇ। ਵਾਸਤਵ ਵਿਚ ਤੁਹਾਨੂੰ ਹਰ ਚੀਜ਼ ਤੇ ਸ਼ੱਕ ਹੋਣਾ ਚਾਹੀਦਾ ਹੈ, ਭੁਲੇਖਾ ਹੋਣਾ ਚਾਹੀਦਾ ਹੈ, ਭੁਲੇਖੇ ਤੇ ਵੀ ਭੁਲੇਖਾ ਹੋਣਾ ਚਾਹੀਦਾ ਹੈ।

ਕਿਸੇ ਵੀ ਚੀਜ਼ ਤੇ ਕੰਮ ਕਰਨ ਤੋਂ ਪਹਿਲਾਂ, ਕ੍ਰਿਆ ਕਰਨ ਤੋਂ ਪਹਿਲਾਂ ਤੁਹਾਨੂੰ ਇਸ ਗੱਲ ਦਾ ਪੁਸ਼ਟੀ ਕਰ ਲੈਣੀ ਚਾਹੀਦੀ ਹੈ ਕਿ ਜੋ ਤੁਸੀਂ ਸੋਚ ਰਹੇ ਹੋ ਉਹ ਠੀਕ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਭੁਲੇਖਾ ਰੱਖੋ, ਕੋਈ ਵੀ ਉਸ ਗੱਲ ਤੇ ਅਮਲ ਨਾ ਕਰੋ ਜਦੋਂ ਤੱਕ ਤੁਸੀਂ ਚੰਗੀ ਤਰ੍ਹਾਂ ਨਾਲ ਸੋਚ ਨਾ ਲਵੋ, ਇਹ ਜਾਚ ਲਵੋ ਕਿ ਤੁਸੀਂ ਆਪਣੇ ਇੰਦ੍ਰੀ ਗਿਆਨ ਵਿਚ ਪੂਰੇ ਹੋ। ਜਦੋਂ ਤੁਸੀਂ ਆਪਣੇ ਆਪ ਨੂੰ ਸੋਧੋਗੇ ਤੁਹਾਨੂੰ ਪਤਾ ਲਗ ਜਾਵੇਗਾ ਕਿਸ ਤਰ੍ਹਾਂ

ਦੇ ਵਿਚਾਰ ਠੀਕ ਹੁੰਦੇ ਹਨ ਤੇ ਕਿਸ ਪ੍ਰਕਾਰ ਦੇ ਵਿਚਾਰ ਧੁੰਧਲੇ ਤੇ ਉਲਝਣ ਵਾਲੇ ਹੁੰਦੇ ਹਨ।

ਜਿਹੜੇ ਤੱਤ ਗਿਆਨ ਅੰਤਰ ਗਿਆਨ ਦੀ ਪ੍ਰਾਪਤੀ ਕਰਦੇ ਹਨ ਉਹ ਵਡਭਾਗੇ ਹਨ। ਗਿਆਨ ਇੰਦ੍ਰੀਆਂ ਦਾ ਗਿਆਨ ਸਾਨੂੰ ਸੰਪੂਰਨ ਗਿਆਨ ਨਹੀਂ ਦਿੰਦਾ। ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸਾਨੂੰ ਮਨ ਦੀ ਸਪਸ਼ਟਤਾ ਨਹੀਂ ਹੈ। ਮਨ ਦੀ ਸ਼ੁਧਤਾ ਨਹੀਂ ਹੈ, ਮਨ ਦੀ ਨਿਰਮਲਤਾ ਨਹੀਂ ਹੈ। ਜੋ ਕੁਝ ਵੀ ਸਾਨੂੰ ਬਾਹਰੋਂ ਪ੍ਰਾਪਤ ਹੁੰਦਾ ਹੈ, ਉਸ ਨਾਲ ਮਨ ਸਦਾ ਹੀ ਧੁੰਧਲਾਇਆ ਰਹਿੰਦਾ ਹੈ।

ਮਨ ਤਾਂ ਦੱਸ ਇੰਦ੍ਰੀਆਂ ਦਾ ਗੁਲਾਮ ਹੈ ਉਹ ਤਾਂ ਸਾਰੀ ਸੋਚ ਸਾਰਾ ਗਿਆਨ ਇਨ੍ਹਾਂ ਰਾਹੀਂ ਹੀ ਪ੍ਰਾਪਤ ਕਰਦਾ ਹੈ ਇਨ੍ਹਾਂ ਵਿਚੋਂ ਪੰਜ ਤਾਂ ਸੂਖਮ ਗ੍ਰਹਿਣ ਇੰਦ੍ਰੀਆਂ ਹਨ ਜਿਵੇਂ ਕਿ ਦੇਖਣਾ, ਸੁੰਘਣਾ, ਮਹਿਸੂਸ ਕਰਨਾ, ਸੁਆਦ, ਸੁਣਨਾ। ਦੂਸਰੀਆਂ ਪੰਜ ਸਥੂਲ ਇੰਦ੍ਰੀਆਂ ਹਨ ਹੱਥ, ਪੈਰ, ਬੋਲਣਾ, ਮਲਮੂਤਰ ਦੇ ਅੰਗ ਇਨ੍ਹਾਂ ਨਾਲ ਤੁਸੀਂ ਕਰਮ ਕਰਦੇ ਹੋ, ਇਹ ਦੱਸੋ ਹੀ ਤੁਹਾਡੇ ਮਨ ਦੀਆਂ ਗੁਲਾਮ ਹਨ, ਜੇ ਇਨ੍ਹਾਂ ਨੂੰ ਸੋਧਿਆ ਵੀ ਗਿਆ ਹੋਵੇ ਤਾਂ ਵੀ ਇਨ੍ਹਾਂ ਕੋਲ ਜੋ ਵੀ ਕੁਝ ਆਉਂਦਾ ਹੈ ਜੋ ਵੀ ਸੂਚਨਾ ਆਉਂਦੀ ਹੈ ਉਹ ਇਨ੍ਹਾਂ ਰਾਹੀਂ ਹੀ ਆਉਂਦੀ ਹੈ।

ਤੁਸੀਂ ਬਾਹਰੀ ਸੰਸਾਰ ਵਿਚ ਕੀ ਕਰ ਸਕਦੇ ਹੋ, ਇਥੇ ਸਭ ਕੁਝ ਹੀ ਛਿਨਭੰਗਰ ਹੈ, ਨਾਸ਼ਵਾਨ ਹੈ? ਜਦੋਂ ਤੁਹਾਡੀ ਇੰਦ੍ਰੀਆਂ ਸੋਧੀਆਂ ਹੀ ਨਹੀਂ ਹੋਈਆਂ ਜੋ ਵੀ ਗਿਆਨ ਤੁਸੀਂ ਇੰਦ੍ਰੀਆਂ ਰਾਹੀਂ ਪ੍ਰਾਪਤ ਕਰੋਗੇ ਉਹ ਅਧੂਰਾ ਹੀ ਹੋਵੇਗਾ। ਉਸ ਨਾਲ ਤੁਹਾਡੇ ਅੰਦਰ ਪ੍ਰੇਸ਼ਾਨੀ ਹੈ, ਤੁਹਾਡਾ ਅੰਦਰ ਘਬਰਾਇਆ ਹੋਇਆ ਹੈ। ਜਦੋਂ ਤੁਸੀਂ ਇਨ੍ਹਾਂ ਨੂੰ ਸਮਝ ਜਾਂਦੇ ਹੋ ਫੇਰ ਤੁਸੀਂ ਕਦੀ ਵੀ ਕੋਈ ਗਲਤ ਕੰਮ ਨਹੀਂ ਕਰ ਸਕੋਗੇ, ਤੁਸੀਂ ਉਖੜੋਗੇ ਨਹੀਂ ਪਰ ਜੇ ਤੁਸੀਂ ਸਮਝਦੇ ਨਹੀਂ, ਤੁਹਾਨੂੰ ਇਸ ਗੱਲ ਦਾ ਪਤਾ ਹੀ ਨਹੀਂ, ਉਸ ਦੇ ਉਲਟ ਤੁਸੀਂ ਇਸ ਘਬਰਾਹਟ ਵਿਚ ਅਨੰਦ ਲੈ ਰਹੇ ਹੋ ਤਾਂ ਤੁਹਾਡੇ ਮਨ ਦੇ ਅੰਦਰ ਇਕ ਖਲਬਲ ਇਕ ਘਬਰਾਹਟ ਮਚ ਜਾਵੇਗੀ, ਤੁਸੀਂ ਹੋਰ ਘਬਰਾਅ ਜਾਓਗੇ, ਪਰੇਸ਼ਾਨ ਹੋ ਜਾਓਗੇ, ਇਹ ਇਕ ਐਸਾ ਚੱਕਰ ਬਣ ਜਾਏਗਾ ਜਿਸ ਦਾ ਕੋਈ ਅੰਤ ਹੀ ਨਹੀਂ।

ਤੁਸੀਂ ਹੈਰਾਨ ਹੋ ਜਾਂਦੇ ਹੋ ਕਿ ਹੋਰ ਕੋਈ ਤਰੀਕਾ ਹੈ ਜਿਸ ਨਾਲ ਮਨ ਦੀ ਸਚਾਈ, ਸ਼ੁਧਤਾ ਬਣਾਈ ਜਾ ਸਕੇ। ਤੁਸੀਂ ਬਾਹਰੀ ਸੰਸਾਰ ਨੂੰ ਤਾਂ ਬਦਲ ਹੀ ਨਹੀਂ ਸਕਦੇ। ਤੁਸੀਂ ਇੰਦ੍ਰੀਆਂ ਦੇ ਸੁਭਾਅ ਨੂੰ ਵੀ ਨਹੀਂ ਬਦਲ ਸਕਦੇ। ਜਿਵੇਂ ਹੀ ਤੁਸੀਂ ਉਠਦੇ ਹੋ ਸੁਚੇਤ ਹੁੰਦੇ ਹੋ, ਤੁਹਾਡਾ ਮਨ ਇੰਦ੍ਰੀਆ ਨੂੰ ਆਦੇਸ਼ ਦੇਣਾ ਸ਼ੁਰੂ ਕਰਦਾ ਹੈ ਕਿਉਂਕਿ ਉਹ ਹਨ ਤੇ ਉਹ ਸਦਾ ਹੀ ਰੁਝੀਆਂ ਰਹਿੰਦੀਆਂ ਹਨ, ਇਸ ਵਿਵਸਥਾ ਨੂੰ ਬਦਲਣਾ ਬਹੁਤ ਔਖਾ ਹੈ। ਜੇ ਕਦੇ ਤੁਸੀਂ ਆਪਣੇ ਮਨ ਨੂੰ ਇਹੋ ਜਿਹੇ ਹਾਲਾਤ ਨੂੰ ਸਿੱਝਣ ਨਾਲ ਕਦੀ ਸੋਧਿਆ ਹੀ ਨਹੀਂ ਹੈ ਤਾਂ ਰੌਲਾ ਗੌਲਾ ਰਹੇਗਾ ਹੀ। ਮਹਾਤਮਾ ਮਹਾਂਪੁਰਖ ਤੁਹਾਨੂੰ ਇਹ ਹੀ ਸਿਖਾਉਂਦੇ ਹਨ ਕਿ ਮਨ ਨੂੰ ਕਿਵੇਂ ਸੋਧਿਆ ਜਾਵੇ ਤੇ ਕਿਵੇਂ ਮਨ ਨੂੰ ਸਥਿਰ ਰੱਖਿਆ ਜਾਵੇ ਤਾਂ ਜੋ ਮਨ ਬਾਹਰ ਵਲ ਨਾ ਦੌੜੇ, ਬਾਹਰ ਦੇ ਸੰਕੇਤਾਂ ਦੀ ਪ੍ਰਵਾਹ ਨਾ ਕਰੇ। ਕਦੀ ਤੁਸੀਂ ਸੋਚਦੇ ਹੋ, ਹਵਾ ਬੰਦ ਹੋ ਜਾਵੇ, ਨਾਲਦਿਆਂ ਦਾ ਬੂਹਾ ਖੜਕਣਾ ਬੰਦ ਹੋ ਜਾਵੇ, ਫੇਰ ਮੈਂ ਧਿਆਨ ਕਰਾਂਗਾ ਪਰ ਇਕ ਗੱਲ ਯਾਦ ਰੱਖੋ, ਬਾਹਰੀ ਸੰਸਾਰ ਦਾ ਰੌਲਾ ਤਾਂ ਸਦਾ ਹੀ ਰਹੇਗਾ।

ਅਜੇ ਵੀ ਕਈ ਪਿੰਡਾਂ ਵਿਚ ਪਾਣੀ ਕੱਢਣ ਲਈ ਪੁਰਾਣੇ ਤਰ੍ਹਾਂ ਦੇ ਖੂਹ ਹਨ ਜਿਹੜੇ ਬਲਦ ਗੇੜਦੇ ਹਨ, ਟਿੰਡਾਂ ਭਰ ਕੇ ਪਾਣੀ ਬਾਹਰ ਆਉਂਦਾ ਹੈ, ਜਦੋਂ ਖੂਹ ਗੇੜਦੇ ਹਨ ਤਾਂ ਆਵਾਜ਼ ਆਉਂਦੀ ਹੈ। ਇਕ ਵਾਰੀ ਦੀ ਗੱਲ ਹੈ ਇਕ ਬੰਦਾ ਆਪਣਾ ਘੋੜਾ ਲੈ ਕੇ ਆਇਆ। ਉਹ ਘੋੜੇ ਨੂੰ ਪਾਣੀ ਪਲਾਉਣਾ ਚਾਹੁੰਦਾ ਸੀ, ਪਰ ਉਸ ਹਲਟ ਦੀ ਆਵਾਜ਼ ਨਾਲ ਘੋੜਾ ਡਰ ਜਾਂਦਾ ਸੀ ਤੇ ਛਲਾਂਗ ਮਾਰਨ ਲਗ ਪੈਂਦਾ ਸੀ, ਘੋੜੇ ਵਾਲਾ ਖੂਹ ਦੇ ਮਾਲਕ ਨੂੰ ਕਹਿਣ ਕੀ ਤੂੰ ਥੋੜ੍ਹੀ ਦੇਰ ਲਈ ਇਹ ਆਵਾਜ਼ ਬੰਦ ਕਰ ਸਕਦਾ ਹਾਂ ਜੋ ਮੇਰਾ ਘੋੜਾ ਪਾਣੀ ਪੀ ਲਵੇ।

ਮਾਲਕ ਕਹਿਣ ਲੱਗਾ ਜੇ ਆਵਾਜ਼ ਬੰਦ ਹੋ ਜਾਏਗੀ ਤਾਂ ਪਾਣੀ ਵੀ ਬੰਦ ਹੋ ਜਾਏਗਾ ਫੇਰ ਘੋੜਾ ਪੀਏਗਾ ਕੀ? ਜੇ ਤੁਸੀਂ ਇਹ ਸੋਚਦੇ ਹੋ ਕਿ ਸੰਸਾਰ ਸਾਰਾ ਚੰਗਾ ਬਣ ਜਾਏ, ਤੁਹਾਡੇ ਨਾਲ ਚੰਗਾ ਵਿਹਾਰ ਕਰੇ ਫੇਰ ਹੀ ਤੁਸੀਂ ਭਜਨ ਸਿਮਰਨ ਮੈਡੀਟੇਸ਼ਨ ਕਰ ਸਕਦੇ ਹੋ, ਇਹ ਗੱਲ ਭੁੱਲ ਜਾਓ। ਤੁਹਾਨੂੰ ਇਸ ਸੰਸਾਰ ਨੂੰ ਇਸ ਤਰ੍ਹਾਂ ਮੰਨ ਕੇ ਚਲਣਾ ਪਵੇਗਾ। ਜੇ ਤੁਸੀਂ ਹਵਾਈ ਅੱਡੇ ਦੇ ਕੋਲ ਰਹਿੰਦੇ ਹੋ ਤੁਸੀਂ ਇਹ ਨਹੀਂ ਗਿਣਦੇ ਕਿੰਨੇ ਜਹਾਜ਼ ਆਉਂਦੇ ਜਾਂਦੇ ਹਨ ਪਰ ਜਦੋਂ ਤੁਸੀਂ ਪਹਿਲੇ ਪਹਿਲ ਉਥੇ ਰਹਿਣਾ ਸ਼ੁਰੂ ਕਰਦੇ ਹੋ ਤਾਂ ਦਿਨ ਰਾਤ ਇਹ ਗਿਣਦੇ ਹੋ ਕਿੰਨੇ ਜਹਾਜ਼ ਗਏ ਕਿੰਨੇ ਆਏ, ਤੁਸੀਂ ਸੋਚਦੇ ਸੀ ਇਥੇ ਕਿੰਨਾ ਰੌਲਾ ਹੈ, ਕਿੰਨੀ ਆਵਾਜ਼ ਹੈ ਪਰ ਕਈ ਘਰ ਜਿਹੜੇ ਹਵਾਈ ਅੱਡੇ ਦੇ ਨਾਲ ਹਨ ਉਨ੍ਹਾਂ ਨੂੰ ਆਵਾਜ਼ ਸੁਣਦੀ ਹੀ ਨਹੀਂ। ਜੇ ਤੁਸੀਂ ਆਪਣਾ ਮਨ ਸੋਧ ਲਵੋ ਤਾਂ ਤੁਸੀਂ ਛੇਤੀ ਹੀ ਆਵਾਜ਼ ਸੁਣਨੀ ਬੰਦ ਕਰ ਸਕਦੇ ਹੋ, ਮਨ ਦੀ ਸ਼ੁਧਤਾ ਲਈ ਮਨ ਨੂੰ ਸੋਧਣਾ ਬਹੁਤ ਹੀ ਜ਼ਰੂਰੀ ਹੈ।

ਸਭ ਤੋਂ ਪਹਿਲਾਂ ਆਪਣੇ ਮਨ ਨੂੰ ਸਮਝੋ, ਅੰਤਹਕਰਨ ਨੂੰ ਸਮਝੋ, ਉਸ ਦੇ ਪਿਛੋਂ ਹੀ ਤੁਸੀਂ ਮਨ ਦੀ ਸ਼ੁਧਤਾ ਦਾ ਨਿਰਮਾਣ ਕਰ ਸਕਦੇ ਹੋ। ਤਿੰਨ ਸਾਲ ਦੀ ਉਮਰ ਤੋਂ ਹੀ ਮੈਂ ਸੰਤਾਂ ਨਾਲ ਰਹਿ ਰਿਹਾ ਹਾਂ ਉਨ੍ਹਾਂ ਕੋਲੋਂ ਹੀ ਸਿੱਖ ਰਿਹਾ ਹਾਂ, ਪੜ੍ਹ ਰਿਹਾ ਹਾਂ, ਮੈਂ ਇਨ੍ਹਾਂ ਸਾਰਿਆਂ ਵਿਸ਼ਿਆਂ ਤੇ ਸੋਚਿਆ ਵਿਚਾਰਿਆ ਹੈ, ਮੈਂ ਮਨੁੱਖ ਬਾਰੇ ਬਹੁਤ ਸਾਰੇ ਮਹਾਂਪੁਰਸ਼ਾਂ ਤੋਂ ਸੰਤਾਂ ਮਹਾਤਮਾ ਤੋਂ ਸੁਣਿਆ ਹੈ, ਇਨ੍ਹਾਂ ਮਹਾਂਪੁਰਸ਼ਾਂ ਨੇ ਸਾਰਾ ਜੀਵਨ ਹੀ ਗਿਆਨ ਪ੍ਰਾਪਤੀ ਤੇ ਲਾਇਆ ਹੈ, ਇਨ੍ਹਾਂ ਦੀ ਹੀ ਕ੍ਰਿਪਾ ਨਾਲ ਮੈਂ ਜੋ ਕੁਝ ਵੀ ਸੁਣਿਆ ਹੈ ਉਹ ਮੇਰੇ ਅਚੇਤ ਮਨ ਵਿਚ ਵਿਛਿਆ ਹੋਇਆ ਹੈ। ਉਨ੍ਹਾਂ ਨੇ ਮੈਨੂੰ ਦੱਸਿਆ ਹੈ ਅਨੁਭਵੀ ਗਿਆਨ ਹੀ ਸਭ ਤੋਂ ਉਤਮ ਗਿਆਨ ਹੈ। ਮੈਂ ਇਹ ਕਰਕੇ ਦੇਖਿਆ ਹੈ ਤੇ ਮੈਂ ਇਸ ਦਾ ਪੁਸ਼ਟੀਕਰਨ ਕਰਦਾ ਹਾਂ, ਜੋ ਵੀ ਆਤਮ ਮਾਰਗ ਤੇ ਹੈ ਉਹ ਇਹ ਜਾਣਦਾ ਹੈ ਮੈਂ ਇਸ ਦਾ ਵਰਨਣ ਕਰਦਾ ਹਾਂ ਤੇ ਤੁਹਾਨੂੰ ਦਸਦਾ ਹਾਂ।

ਤੁਸੀਂ ਆਪਣੇ ਸਰੀਰ ਨੂੰ ਘਟ ਜਾਣਦੇ ਹੋ ਤੁਸੀਂ ਇਸ ਨੂੰ ਹੋਰ ਜਾਣੋ, ਇਹ ਦੂਸਰਿਆਂ ਜੀਵ ਜੰਤੂਆਂ ਨਾਲੋਂ ਕਿਵੇਂ ਅੱਡ ਹੈ, ਕੀ ਭੇਦ ਹੈ? ਕਿਸੇ ਵੀ ਦੋ ਮਨੁੱਖਾਂ ਦਾ ਸਰੀਰ ਇਕੋ ਜਿਹਾ ਨਹੀਂ ਹੈ, ਇਥੋਂ ਤਕ ਕਿ ਜੋੜਿਆਂ ਦਾ ਵੀ ਸਰੀਰ ਸਭ ਕੁਝ ਇਕੋ ਜਿਹਾ ਨਹੀਂ ਹੈ। ਇਹ ਸੋਚਣ ਦਾ ਵਿਸ਼ਾ ਹੈ ਕਿ ਬਨਾਉਣ ਵਾਲੇ ਦੇ ਸਭ ਵੱਖ-ਵੱਖ ਮਾਡਲ ਹਨ ਜਿੰਨੇ ਵੀ ਬਣਾਉਂਦਾ ਹੈ ਸਭ ਵੱਖ ਹੀ ਹਨ, ਹਰ ਇਕ ਦੇ ਅੰਗ ਇਕ ਹੀ ਹਨ ਪਰ ਸਾਰੇ ਹੀ ਵੱਖ-ਵੱਖ ਹਨ। ਜਿਹੜਾ ਕਲਾਕਾਰ ਇਹ ਸਭ ਬਣਾਉਂਦਾ ਹੈ ਉਹ ਕਿੰਨਾ ਕਮਾਲ ਦਾ ਹੈ, ਇਕ ਡਿਜ਼ਾਇਨ ਦਾ ਇਕ ਹੀ ਮਨੁੱਖ ਹੈ, ਇਹ ਦੇਖ ਕੇ ਹੈਰਾਨ ਹੋ ਜਾਈਦਾ ਹੈ, ਕਿਵੇਂ ਵਿਧਾਤਾ ਦਾ ਵਿਧਾਨ ਪੂਰਨ ਤਰ੍ਹਾਂ ਨਾਲ ਸ੍ਰੇਸ਼ਟ ਹੈ, ਕੋਈ ਵੀ ਮਾਡਲ ਕਦੇ ਵੀ ਦੁਬਾਰਾ ਨਹੀਂ ਬਣਦਾ, ਸਹੁਪਣ ਪੂਰੀ ਤਰ੍ਹਾਂ ਨਾਲ ਵਿਲੱਖਣ ਹੈ, ਕਦੀ ਵੀ ਕਿਤੇ ਵੀ ਦੂਸਰੀ ਵਾਰ ਉਹ ਦੇਖਣ ਨੂੰ ਨਹੀਂ ਮਿਲਦੀ, ਕਿਸੇ ਨੂੰ ਵੀ ਕਿਸੇ ਨਾਲ ਮਿਲਾਇਆ ਨਹੀਂ ਜਾ ਸਕਦਾ ਹਰ ਕੋਈ ਆਪਣੇ ਆਪ ਵਿਚ ਸੰਪੂਰਨ ਹੈ, ਹਰ ਕੋਈ ਆਪਣੇ ਆਪ ਵਿਚ ਬਹੁਤ ਹੀ ਸੋਹਣਾ ਹੈ ਕਿਉਂਕਿ ਉਸ ਦੇ ਨਾਲ ਦਾ ਦੂਸਰਾ ਹੈ ਹੀ ਨਹੀਂ। ਆਪਣੇ ਆਪ ਨੂੰ ਸਰਾਹੋ, ਆਪਣੇ ਆਪ ਨੂੰ ਆਪਣੇ ਸਹੁਪਣ ਨੂੰ ਵਡਿਆਓ, ਪਰ ਤੁਹਾਨੂੰ ਤਾਂ ਕੋਈ ਦੂਸਰਾ ਹੀ ਕਹੇ ਕਿ ਤੁਸੀਂ ਸੋਹਣੇ ਹੋ, ਸੋਹਣੇ ਲਗ ਰਹੇ ਹੋ ਤਾਂ ਹੀ ਤੁਹਾਨੂੰ ਠੀਕ ਲਗਦਾ ਹੈ, ਪਰ ਤੁਹਾਨੂੰ ਆਪ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਸੋਹਣੇ ਹੋ, ਤੁਹਾਨੂੰ ਆਪਣੇ ਆਪ ਨੂੰ ਵਡਿਆਉਣਾ ਚਾਹੀਦਾ ਹੈ ਕਿਉਂਕਿ ਤੁਹਾਡੇ ਵਰਗਾ ਹੋਰ ਕੋਈ ਹੈ ਹੀ ਨਹੀਂ।

ਇਹੋ ਹੀ ਗੱਲ ਤੁਹਾਡੇ ਮਨ ਦੀ ਹੈ, ਕਿਸੇ ਵੀ ਦੋ ਮਨੁੱਖਾਂ ਦੇ ਮਨ ਇਕੋ ਜਿਹੇ ਨਹੀਂ ਹਨ, ਨਾ ਹੀ ਦੋ ਮਨ ਇਕ ਦੂਜੇ ਨਾਲ ਮਿਲਾਏ ਜਾ ਸਕਦੇ ਹਨ, ਨਾ ਹੀ ਉਹ ਇਕੋ ਜਿਹੇ ਹਨ, ਮਨ ਤੁਹਾਡੀਆਂ ਆਦਤਾਂ ਅਨੁਸਾਰ ਹੀ ਕੰਮ ਕਰਦਾ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਸੰਵੇਗ ਤੇ ਵਿਚਾਰਾਂ ਨੂੰ ਜਾਂਚਦੇ ਹੋ ਤੁਹਾਡੀਆਂ ਆਦਤਾਂ ਤੁਹਾਨੂੰ ਘੇਰ ਲੈਂਦੀਆਂ ਹਨ, ਉਹ ਹੀ ਆਦਤਾਂ ਤੁਹਾਡੇ ਸਾਮ੍ਹਣੇ ਆ ਜਾਂਦੀਆਂ ਹਨ ਤੇ ਪ੍ਰਗਟ ਹੋਣ ਲਗ ਪੈਂਦੀਆਂ ਹਨ।

ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ ਤੁਹਾਡਾ ਮਨ ਇਕ ਪ੍ਰੇਤ ਦੀ ਤਰ੍ਹਾਂ ਹੈ, ਇਸ ਦੀ ਸੋਚਣ ਦੀ, ਕੰਮ ਕਰਨ ਦੀ ਗਤੀ ਬਿਜਲੀ ਦੀ ਗਤੀ ਨਾਲੋਂ ਵੀ ਵੱਧ ਹੈ, ਸਭ ਤੋਂ ਤੇਜ਼ ਗਤੀ ਵਾਲਾ ਤਾਂ ਮਨੁੱਖ ਦਾ ਮਨ ਹੀ ਹੈ, ਹੋਰ ਕਿਸੇ ਵੀ ਚੀਜ਼ ਦੀ ਗਤੀ ਐਨੀ ਤੇਜ਼ ਨਹੀਂ ਹੈ, ਕੇਵਲ ਇਕ ਹੀ ਚੀਜ਼ ਕਹਿ ਸਕਦੇ ਹਾਂ, ਇਕ ਹੀ ਕੇਵਲ ਏਸ ਤੋਂ ਵੱਧ ਗਤੀ ਨਾਲ ਜਾ ਸਕਦਾ ਹੈ, ਉਹ ਹੈ ਬ੍ਰਹਮਗਿਆਨੀ ਪੂਰਨ ਬ੍ਰਹਮਗਿਆਨੀ। ਬ੍ਰਹਮਗਿਆਨੀ, ਮਹਾਂਪੁਰਖ ਉਹ ਹੈ ਜਿਹੜਾ ਮਨ ਦੀ ਹੱਦ ਟੱਪ ਗਿਆ ਹੈ, ਉਸ ਤੋਂ ਅੱਗੇ ਚਲਾ ਗਿਆ ਹੈ, ਆਤਮਾ ਦੀ ਗਤੀ ਮਨ ਤੋਂ ਵੱਧ ਹੈ, ਆਤਮਾ ਹਰ ਜਗ੍ਹਾ ਹੈ, ਮਨ ਉਸ ਦੇ ਨਾਲ ਆਪਣੀ ਗਤੀ ਨਹੀਂ ਰੱਖ ਸਕਦਾ। ਜਦੋਂ ਤੁਹਾਡਾ ਮਨ ਇਹ ਜਾਣ ਲੈਂਦਾ ਹੈ ਆਤਮਾ ਹਰ ਥਾਂ ਹੈ, ਮਨ ਫੇਰ ਸਮਰਪਣ ਕਰ ਦਿੰਦਾ ਹੈ। ਮਨ ਇਹ ਜਾਣ ਜਾਂਦਾ ਹੈ ਕਿ ਇਹ ਸੋਚਦਾ ਸੀ ਕਿ ਇਹ ਸਭ ਕੁਝ ਜਾਣਦਾ ਹੈ, ਆਤਮਾ ਤਾਂ ਹਰ ਥਾਂ ਹੈ ਹਰ ਚੀਜ਼ ਵਿਚ ਸਮਾਈ ਹੈ ਮਨ ਤਾਂ ਕੁਝ ਵੀ ਨਹੀਂ। ਮਨ ਇਹ ਜਾਣ ਲੈਂਦਾ ਹੈ ਕਿ ਸਾਰੀ ਸ਼ਕਤੀ ਆਤਮਕ ਸ਼ਕਤੀ ਹੈ, ਜੀਵਨ ਸਰੋਤ ਆਤਮਾ ਹੈ। ਜੀਵਨ ਦਾ ਸਰੋਤ, ਜੜ੍ਹ ਮੁੱਢ ਤਾਂ ਕੇਵਲ ਆਤਮਾ ਹੀ ਹੈ, ਚੇਤਨਾ ਦਾ ਸਰੋਤ ਵੀ ਆਤਮਾ ਹੀ ਹੈ ਜਦੋਂ ਮਨ ਇਹ ਸਭ ਕੁਝ ਜਾਣ ਜਾਂਦਾ ਹੈ ਤਾਂ ਮਨ ਸਮਰਪਣ ਕਰ ਦਿੰਦਾ ਹੈ, ਇਹ ਹੀ ਵਾਸਤਵ ਵਿਚ ਸਮਰਪਣ ਹੁੰਦਾ ਹੈ ਇਹ ਹੀ ਸਭ ਤੋਂ ਉਤਮ ਤੇ ਉਚਾ ਸਮਰਪਣ ਹੈ ਇਹ ਹੀ ਯੋਗ ਹੈ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਹਿਰਨਾਂ ਦਾ ਬੋਲਣਾ ਤੇ ਹੋਰ ਵਿਲੱਖਣਤਾਵਾਂ

ਬਹੁਤ ਛੇਤੀ ਹੀ ਹਿਰਨ ਮੁੜ ਕੇ ਇਸ ਧਰਤੀ ਤੇ ਆ ਗਏ ਜਦੋਂ ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਇਹ ਸੁਰੱਖਿਅਤ ਥਾਂ ਹੈ, ਇਥੇ ਕੋਈ ਮਾਰਨ ਨਹੀਂ ਆਏਗਾ। ਇਕ ਦਿਨ ਸ਼ਾਮ ਤੋਂ ਪਹਿਲਾਂ ਮੈਂ ਸੈਰ ਕਰ ਰਿਹਾ ਸੀ ਮੈਨੂੰ ਇਸ ਤਰ੍ਹਾਂ ਦੀ ਆਵਾਜ਼ ਸੁਣੀ ਜਿਵੇਂ ਕਾਫੀ ਸਾਰੇ ਹਿਰਨ ਇਕੱਠੇ ਹੋ ਕੇ ਨੱਕ ਰਾਹੀਂ ਫਰਾਟੇ ਮਾਰ ਰਹੇ ਹੋਣ। ਉਤਸੁਕ ਹੋ ਕੇ ਮੈਂ ਹੌਲੀ ਹੌਲੀ ਦਰਖੱਤਾਂ ਕੋਲ ਗਿਆ, ਸੜਕ ਦੇ ਕਿਨਾਰੇ ਕੋਲ ਪਹੁੰਚ ਕੇ ਮੈਂ ਦਰੱਖਤਾਂ ਵਿਚੋਂ ਝਾਤੀ ਮਾਰੀ, ਦੇਖਿਆ ਤਾਂ ਛੋਟੇ ਛੋਟੇ ਹਿਰਨਾਂ ਦਾ ਇਕ ਝੁੰਡ ਸੀ ਜਿਹੜਾ ਘਾਹ ਵਿਚ ਲੇਟਣ ਦੀ ਤਿਆਰੀ ਕਰ ਰਿਹਾ ਸੀ। ਉਹ ਸਾਰੇ ਬੜੀ ਜ਼ੋਰ-ਜ਼ੋਰ ਦੀ ਸਾਹ ਲੈ ਰਹੇ ਸੀ। ਏਵੇਂ ਲਗਦਾ ਸੀ ਜਿਵੇਂ ਉਹ ਭੌਂਕ ਰਹੇ ਹੋਣ। ਮੈਂ ਐਨਾ ਮੋਹਿਆ ਗਿਆ ਕਿ ਮੈਂ ਅੱਧਾ ਘੰਟਾ ਲੁੱਕ ਕੇ ਉਨ੍ਹਾਂ ਨੂੰ ਦੇਖਦਾ ਹੀ ਰਿਹਾ ਤੇ ਮੈਂ ਸੋਚਣ ਲਗ ਪਿਆ ਕਿ ਇਹ ਪ੍ਰਾਣਾਯਾਮ ਕਰ ਰਹੇ ਹੋਣ। ਇਨ੍ਹਾਂ ਦੇ ਫਰਾਟੇ ਬਿਲਕੁਲ ਉਸ ਤਰ੍ਹਾਂ ਹੀ ਸੀ ਜਿਵੇਂ ਮੈਂ ਕਈ ਸਾਲ ਸ੍ਵਾਸ ਕ੍ਰਿਆ ਕਰਦਾ ਰਿਹਾ ਹਾਂ। ਕਾਰਬਨ ਡਾਈਆਕਸਾਈਡ ਨੂੰ ਬਾਹਰ ਕੱਢਣਾ, ਜ਼ੋਰ ਜ਼ੋਰ ਦੀ ਸ੍ਵਾਸ ਲੈਣੇ ਤੇ ਪੇਟ ਰਾਹੀਂ ਸ੍ਵਾਸ ਲੈਣੇ ਜੋ ਸਵਾਮੀ ਜੀ ਨੇ ਸਿਖਾਇਆ ਹੈ, ਇਸ ਤਰ੍ਹਾਂ ਕਰਨ ਨਾਲ ਖੂਨ ਦੀ ਸਫਾਈ ਹੁੰਦੀ ਹੈ। ਮੈਂ ਐਨਾ ਭਾਵੁਕ ਹੋ ਗਿਆ ਕਿ ਮੈਂ ਛੇਤੀ ਤੋਂ ਛੇਤੀ ਸਵਾਮੀ ਜੀ ਨੂੰ ਜਾ ਕੇ ਦਸਣਾ ਚਾਹੁੰਦਾ ਸੀ ਜੋ ਵੀ ਦੇਖਿਆ ਸੀ। ਇਸ ਤੋਂ ਪਹਿਲਾਂ ਕਿ ਮੈਂ ਸਵਾਮੀ ਜੀ ਨੂੰ ਦੱਸਾਂ ਮੈਂ ਦੇਖਣਾ ਚਾਹੁੰਦਾ ਸੀ ਕਿ ਇਹ ਇਕ ਦਿਨ ਦੀ ਗੱਲ ਹੈ ਕਿ ਇਹ ਰੋਜ਼ ਦੀ ਗੱਲ ਹੈ। ਰੋਜ਼ ਰਾਤ ਨੂੰ ਮੈਂ ਦੌੜ ਕੇ ਉਥੇ ਜਾਂਦਾ ਤੇ ਦੇਖਦਾ ਕਿ ਹਿਰਨ ਉਥੇ ਇਕੱਠੇ ਹੋ ਕੇ ਉਸ ਤਰ੍ਹਾਂ ਹੀ ਕਰ ਰਹੇ ਹੁੰਦੇ।

ਪਸ਼ੂ ਸਾਨੂੰ ਬਹੁਤ ਕੁਝ ਸਿਖਾਉਂਦੇ ਹਨ ਸਵਾਮੀ ਜੀ ਕਹਿਣ ਲੱਗੇ, "ਤੁਸੀਂ ਕੀ ਸੋਚਦੇ ਹੋ ਕਿ ਹੱਠ ਯੋਗ ਤੇ ਆਸਨ ਕਿਥੋਂ ਸਿੱਖੇ ਹਨ? ਯੋਗੀ ਜਾਨਵਰਾਂ ਨੂੰ ਹੀ ਚੰਗੀ ਤਰ੍ਹਾਂ ਨਾਲ ਦੇਖਦੇ ਰਹੇ ਹਨ ਤੇ ਫੇਰ ਇਹ ਆਪਣੇ ਤੇ ਅਭਿਆਸ ਕਰਦੇ ਰਹੇ ਹਨ ਤੇ ਫੇਰ ਉਹ ਆਪਣੇ ਅੰਦਰ ਇਨ੍ਹਾਂ ਦਾ ਪ੍ਰਭਾਵ ਤੇ ਇਨ੍ਹਾਂ ਨਾਲ ਆਏ ਬਦਲਾਵ ਦੇਖਦੇ ਰਹੇ ਹਨ। ਲੈ ਮੈਂ ਤੈਨੂੰ ਦੱਸਾਂ ਕਿ ਹਿਰਨ ਕਿਵੇਂ ਬੋਲਦੇ ਹਨ, ਤੁਹਾਨੂੰ ਰੋਜ਼ ਆਪਣੀ ਸਵੇਰ ਇਸ ਤਰ੍ਹਾਂ ਹੀ ਸ਼ੁਰੂ ਕਰਨੀ ਚਾਹੀਦੀ ਹੈ ਤੇ ਮੈਂ ਇਵੇਂ ਹੀ ਸ਼ੁਰੂ ਕਰ ਦਿਤਾ।

ਨਵੇਂ ਸੈਂਟਰ ਵਿਚ ਕਲਾਸਾਂ ਲੈਣ ਨਾਲ ਬਹੁਤ ਕੰਮ ਹੋ ਜਾਂਦਾ ਸੀ। ਮੈਂ ਕਲਾਸਾਂ ਦੇ ਟਾਈਮ ਟੇਬਲ ਬਣਾਏ ਉਨ੍ਹਾਂ ਦੇ ਕੋਰਸ ਬਣਾਏ ਥਰੀਸਾ ਨੇ ਉਹ ਸਭ ਕੁਝ ਟਾਈਪ ਕੀਤਾ ਅਸੀਂ ਖਬਰਾਂ ਦੀ ਛੋਟੀ ਜਿਹੀ ਪਤ੍ਰਕਾ ਵੀ ਛਾਪੀ ਸੈਂਟਰ ਦੀਆਂ ਗਤੀਵਿਧੀਆਂ ਦੱਸੀਆਂ ਤੇ ਉਹ ਪੱਤ੍ਰਿਕਾ ਸਾਰੀ ਜਗ੍ਹਾ ਭੇਜੀ। ਬਹੁਤ ਦੇਰ ਤਕ ਸੈਂਟਰ ਵਿਚ ਮੈਂ ਇਕੱਲਾ ਹੀ ਸੀ ਜਿਹੜਾ ਇਸ ਤਰ੍ਹਾਂ ਦੇ ਕੰਮ ਕਰਦਾ ਰਿਹਾ ਤੇ ਪੜ੍ਹਾਈ ਲਿਖਾਈ ਦੇ ਕੇ ਦੇਖਦਾ ਰਿਹਾ। ਮੈਂ ਨਵੇਂ ਮੈਂਬਰ ਬਣਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਹੋਰ ਕੁਝ ਸੋਚਦਾ ਰਿਹਾ ਕੁਝ ਹੋਰ ਸੋਹਣੀ ਤਰ੍ਹਾਂ ਆਪਣੀ ਡਿਊਟੀਆਂ ਕਰਨ ਬਾਰੇ ਮੈਂ ਬਹੁਤ ਸੋਚਿਆ। Himalayan Institute its members ਮੈਂ ਲਿਖਿਆ ਤੇ ਥਰੀਸਾ ਨੇ ਟਾਈਪ ਕੀਤਾ ਜਦੋਂ ਥਰੀਸਾ ਉਹ ਤਿਆਰ ਕਰਕੇ ਸਵਾਮੀ ਜੀ ਤੋਂ ਪ੍ਰਵਾਨ ਕਰਵਾਉਣ ਲੈ ਕੇ ਆਈ ਸਵਾਮੀ ਜੀ ਕੋਈ ਬਹੁਤ ਪ੍ਰਸੰਨ ਨਹੀਂ ਹੋਏ।

ਇਹ ਕੀ ਹੈ? ਕਿਸ ਨੇ ਇਹ ਬੇਸੁਰਾ ਲਿਖਿਆ ਹੈ, ਸੰਸਥਾ ਕਿਵੇਂ ਇਸ ਦੀ ਮੈਂਬਰ ਹੋ ਸਕਦੀ ਹੈ? ਇਹ ਗੱਲ ਨੂੰ ਕੌਣ ਸਮਝੇਗਾ, ਮੈਂ ਤੁਹਾਨੂੰ ਕੰਮ ਕਰਨ ਨੂੰ ਕਿਹਾ ਤੇ ਤੁਸੀਂ ਕਿਵੇਂ ਇਹ ਪੁਠਾ ਸਿਧਾ ਲਿਖ ਕੇ ਲੈ ਆਏ ਹੋ, ਇਹੋ ਜਿਹਾ ਕੰਮ ਕਰਦੇ ਹੋ ਤੁਸੀਂ। ਸਵਾਮੀ ਜੀ ਮੈਂ ਖਿਮਾ ਮੰਗਦੀ ਹਾਂ। ਥਰੀਸਾ ਨੇ ਕਿਹਾ ਮੈਂ ਹੁਣੇ ਹੀ ਇਸ ਨੂੰ ਦੁਬਾਰਾ ਲਿਖਦੀ ਹਾਂ।

ਛੱਡ ਦੇ ਤੂੰ, ਸਵਾਮੀ ਜੀ ਕਹਿਣ ਲੱਗੇ ਤੇ ਗੱਲ ਇਥੇ ਹੀ ਖਤਮ ਹੋ ਗਈ। ਮੈਨੂੰ ਦੁਖ ਨਾ ਹੋਵੇ, ਥਰੀਸਾ ਨੇ ਮੈਨੂੰ ਨਹੀਂ ਦੱਸਿਆ ਜੋ ਕੁਝ ਵੀ ਸਵਾਮੀ ਜੀ ਨੇ ਕਿਹਾ। ਐਨੇ ਵਿਚ ਇਸ ਤਰ੍ਹਾਂ ਬਹੁਤ ਵਾਰੀ ਲਿਖਿਆ ਗਿਆ ਤੇ ਅੱਜ ਤੱਕ ਵੀ ਲਿਖਿਆ ਜਾਂਦਾ ਹੈ ਇਹ ਲਾਈਨ ਸਾਹਿਤ ਵਿਚ ਲਿਖੀ ਜਾਂਦੀ ਹੈ ਤੇ ਬੜੀ ਹੀ ਅਹਿਮੀਅਤ ਰਖਦੀ ਹੈ। ਮੈਨੂੰ ਕੋਈ ਗੱਲ ਸਮਝ ਨਹੀਂ ਆਈ ਕਿ ਇਹ ਕਿਉਂ ਕੀਤਾ ਗਿਆ ਹੈ। ਹੋ ਸਕਦਾ ਹੈ ਉਹ ਮੇਰਾ ਕੋਈ ਕਸ਼ਟ ਕੱਟ ਰਹੇ ਹੋਣ, ਮੈਂ ਨਹੀਂ ਜਾਣਦਾ।

ਛਪਾਈ ਦਾ ਦਫਤਰ ਹੁਣ ਪਹਿਲੀ ਮੰਜ਼ਲ ਤੇ ਸੀ ਜਿਥੋਂ ਅਸੀਂ ਅੰਦਰ ਜਾਂਦੇ ਸੀ ਉਸ ਦਫਤਰ ਵਿਚ ਥਰੀਸਾ ਰੈਨਡੀ ਤੇ ਬਾਲਾ ਬੈਠਦੀਆਂ ਸੀ। ਇਕ ਦਿਨ ਬੜੀ ਹੀ ਸੋਹਣੀ ਘਟਨਾ ਵਾਪਰੀ। ਸਾਰੇ ਹੀ ਕੰਮ ਕਰ ਰਹੇ ਸੀ ਕਿ ਸਵਾਮੀ ਜੀ ਹਸਦੇ-ਹਸਦੇ ਅੰਦਰ ਆਏ ਤੇ ਕਹਿਣ ਲੱਗੇ ਕਿਵੇਂ ਚਲ ਰਿਹਾ ਹੈ ਸਭ ਕੁਝ। ਉਨ੍ਹਾਂ ਨੇ ਉਤਰ ਦਾ ਇੰਤਜ਼ਾਰ ਨਹੀਂ ਕੀਤਾ ਤੇ ਉਹ ਉਥੇ ਇਕ ਕੋਨੇ ਵਿਚ ਪਏ ਰਸਾਲੇ ਤੇ ਦੇਖਣ ਲਗ ਪਏ ਤੇ ਉਸ ਵਿਚ ਲੱਗੇ ਪੌਦੇ ਨੂੰ ਦੇਖਦੇ ਰਹੇ ਫੇਰ ਜ਼ੋਰ-ਜ਼ੋਰ ਦੀ ਖੰਗਣ ਲਗ ਪਏ ਤੇ ਖੰਗਾਰ ਉਸ ਗਮਲੇ ਵਿਚ ਸੁੱਟ ਦਿਤਾ। ਉਹ ਥਰੀਸਾ ਦਾ ਬੜਾ ਹੀ ਪਿਆਰਾ ਬੂਟਾ ਸੀ। ਸਵਾਮੀ ਜੀ ਕਹਿੰਦੇ ਇਹ ਕੋਝਾ ਜਿਹਾ ਪੌਦਾ ਕਿਉਂ ਪਿਆ ਹੈ।

ਥਰੀਸਾ ਬੜੀ ਪਰੇਸ਼ਾਨ ਹੋ ਗਈ ਕਿ ਕੋਈ ਯੋਗੀ ਸੰਤ ਵੀ ਇਸ ਤਰ੍ਹਾਂ ਕਰ ਸਕਦਾ ਹੈ ਇਹ ਜਾਣਦੇ ਹੋਏ ਕਿ ਇਹ ਥਰੀਸਾ ਦਾ ਮਨ ਭਾਉਂਦਾ ਹੈ ਤੇ ਉਹ ਉਸ ਨੂੰ ਬਹੁਤ ਹੀ ਪਸੰਦ ਕਰਦੀ ਹੈ।

ਸਵਾਮੀ ਜੀ ਨੇ ਪਿੱਠ ਮੋੜੀ ਤੇ ਚਲੇ ਗਏ। ਅਚੰਭਾ ਕੀ ਹੋਇਆ ਕਿ ਦੂਸਰੇ ਦਿਨ ਸਵੇਰੇ ਜਦੋਂ ਉਹ ਆਈ ਤੇ ਉਸ ਪੌਦੇ ਉਤੇ ਜਿਸ ਤੇ ਸਵਾਮੀ ਜੀ ਨੇ ਥੁੱਕਿਆ ਸੀ ਉਸ ਉਤੇ ਸੋਹਣੇ ਜਾਮਣੀ ਰੰਗ ਦੇ ਫੁੱਲ ਲੱਗੇ ਹੋਏ ਸੀ ਤੇ ਹਫਤੇ ਦੇ ਵਿਚ ਵਿਚ ਉਹ ਵੱਡਾ ਹੋ ਕੇ ਉਸ ਦਾ ਘੇਰਾ ਤਿੰਨ ਗੁਣ ਹੋ ਚੁੱਕਾ ਸੀ। ਉਸਨੂੰ ਵੱਖ-ਵੱਖ ਤਿੰਨ ਗਮਲਿਆਂ ਵਿਚ ਕਰਨਾ ਪਿਆ। ਉਹ ਵਧਦਾ ਹੀ ਗਿਆ ਸਾਰੇ ਹੌਨਸਡੇਲ ਵਿਚ ਉਸ ਦੀਆਂ ਸ਼ਾਖਾਂ ਲੱਗੀਆਂ। ਕਈ ਵਾਰੀ ਸਵਾਮੀ ਜੀ ਨੂੰ ਚਿੜਾ ਕੇ ਸੁਆਦ ਆਉਂਦਾ ਸੀ।

## ਉਚੀਆਂ ਉਮੀਦਾਂ ਰੱਖਣੀਆਂ

ਸਵਾਮੀ ਜੀ ਕਹਿਣ ਲੱਗੇ ਕਿ ਹੁਣ ਸਮਾਂ ਹੈ ਪੁਸਤਕਾਂ ਵੇਚਣ ਦਾ, ਆਓ ਇਕ ਪੁਸਤਕਾਂ ਦੀ ਦੁਕਾਨ ਖੋਲ੍ਹੀਏ। ਸਵਾਮੀ ਜੀ ਨੇ ਇਕ ਵਾਰੀ ਫੇਰ ਹੌਵਰਡ ਨੂੰ ਤੇ ਮੈਨੂੰ ਥਾਂ ਲੱਭਣ ਲਈ ਕਿਹਾ ਤੇ ਕਿਹਾ ਕਿ ਸਾਰੇ ਸੰਸਾਰ ਨਗਰ ਦੀ ਪੂਰੀ ਤਰ੍ਹਾਂ ਨਾਲ ਛਾਨਬੀਨ ਕੀਤੀ ਜਾਵੇ ਤੇ ਥਾਂ ਲੱਭੀ ਜਾਵੇ। ਅਸੀਂ ਗੱਡੀ ਲੈ ਕੇ ਸੋਹੋ ਗਏ। ਪੱਛਮ ਵਾਲੇ ਪਾਸੇ ਪਿੰਡਾਂ ਵਿਚ ਗਏ ਪਰ ਸਭ ਤੋਂ ਚੰਗੀ ਥਾਂ ਸਾਨੂੰ ਪੰਜ ਐਵੀਨਿਉ ਦੀ ਚੌਦਵੀਂ ਗਲੀ ਵਿਚ ਲੱਗੀ। ਅਸੀਂ ਕਈ ਮੰਜ਼ਲਾਂ ਆਪਣੀ ਨਵੀਂ ਦੁਕਾਨ ਲਈ ਕਰਾਏ ਤੇ ਲੈ ਲਈਆਂ ਤੇ East West ਨਾਮ ਦੀ ਪੁਸਤਕਾਂ ਦੀ ਦੁਕਾਨ ਖੁਲ੍ਹ ਗਈ। ਮੈਂ ਸਾਰੇ ਕੋਰਸ ਲਿਖੇ ਬਰੌਸ਼ਰ ਲਿਖੇ ਤੇ ਨਾਲ ਹੀ ਮੈਂ ਦੂਰ-ਦੂਰ ਜਾਣਾ ਸ਼ੁਰੂ ਕੀਤਾ ਤੇ ਪ੍ਰਚਾਰ ਸ਼ੁਰੂ ਕੀਤਾ ਕਿ ਕਿਹੜੇ ਕੋਰਸ ਪੜ੍ਹਾਏ ਜਾਣਗੇ ਤੇ ਕੀ। ਮੈਂ ਸੀ, ਫਿਲ ਸਵਾਮੀ ਅਜੈ, ਰੂਡੀ ਤੇ ਕਦੇ ਕਦੇ ਸਵਾਮੀ ਜੀ ਵੀ ਹੁੰਦੇ। ਅਸੀਂ ਪੂਰਾ-ਪੂਰਾ ਪ੍ਰੋਗਰਾਮ ਸ਼ੁਰੂ ਕੀਤਾ। ਮੈਡੀਟੇਸ਼ਨ, ਸਟਰੈਸ, ਫਿਲੌਸਫੀ, ਮਨੋਵਿਗਿਆਨ, ਹੋਮਿਓਪੈਥੀ ਹੋਰ ਹੱਠ ਯੋਗ ਤੇ ਹੋਰ ਉਹ ਪ੍ਰੋਗਰਾਮ ਜਿਹੜੇ ਨਿਊਯਾਰਕ ਦੇ ਸ਼ਹਿਰੀਆਂ ਲਈ ਰੌਚਕ ਹੋਣ।

ਇਕ ਦਿਨ ਦੁਪਹਿਰ ਨੂੰ ਜਦੋਂ ਇਹ ਦੁਕਾਨ ਖੁਲਿਆਂ ਕੋਈ ਇਕ ਮਹੀਨਾ ਹੋ ਗਿਆ ਸੀ, ਸਵਾਮੀ ਜੀ ਥੱਲੇ ਭੌਰੇ ਵਿਚ ਮੈਡੀਟੇਸ਼ਨ ਦੀ ਕਲਾਸ ਲੈ ਰਹੇ ਸੀ। ਉਸ ਤੋਂ ਬਾਅਦ ਇਕ ਮੈਨੇਜਰ ਨਾਲ ਗੱਲਬਾਤ ਕਰ ਰਹੇ ਸੀ ਤੇ ਇਕ ਦਮ ਕਹਿਣ ਲੱਗੇ, "ਹੋਰ ਕੀ ਹੈ ਕਰਨ ਨੂੰ, ਚੰਗਾ ਹੋਵੇ ਮੈਂ ਹੀ ਕੁਝ ਪੁਸਤਕਾਂ ਵੇਚਣੀਆਂ ਸ਼ੁਰੂ ਕਰ ਦਿਆਂ।" ਮੈਂ ਇਹ ਆਵਾਜ਼ ਸੁਣੀ ਤੇ ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਸਵਾਮੀ ਜੀ ਸਹਾਇਤਾ ਨਹੀਂ ਮੰਗ ਰਹੇ ਹੋਣ ਪਰ ਆਪਣੇ ਆਪ ਨੂੰ ਗੁੱਸਾ ਕਰ ਰਹੇ ਹੋਣ। ਸਾਨੂੰ ਲੱਗਾ ਜਿਵੇਂ ਸਵਾਮੀ ਜੀ ਕੋਈ ਭਵਿੱਖ ਬਾਣੀ ਕਰ ਰਹੇ ਹੋਣ। ਜਦੋਂ ਸਵਾਮੀ ਜੀ ਪੌੜੀਆਂ ਚੜ੍ਹ ਰਹੇ ਸੀ ਮੈਂ ਵੀ ਪਿਛੇ-ਪਿਛੇ ਤੁਰ ਪਿਆ, ਜਦੋਂ ਅਸੀਂ ਬਹੁਤੀ ਦੇਰ ਸਵਾਮੀ ਜੀ ਦੇ ਨਾਲ ਰਹਿੰਦੇ ਸਾਨੂੰ ਪਤਾ ਲਗ ਜਾਂਦਾ ਅੱਗੋਂ ਕੀ ਹੋਣ ਵਾਲਾ ਹੈ। ਅਸੀਂ ਭਾਂਪ ਜਾਂਦੇ, ਹੁਣ ਕੀ ਹੋਣਾ ਹੈ ਜਾਂ ਤਾਂ ਸਵਾਮੀ ਜੀ ਦੇ ਹਾਵ-ਭਾਵ ਤੋਂ ਜਾਂ ਉਨ੍ਹਾਂ ਦੇ ਸ਼ਬਦਾਂ ਤੋਂ ਕਿਤੋਂ ਵੀ ਪਤਾ ਲਗ ਜਾਂਦਾ ਜਾਂ ਫੇਰ ਅੰਦਰੋਂ ਹੀ ਆਵਾਜ਼ ਆ ਜਾਂਦੀ ਉਹ ਹੋਣ ਵਾਲਾ ਹੈ। ਇਹ ਬਿਲਕੁਲ ਇਹੋ ਜਿਹੀ ਹੀ ਘੜੀ ਸੀ। ਸਵਾਮੀ ਜੀ ਦੁਕਾਨ ਦੇ ਅੱਗੇ ਜਾ ਕੇ ਖੜ੍ਹੇ ਹੋ ਗਏ, ਆਪਣੀ ਸ਼ਾਲ ਲਾਹ ਕੇ ਇਕ ਪਾਸੇ ਸੁੱਟੀ ਤੇ ਕਾਊਂਟਰ ਤੇ ਖੜ੍ਹੇ ਮੁੰਡਿਆਂ ਨੂੰ ਪੁੱਛਣ ਲੱਗੇ ਕਿਵੇਂ ਸਭ ਕੁਝ ਚਲ ਰਿਹਾ ਹੈ। ਸਵਾਮੀ ਜੀ ਖਿਮਾ ਮੰਗਦੇ ਹਾਂ ਕੰਮ ਤਾਂ ਮੰਦਾ ਹੀ ਹੈ ਅੱਜ ਤਾਂ ਅਜੇ ਤਕ ਕੋਈ ਗਾਹਕ ਆਇਆ ਹੀ ਨਹੀਂ।

"ਹੂੰ, ਸਵਾਮੀ ਜੀ ਕਹਿਣ ਲੱਗੇ।" ਸਵਾਮੀ ਜੀ ਮੁੜੇ ਦੁਕਾਨ ਨੂੰ ਚੰਗੀ ਤਰ੍ਹਾਂ ਉਪਰ ਤੋਂ ਥੱਲੇ ਤਕ ਦੇਖਿਆ। ਆਪਣਾ ਸਿਰ ਇਧਰ ਉਧਰ ਘੁੰਮਾਇਆ, ਨੇਤਰ ਬੰਦ ਕੀਤੇ ਇਕ ਮਿੰਟ ਦੇ ਵਿਚ-ਵਿਚ ਉਨ੍ਹਾਂ ਨੇ ਉਪਰ ਦੇਖਿਆ ਤੇ ਮੈਨੂੰ ਕਹਿਣ ਲੱਗੇ ਛੇਤੀ ਤੂੰ ਮੇਰੇ ਨਾਲ ਆ ਤੇ ਅੱਧੇ ਘੰਟੇ ਦੇ ਅੰਦਰ ਉਹ ਦੁਕਾਨ ਵਿਚੋਂ ਬਾਹਰ ਨਿਕਲ ਗਏ।

ਸਵਾਮੀ ਜੀ ਦੀ ਆਪਣੀ ਮੌਜ ਹੈ, ਮੈਂ ਸੋਚਿਆ, ਮੈਨੂੰ ਕਿਉਂ ਨਹੀਂ ਆਪਣੇ ਨਾਲ ਲੈ ਕੇ ਗਏ? ਮੈਨੂੰ ਪਤਾ ਸੀ ਉਹ ਕਿਥੇ ਗਏ ਹਨ ਪਰ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਨੂੰ ਕਿਉਂ ਛੱਡ ਗਏ। ਮੈਨੂੰ ਪਤਾ ਹੋਣਾ ਚਾਹੀਦਾ ਸੀ। ਮੈਂ ਅੱਜ ਆਪਣੇ ਆਪ ਤੇ ਤਰਸ ਹੀ ਖਾ ਰਿਹਾ ਸੀ ਹੋਰ ਕਈ ਗੱਲਾਂ ਜੁੜ ਗਈਆਂ।

ਥੋੜ੍ਹੀ ਹੀ ਦੇਰ ਵਿਚ ਮੇਰੇ ਲਈ ਦਰਵਾਜ਼ੇ ਤੇ ਖੜ੍ਹਾ ਹੋਣਾ ਔਖਾ ਹੋ ਗਿਆ। ਗਾਹਕਾਂ ਨੇ ਮੈਨੂੰ ਮਧੌਲ ਦਿਤਾ। ਐਨੇ ਗਾਹਕ ਇਕੱਠੇ ਹੋ ਗਏ ਕਿ ਸਾਂਭਣੇ ਔਖੇ ਹੋ ਗਏ, ਦੁਕਾਨ ਦੇ ਅੱਗੇ ਵੀ ਸਾਰਾ ਹੀ ਭਰ ਗਿਆ, ਕਿੰਨੇ ਭਾਈ ਤੇ ਬੀਬੀਆਂ ਮਿੰਟਾਂ ਵਿਚ ਪੁਸਤਕਾਂ ਲੈਣ ਲਈ ਇਕੱਠੇ ਹੋ ਗਏ ਤੇ ਕਿਤਾਬਾਂ ਭਰ ਭਰ ਕੇ ਲੈ ਗਏ। ਐਸ ਤਰ੍ਹਾਂ ਹੋ ਗਿਆ ਜਿਵੇਂ ਭਾਜੜ ਪੈ ਗਈ ਹੋਵੇ। ਇਕ ਹੋਰ ਕੰਮ ਕਰਨ ਵਾਲਾ ਛੇਤੀ ਥੱਲਿਓਂ ਉਪਰ ਲੈ ਕੇ ਆਏ। ਤਾਂ ਜੋ ਇਸ ਭੀੜ ਨੂੰ ਸੰਭਾਲੇ, ਇਕ ਹੋਰ ਜਿਹੜਾ ਪੈਸੇ ਲਵੇ ਮੈਂ ਪਾਸਾ ਮੋੜਿਆ ਤੇ ਬੂਹੇ ਤੋਂ ਬਾਹਰ ਨਿਕਲ ਗਿਆ, ਕੋਈ ਅੱਧੇ ਘੰਟੇ ਬਾਅਦ ਦੀ ਗੱਲ ਹੈ।

ਦੂਸਰੇ ਦਿਨ ਮੈਨੂੰ ਮੈਨੇਜਰ ਨੇ ਦੱਸਿਆ ਕਿ ਦੋ ਘੰਟਿਆਂ ਵਿਚ ਉਨ੍ਹਾਂ ਨੇ ਐਨੀਆਂ ਪੁਸਤਕਾਂ ਵੇਚੀਆਂ ਜਿਹੜੀਆਂ ਉਨ੍ਹਾਂ ਨੇ, ਜਦੋਂ ਤੋਂ ਦੁਕਾਨ ਖੋਲ੍ਹੀ ਹੈ ਉਦੋਂ ਤੋਂ ਨਹੀਂ ਵੇਚੀਆਂ। ਮੇਰੇ ਮਨ ਵਿਚ ਸ਼ੰਕੇ ਉਠਣ, ਕਿਵੇਂ ਹੋ ਸਕਦਾ ਹੈ ਕਿ ਸਵਾਮੀ ਜੀ ਨੇ ਐਨੇ ਗਾਹਕ ਇਕੱਠੇ ਕਰ ਲਏ। ਸਵਾਮੀ ਜੀ ਤਾਂ ਉਥੇ ਸੀਗੇ ਵੀ ਨਹੀਂ, ਮੈਂ ਇਸ ਗੱਲ ਨੂੰ ਸੋਚ ਸੋਚ ਕੇ ਹੈਰਾਨ ਹੋ ਰਿਹਾ ਸੀ।

ਜਦੋਂ ਸਵਾਮੀ ਜੀ ਅਜੇ ਗੱਭਰੂ ਸੀ ਉਨ੍ਹਾਂ ਦੇ ਗੁਰੂ ਨੇ ਉਨ੍ਹਾਂ ਨੂੰ ਤਿੱਬਤ ਭੇਜਿਆ ਸੀ ਤਾਂ ਜੋ ਉਹ ਹੋਰ ਪੜ੍ਹਨ ਤੇ ਪੜ੍ਹਾਨ ਵੀ। ਸਵਾਮੀ ਜੀ ਉਥੇ ਦੇ ਇਕ ਮੱਠ ਵਿਚ ਇਮਤਿਹਾਨ ਵੀ ਲੈਣ ਗਏ। ਸਵਾਮੀ ਜੀ ਬਾਕੀ ਦੇ ਦੋ ਜੱਜਾਂ ਨਾਲ ਬੈਠੇ। ਸਵਾਮੀ ਜੀ ਇਕ ਪੁਰਾਤਨ ਸਟੇਜ ਤੇ

ਬੈਠੇ ਉਥੋਂ ਉਹ ਥੱਲੇ ਬੈਠੇ ਦੋ ਭਿਕਸ਼ੂ ਦੇਖ ਸਕਦੇ ਸੀ, ਉਹ ਬਿਲਕੁਲ ਵਿਚ ਬੈਠੇ ਸੀ। ਘੰਟੀ ਹੋ ਗਈ ਸੀ, ਇਕ ਵਿਦਿਆਰਥੀ ਨੇ ਆਪਣੀਆਂ ਅੱਖਾਂ ਬੰਦ ਰੱਖੀਆਂ ਤੇ ਬਿਲਕੁਲ ਸਥਿਰ ਰਿਹਾ ਜਦੋਂ ਕਿ ਬਾਕੀ ਸਾਰੇ ਦੇਖਦੇ ਰਹੇ। ਛੇਤੀ ਹੀ ਸਾਰੇ ਕਮਰੇ ਵਿਚ ਮੱਖੀਆਂ ਦੀ ਆਵਾਜ਼ ਆਈ ਤੇ ਛੇਤੀ ਹੀ ਸਾਰਾ ਕਮਰਾ ਕਾਲੀਆਂ ਮੱਖੀਆਂ ਭਰਿੰਡਾਂ ਨਾਲ ਭਰ ਗਿਆ। ਮੈਂ ਉਠ ਕੇ ਇਕ ਫੜੀ ਤੇ ਹੱਥ ਮਾਰ ਕੇ ਆਪਣੇ ਪੱਟ ਤੇ ਮਾਰ ਦਿਤੀ। ਮੈਂ ਧਿਆਨ ਨਾਲ ਦੇਖਿਆ ਕਿ ਇਹ ਸੱਚੀਮੁੱਚੀ ਦੀ ਮੱਖੀ ਸੀ। ਮੈਂ ਇਹ ਦੇਖਣਾ ਚਾਹੁੰਦਾ ਸੀ ਕਿ ਮੈਨੂੰ ਕਿਤੇ ਹਿਪਨੋਟਾਈਜ਼ ਤਾਂ ਨਹੀਂ ਕਰ ਲਿਆ। ਜੱਜਾਂ ਨੇ ਸਭ ਕੁਝ ਖਤਮ ਕਰ ਦਿਤਾ ਤੇ ਮੱਖੀਆਂ ਜਿਵੇਂ ਆਈਆਂ ਸੀ ਉਵੇਂ ਹੀ ਛੇਤੀ ਨਾਲ ਚਲੀਆਂ ਗਈਆਂ।

ਹੁਣ ਅਗਲੇ ਵਿਦਿਆਰਥੀ ਦੀ ਵਾਰੀ ਆਈ। ਉਸ ਨੇ ਵੀ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਕੀ ਦੇਖਿਆ ਕਿ ਸਾਰਾ ਜੰਗਲ ਹੀ ਬੂਹੇ ਤੇ ਆ ਗਿਆ, ਸੱਪ ਕੀ ਤੇ ਬਾਂਦਰ ਕੀ, ਤਿਤਲੀਆਂ ਕਈ ਛੋਟੇ ਵੱਡੇ ਕੀੜੇ ਮਕੌੜੇ ਸਾਰੇ ਹੀ ਬੂਹੇ ਅੱਗੇ ਆ ਖੜ੍ਹੇ ਹੋਏ, ਜਦੋਂ ਉਹ ਅੰਦਰ ਆਉਣ ਹੀ ਲੱਗੇ ਸੀ ਤਾਂ ਜੱਜਾਂ ਨੇ ਇਸ਼ਾਰਾ ਕੀਤਾ ਤੇ ਸਾਰੇ ਜਾਨਵਰ ਮੁੜ ਗਏ ਤੇ ਜੰਗਲ ਨੂੰ ਚਲੇ ਗਏ। ਦੋਨੋਂ ਭਿਕਸ਼ੂਆਂ ਨੇ ਇਮਤਿਹਾਨ ਪਾਸ ਕਰ ਲਿਆ।

ਜਸਟਿਨ! ਇਕਾਗਰਤਾ ਦੀ ਸ਼ਕਤੀ ਬੇਅੰਤ ਹੈ, ਸਵਾਮੀ ਜੀ ਕਹਿਣ ਲੱਗੇ। ਬਹੁਤ ਥੋੜ੍ਹਾ ਲੋਕੀ ਇਸ ਨੂੰ ਪ੍ਰਾਪਤ ਕਰ ਸਕਦੇ ਹਨ। ਜਿਹੜੇ ਕਰਦੇ ਵੀ ਹਨ ਉਹ ਵੀ ਬਹੁਤ ਥੋੜ੍ਹੇ ਹਿੱਸੇ ਨੂੰ। ਮੈਨੂੰ ਆਪ ਨੂੰ ਇਸ ਬਾਰੇ ਵਿਚ ਬਹੁਤ ਪਤਾ ਨਹੀਂ ਸੀ, ਮੈਨੂੰ ਤਾਂ ਮੇਰੇ ਗੁਰੂ ਨੇ ਇਸ ਤੋਂ ਜਾਣੂ ਕਰਾਇਆ ਤੇ ਇਸ ਬਾਰੇ ਦੱਸਿਆ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਮੇਰੇ ਕੋਲ ਕੀ ਕੁਝ ਹੈ, ਜਿਸ ਦਾ ਮੈਨੂੰ ਪਤਾ ਹੀ ਨਹੀਂ। ਸਵਾਮੀ ਜੀ ਨੇ ਆਪਣੇ ਉਹ ਦਿਨ ਯਾਦ ਕੀਤੇ ਜਦੋਂ ਉਹ ਤਿੱਬਤ ਵਿਚ ਸੀ ਤੇ ਜਦੋਂ ਉਨ੍ਹਾਂ ਨੇ ਏਸ਼ੀਆ ਦੇ ਭਿਕਸ਼ੂਆਂ ਦੀ ਸਿਖਿਆ ਦਾ ਪ੍ਰੋਗਰਾਮ ਦਾ ਅਨੁਭਵ ਕੀਤਾ ਸੀ। ਉਸ ਧਰਤੀ ਤੇ ਸਵਾਮੀ ਜੀ ਆਪਣੇ ਗੁਰੂਦੇਵ ਦੇ ਗੁਰੂ ਨਾਲ ਇਕ ਬਹੁਤ ਹੀ ਹਸਮੁਖ ਤੇ ਸ਼ਕਤੀਸ਼ਾਲ ਯੋਗੀ ਕੋਲ ਗਏ ਸੀ। ਉਹ ਯੋਗੀ ਹਿਮਾਲੀਆ ਵਿਚ ਲੁਕ ਕੇ ਰਹਿ ਰਹੇ ਸੀ। ਸਵਾਮੀ ਜੀ ਨੇ ਜੋ ਕੁਝ ਮੈਨੂੰ ਸੁਣਾਇਆ, ਉਸ ਤੋਂ ਮੈਂ ਐਨਾ ਪ੍ਰੇਰਤ ਹੋਇਆ ਕਿ ਮੈਂ ਗੁਰੂਦੇਵ ਤੇ ਗੁਰੂਦੇਵ ਦੇ ਗੁਰੂ ਜੀ ਨੂੰ ਮਿਲਣ ਲਈ ਉਤਸੁਕ ਹੋ ਗਿਆ।

ਸਾਰਾ ਕੰਮ ਕਰਨਾ ਤੇ ਹਫਤੇ ਵਿਚ ਤਿੰਨ ਘੰਟੇ ਨਿਊਯਾਰਕ ਵਿਚ ਗੱਡੀ ਚਲਾ ਕੇ ਥਾਂ ਲੱਭਣੀ। ਇਕ ਹਫਤੇ ਦੇ ਅਖੀਰ ਦੀ ਗੱਲ ਹੈ ਗਰਮੀਆਂ ਦੇ ਦਿਨ ਸੀ। ਇਕ ਗਰੁੱਪ ਪਹੁੰਚਿਆ ਉਹ ਮਨਹਾਟਨ ਤੋਂ ਆਏ ਸੀ। ਉਨ੍ਹਾਂ ਨੇ ਅਗਲੇ ਗੇਟ ਤੇ ਨਾਮ ਰਜਿਸਟਰ ਕਰਾਇਆ। ਉਨ੍ਹਾਂ ਨੂੰ ਕਮਰੇ ਮਿਲ ਗਏ ਤੇ ਬੈਠਣ ਦੇ ਕਮਰੇ ਵਿਚ ਬੈਠੇ ਸਾਰਿਆਂ ਨੂੰ ਮਿਲੇ। ਮੈਂ ਆਮ ਤੌਰ ਤੇ ਸੌਣ ਤੋਂ ਪਹਿਲਾਂ ਬਾਹਰ ਜਾਂਦਾ ਸੀ। ਸਾਰੇ ਹਾਲ ਦਾ ਚੱਕਰ ਕੱਟਦਾ ਸੀ, ਰਾਤ ਦੇ ਪਹਿਰੇ ਵਾਲਿਆਂ ਨੂੰ ਦੇਖਦਾ ਸੀ, ਫੇਰ ਮੈਂ ਉਪਰ ਪੜਛੱਤੀ ਵਿਚ ਚਲਾ ਗਿਆ ਜਿਹੜੀ ਕਿ ਬਹੁਤ ਹੀ ਲੰਮੀ ਵੱਡੀ ਸੀ। ਇਹ ਪੜਛੱਤੀ ਬਹੁਤ ਹੀ ਪੱਕੀ ਤੇ ਨਿਗਰ ਬਣੀ ਹੋਈ ਸੀ। ਐਨੀ ਪੱਕੀ ਕਿ ਕੋਈ ਖਤਰਾ ਹੋਵੇ ਤਾਂ ਇਥੇ ਪਨਾਹ ਲਈ ਜਾ ਸਕਦੀ ਸੀ। ਚਾਹੋ ਤਾਂ ਇਥੇ ਦੌੜਾਂ ਵੀ ਕਰਾਈਆਂ ਜਾ ਸਕਦੀਆਂ ਸੀ। ਐਨੀ ਜਗ੍ਹਾ ਸੀ।

ਬੂਹਾ ਖੋਲ੍ਹ ਕੇ ਮੈਂ ਦੇਖਿਆ ਮੈਨੂੰ ਸਭ ਕੁਝ ਹੀ ਠੀਕ ਲੱਗਾ ਪਰ ਜਦੋਂ ਹੀ ਮੁੜ ਕੇ ਮੈਂ ਪੌੜੀਆਂ ਉਤਰਨ ਲੱਗਾ ਮੈਨੂੰ ਲੱਗਿਆ ਜਿਵੇਂ ਅੰਦਰ ਦੂਰ ਕਿਤੇ ਧੂਆਂ ਹੋਵੇ, ਇਹ ਕੀ ਹੈ? ਮੈਂ ਇਸ ਤਰ੍ਹਾਂ ਤਾਂ ਕੁਝ ਨਹੀਂ ਸੀ ਕਹਿ ਸਕਦਾ। ਸੋ ਮੈਂ ਹੌਲੀ-ਹੌਲੀ ਅੱਗੇ ਗਿਆ। ਮੈਂ ਹੌਲੀ ਹੌਲੀ ਸੁੰਘ ਰਿਹਾ ਸੀ ਤੇ ਆਵਾਜ਼ ਵੀ ਸੁਣਨ ਦੀ ਕੋਸ਼ਿਸ਼ ਕਰ ਰਿਹਾ ਸੀ ਜਿਵੇਂ-ਜਿਵੇਂ ਮੈਂ ਨੇੜੇ ਗਿਆ, ਧੂੰਆਂ ਗਾੜ੍ਹਾ ਹੁੰਦਾ ਗਿਆ ਅੱਗੇ ਗਿਆ ਤਾਂ ਮਹਿਸੂਸ ਕੀਤਾ ਕਿ ਖੁਸ਼ਬੂ ਵੀ ਆ ਰਹੀ ਸੀ। ਅੱਗੇ ਜਾ ਕੇ ਸੱਜੇ ਪਾਸੇ ਮੈਂ ਇਕ ਦ੍ਰਿਸ਼ ਦੇਖਿਆ। ਗੱਤੇ ਦੇ ਡੱਬੇ ਉਚੇ ਖੜ੍ਹੇ ਕਰਕੇ ਇਕ ਕੰਧ ਬਣਾਈ ਹੋਈ ਸੀ ਉਸ ਕੰਧ ਦੇ ਉਪਰੋਂ ਹੀ ਹੋ ਕੇ ਧੂੰਆਂ ਆ ਰਿਹਾ ਸੀ। ਸਾਰਾ ਦ੍ਰਿਸ਼ ਇਕ ਇਗਲੂ (ਬਰਫ ਦਾ ਘਰ) ਲਗ ਰਿਹਾ ਸੀ ਜਿਵੇਂ ਉਸ ਬਰਫ ਦੇ ਘਰ ਦੀ ਛੱਤ ਨਾ ਹੋਵੇ। ਮੈਂ ਉਸ ਗੱਤੇ ਦੀ ਦੀਵਾਰ ਦੇ ਦੁਆਲੇ ਘੁੰਮਿਆ ਤਾਂ ਮੈਂ ਬਹੁਤ ਹੀ ਹੈਰਾਨ ਹੋਇਆ ਇਕ ਗੱਤੇ ਦੇ ਡੱਬੇ ਉਤੇ ਇਕ ਟੂਫ ਦਾ ਭਾਂਡਾ ਪਿਆ ਸੀ ਤੇ ਨਾਲ ਹੀ ਬੁੱਧ ਦੀ ਫਿਲੌਸਫੀ ਦੀ ਇਕ ਪੁਸਤਕ ਪਈ ਸੀ ਤੇ ਨਾਲ ਹੋਰ ਬਹੁਤ ਸਾਰੀਆਂ ਕਿਤਾਬਾਂ ਪਈਆਂ ਸੀ ਜਿਨ੍ਹਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਲਾਇਆ ਗਿਆ ਸੀ। ਸਾਡੀ ਪੜਛੱਤੀ ਵਿਚੋਂ ਦਰੀਆਂ ਦੇ ਟੁਕੜੇ ਇਕੱਠੇ ਕਰਕੇ ਬੜੀ ਸੋਹਣੀ ਤਰ੍ਹਾਂ ਇਕ ਕੋਨੇ ਤੋਂ ਦੂਸਰੇ ਤਕ ਵਿਛਾਏ ਗਏ ਸੀ ਤੇ ਉਨ੍ਹਾਂ ਦੇ ਉਪਰ ਇਕ ਥੋੜ੍ਹਾ ਜਿਹਾ ਮੋਟਾ ਬੰਦਾ ਬੈਠਾ ਸੀ, ਮੂੰਹ ਉਸ ਦਾ ਲਾਲ ਹੋਇਆ ਪਿਆ ਸੀ। ਉਸ ਨੇ ਮੇਰੇ ਵਲ ਦੇਖਿਆ। ਮੈਂ ਆਪਣਾ ਮੂੰਹ ਪੱਕਾ ਬਣਾ ਕੇ ਪੁਛਿਆ, ਸ੍ਰੀ ਮਾਨ, ਕੀ ਇਹ ਕਮਰਾ ਤੁਹਾਨੂੰ ਦਿਤਾ ਗਿਆ ਹੈ?

ਉਹ ਬੰਦਾ ਖਲੋ ਗਿਆ ਉਸ ਦਾ ਮੂੰਹ ਲਾਲ ਜਿਹਾ ਹੋਇਆ ਤੇ ਉਹ ਝੇਂਪਿਆ। ਉਹ ਮਾਫੀਆਂ ਮੰਗਣ ਲੱਗਾ ਪਰ ਸ਼ਬਦ ਉਸ ਦੇ ਮੂੰਹ ਵਿਚੋਂ ਨਹੀਂ ਸੀ ਨਿਕਲ ਰਹੇ। ਉਹ ਆਪਣੇ ਕਮਰੇ ਵਿਚ ਰਹਿੰਦੇ ਸਾਥੀ ਨੂੰ ਤੰਗ ਨਹੀਂ ਸੀ ਕਰਨਾ ਚਾਹੁੰਦਾ, ਉਸ ਨੇ ਸੋਚਿਆ ਇਥੇ ਉਪਰ ਕੋਈ ਨਹੀਂ ਆਏਗਾ ਤੇ ਨਾਲ ਹੀ ਉਸ ਨੇ ਸੋਚਿਆ। ਜੇ ਮੈਂ ਇਹ ਦਰੀਆ ਤੇ ਗੱਤੇ ਦੇ ਡੱਬੇ ਇਥੇ ਲਗਾ ਲਵਾਂਗਾ ਤਾਂ ਵੀ ਕੋਈ ਕੁਝ ਨਹੀਂ ਕਹੇਗਾ। ਮੈਨੂੰ ਆਪਣੇ ਆਪ ਤੇ ਪੂਰਾ ਕਾਬੂ ਰੱਖਣਾ ਪਿਆ ਇਹ ਦਿਖਾਉਣ ਲਈ ਕਿ ਮੈਂ ਪਹਿਰੇਦਾਰ ਹਾਂ ਕਿਉਂਕਿ ਸਾਰੀ ਗੱਲ ਹੀ ਹਾਸੋ-ਹੀਣੀ ਸੀ।

ਮੈਂ ਉਸ ਨੂੰ ਕਿਹਾ ਕਿ ਉਹ ਆਪਣੀ ਪੜ੍ਹਾਈ ਲਈ ਕੋਈ ਹੋਰ ਚੰਗੀ ਥਾਂ ਲੱਭੇ ਤੇ ਮੈਂ ਬੜੀ ਮੁਸ਼ਕਲ ਨਾਲ ਪੌੜੀਆਂ ਉਤਰਿਆ, ਪੌੜੀਆਂ ਉਤਰ ਕੇ ਮੈਂ ਬਹੁਤ ਹੀ ਜ਼ੋਰ ਦੀ ਹੱਸਿਆ। ਅਗਲੇ ਦਿਨ ਸ਼ਾਮ ਨੂੰ ਮੈਂ ਸਵਾਮੀ ਜੀ ਨੂੰ ਸਾਰੀ ਗੱਲ

(ਬਾਕੀ ਪੰਨਾ 61 ਤੇ)

# ਚੜ੍ਹਦੀ ਕਲਾ

*ਰਘਬੀਰ ਸਿੰਘ 'ਬੀਰ'*

## ਸ.ਫਰ

ਸਫ਼ਰ ਕਿਤੇ ਪਹੁੰਚਣ ਵਾਸਤੇ ਕਰੀਦਾ ਹੈ। ਇਸ ਦਾ ਕੋਈ ਨਿਸ਼ਾਨਾ ਹੋਣਾ ਜ਼ਰੂਰੀ ਹੈ। ਜਿਸ ਮੁਸਾਫ਼ਰ ਨੂੰ ਸਫ਼ਰ ਕਰਨ ਤੋਂ ਪਹਿਲੇ ਹੀ ਪਤਾ ਹੋਵੇ ਕਿ ਉਸ ਨੇ ਕਿਤੇ ਵਿਸ਼ੇਸ਼ ਥਾਂ ਪਹੁੰਚਣਾ ਹੈ, ਉਹ ਉਥੇ ਕਦੀ ਨਾ ਕਦੀ ਪਹੁੰਚ ਹੀ ਜਾਵੇਗਾ ਪਰ ਇਸ ਦੇ ਉਲਟ ਜੇ ਮੁਸਾਫ਼ਰ ਨੂੰ ਪਤਾ ਹੀ ਨਾ ਹੋਵੇ ਕਿ ਉਸ ਨੇ ਕਿਥੇ ਪਹੁੰਚਣਾ ਹੈ ਤਾਂ ਉਹ ਰਸਤੇ ਵਿਚ ਹੀ ਭਟਕਦਾ ਰਹੇਗਾ ਅਤੇ ਕਦੀ ਇਹ ਨਹੀਂ ਆਖ ਸਕੇਗਾ ਕਿ ਉਸ ਦਾ ਸਫ਼ਰ ਖਤਮ ਹੋ ਗਿਆ ਹੈ ਜਾਂ ਮੰਜ਼ਲ ਤੇ ਪੁੱਜਣ ਲਈ ਹੋਰ ਕਿਤਨਾ ਸਫਰ ਬਾਕੀ ਹੈ।

ਮਿਸਾਲ ਦੇ ਤੌਰ 'ਤੇ ਜਿਸ ਮੁਸਾਫ਼ਰ ਨੂੰ ਪਿਸ਼ਾਵਰ ਤੋਂ ਤੁਰਨ ਵੇਲੇ ਪਤਾ ਹੈ ਕਿ ਉਸ ਨੇ ਦਿੱਲੀ ਜਾਣਾ ਹੈ, ਉਹ ਕਦੀ ਨਾ ਕਦੀ ਦਿੱਲੀ ਪਹੁੰਚੇਗਾ। ਜੇ ਉਹ ਰਸਤੇ ਵਿਚ ਰਾਵਲਪਿੰਡੀ ਜਾਂ ਲਾਹੌਰ ਠਹਿਰੇ ਤਾਂ ਆਪਣੇ ਠਹਿਰਨ ਦੇ ਸਮੇਂ ਵਿਚ ਵੀ ਆਪਣੇ ਆਪ ਨੂੰ ਮੁਸਾਫ਼ਰ ਹੀ ਸਮਝੇਗਾ ਅਤੇ ਦਿਲ ਵਿਚ ਜਾਣਦਾ ਰਹੇਗਾ ਕਿ ਉਸ ਨੇ ਸਫ਼ਰ ਦਿੱਲੀ ਪਹੁੰਚਣ ਵਾਸਤੇ ਸ਼ੁਰੂ ਕੀਤਾ ਸੀ ਜੋ ਅਜੇ ਕਾਇਮ ਹੈ ਤੇ ਖਤਮ ਨਹੀਂ ਹੋਇਆ। ਇਸ ਦੇ ਉਲਟ ਜੋ ਆਦਮੀ ਪਿਸ਼ਾਵਰੋਂ ਬਗੈਰ ਫੈਸਲਾ ਕਰਨ ਦੇ ਕਿ ਉਸ ਨੇ ਕਿਥੇ ਪਹੁੰਚਣਾ ਹੈ, ਸਫ਼ਰ ਸ਼ੁਰੂ ਕਰ ਦੇਵੇ ਤਾਂ ਉਹ ਅਵਲ ਤੇ ਦਿੱਲੀ ਬੜੀ ਮੁਸ਼ਕਲ ਨਾਲ ਪਹੁੰਚੇਗਾ ਅਤੇ ਜੇਕਰ ਪਹੁੰਚ ਵੀ ਜਾਵੇ ਤਾਂ ਵੀ ਤਸੱਲੀ ਨਾਲ ਨਹੀਂ ਆਖ ਸਕੇਗਾ ਕਿ ਉਸ ਦਾ ਸਫ਼ਰ ਖਤਮ ਹੋ ਗਿਆ ਹੈ। ਉਹ ਰਸਤੇ ਵਿਚ ਪਿਸ਼ਾਵਰ ਤੋਂ ਦਿੱਲੀ ਤੱਕ ਦੇ ਸ਼ਹਿਰਾਂ ਵਿਚ ਜਿਥੇ ਉਸ ਦਾ ਦਿਲ ਲਗ ਜਾਵੇ ਉਥੇ ਹੀ ਅਟਕ ਸਕਦਾ ਹੈ। ਉਸ ਨੂੰ ਮੁਸਾਫ਼ਰ ਵਾਲੀ ਸਫ਼ਰ ਨੂੰ ਖਤਮ ਕਰਨ ਦੀ ਤਾਂਘ ਹੀ ਨਹੀਂ ਹੋਵੇਗੀ। ਉਹ, ਕਵੀ ਜ਼ੌਕ ਦੀ ਉਸ ਕਿਸ਼ਤੀ ਦੀ ਤਰ੍ਹਾਂ ਹੈ ਜਿਸ ਸਬੰਧੀ ਆਪ ਨੇ ਆਖਿਆ ਹੈ–

***ਜਿਸ ਜਗ੍ਹਾ ਪਰ ਜਾ ਲਗੀ ਵੌਹੀ ਕਿਨਾਰਾ ਹੋ ਗਿਆ।***

ਐਸਾ ਮੁਸਾਫ਼ਰ ਪਿਸ਼ਾਵਰ ਤੋਂ ਦਿੱਲੀ ਦੇ ਸਫ਼ਰ ਵਿਚ ਸਾਰੀ ਉਮਰ ਬਤੀਤ ਕਰ ਸਕਦਾ ਹੈ ਅਤੇ ਇਹ ਵੀ ਮੁਮਕਿਨ ਹੈ ਕਿ ਲਾਹੌਰ ਆ ਕੇ ਮੁਲਤਾਨ ਵਲ ਮੂੰਹ ਕਰ ਲਵੇ ਅਤੇ ਐਸੀ ਸਮਤ ਵਲ ਤੁਰਨਾ ਸ਼ੁਰੂ ਕਰ ਦੇਵੇ ਕਿ ਦਿੱਲੀ ਪਹੁੰਚਣਾ ਅਸੰਭਵ ਹੀ ਹੋ ਜਾਵੇ।

ਇਸ ਲਈ ਕਾਮਯਾਬ ਮੁਸਾਫ਼ਰ ਵਾਸਤੇ ਸਫ਼ਰ ਤੋਂ ਪਹਿਲੇ ਇਹ ਜਾਨਣਾ ਕਿ ਉਸ ਨੇ ਕਿਥੇ ਪਹੁੰਚਣਾ ਹੈ, ਡਾਹਢਾ ਜ਼ਰੂਰੀ ਹੈ। ਐਸਾ ਮੁਸਾਫ਼ਰ ਰਸਤੇ ਵਿਚ ਡਿਕੇ-ਡੋਲੇ ਨਹੀਂ ਖਾਵੇਗਾ, ਆਪਣਾ ਸਮਾਂ ਜ਼ਾਇਆ ਨਹੀਂ ਕਰੇਗਾ, ਸਫਰ ਨੂੰ ਖਤਮ ਕਰਨ ਤਕ ਆਪਣੇ ਆਪ ਨੂੰ ਮੁਸਾਫ਼ਰ ਹੀ ਸਮਝੇਗਾ ਅਤੇ ਸਫ਼ਰ ਖਤਮ ਕਰਕੇ ਜਾਣੇਗਾ ਕਿ ਉਸ ਦਾ ਸਫ਼ਰ ਖਤਮ ਹੋ ਗਿਆ ਹੈ, ਉਹ ਹੁਣ ਮੁਸਾਫ਼ਰ ਨਹੀਂ।

ਜੀਵ ਤੋਂ ਈਸ਼ਵਰ ਤੱਕ, ਸਿੱਖ ਤੋਂ ਵਾਹਿਗੁਰੂ ਤੱਕ ਦ੍ਰਿਸ਼ਟੀਮਾਨ ਸੰਸਾਰ ਤੋਂ ਅਦ੍ਰਿਸ਼ਟ ਅਗੋਚਰ ਵਾਹਿਗੁਰੂ ਤੱਕ ਪਹੁੰਚਣਾ ਆਤਮਾ ਦਾ ਸਭ ਤੋਂ ਲੰਬਾ ਸਫ਼ਰ ਹੈ। ਇਸ ਸਫ਼ਰ ਨੂੰ ਤੈਅ ਕਰਨ ਤੋਂ ਪਹਿਲਾਂ ਹੀ ਸਫ਼ਰ ਦਾ ਇਰਾਦਾ ਕਰਨ ਵਾਲੇ ਵਿਚ, ਮੁਸਾਫ਼ਰ ਵਾਲੀਆਂ ਸਭ ਖੂਬੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸਭ ਤੋਂ ਪਹਿਲੇ ਉਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਦੇ ਆਤਮ ਮਾਰਗ ਦਾ ਨਿਸ਼ਾਨਾ ਕੀ ਹੈ? ਉਸ ਨੇ ਕਿਥੇ ਪਹੁੰਚਣਾ ਹੈ, ਜਿਥੇ ਪਹੁੰਚ ਕੇ ਉਹ ਆਖ ਸਕੇ ਕਿ ਉਸ ਦਾ ਸਫਰ ਖਤਮ ਹੋ ਗਿਆ ਹੈ, ਅੱਗੇ ਹੋਰ ਪੈਂਡਾ ਨਹੀਂ ਰਿਹਾ।

ਆਤਮ ਸਫਰ ਵਿਚ ਵੀ ਮੁਸਾਫ਼ਰ ਜੇਕਰ ਆਪਣੇ ਨਿਸ਼ਾਨੇ ਤੇ ਕਾਇਮ ਨਾ ਰਹੇ, ਆਪਣੇ ਇਰਾਦੇ ਵਿਚ ਦ੍ਰਿੜ੍ਹ ਨਾ ਹੋਵੇ ਤਾਂ ਰਸਤੇ ਵਿਚ ਹੀ ਅਟਕ ਜਾਣ ਦੇ ਅਨੇਕਾਂ ਮੌਕੇ ਹਨ। ਆਤਮ ਸਫ਼ਰ ਦੇ ਰਸਤੇ ਵਿਚ ਐਸੇ-ਐਸੇ ਪੜਾਓ ਆਉਂਦੇ ਹਨ, ਜਿਨ੍ਹਾਂ ਵਿਚ ਆਪਣੇ ਵਲ ਖਿਚਣ ਦੀ ਅਤੇ ਆਖਰੀ ਮੰਜ਼ਲ ਦੇ ਦ੍ਰਿਸ਼ ਮੁਸਾਫਰ ਦੇ ਦਿਲੋਂ ਭੁਲਾਣ ਦੀ ਡਾਹਢੀ ਸ਼ਕਤੀ ਹੁੰਦੀ ਹੈ। ਪਹਿਲੇ ਇਸ ਮਾਰਗ ਵਿਚ ਨਿਰਾਸਤਾ, ਥਕਾਵਟ, ਨੀਂਦਰ, ਆਲਸ, ਇੰਦ੍ਰੀਆਂ ਦੇ ਸੁਖਾਂ ਦੀ ਯਾਦ ਆਦਿ ਮੁਸਾਫ਼ਰ ਨੂੰ ਠੋਕਰਾਂ ਲਗਾਂਦੇ ਤੇ ਸਫ਼ਰ ਕਾਇਮ ਰੱਖਣ ਤੋਂ ਵਰਜਦੇ ਰਹਿੰਦੇ ਹਨ ਪਰ ਜੇਕਰ ਮੁਸਾਫ਼ਰ ਪੱਕੇ ਇਰਾਦੇ ਵਾਲਾ ਨਿਕਲੇ ਤਾਂ ਫਿਰ ਇਹ ਵਿਘਨ ਹੋਰ ਰੂਪ ਧਾਰ ਕੇ ਮੁਸਾਫ਼ਰ ਨੂੰ ਧੋਖਾ ਦੇਣ ਜਾਂ ਗੁਮਰਾਹ ਕਰਨ ਦੇ ਯਤਨ ਕਰਦੇ ਹਨ। ਹੁਣ ਇਜ਼ਤ, ਮਾਨ, ਵਡਿਆਈ, ਕਾਮਯਾਬੀ, ਸ਼ਲਾਘਾ, ਆਤਮ ਸ਼ਕਤੀਆਂ, ਰਿੱਧੀਆਂ-ਸਿੱਧੀਆਂ ਆਦਿ ਮੁਸਾਫ਼ਰ ਨੂੰ ਆਪਣੇ ਚਕਮੇ ਦੇਂਦੀਆਂ ਤੇ ਕਦਮ-ਕਦਮ ਤੇ ਗਿਰਾਣ ਦੀ ਕੋਸ਼ਿਸ਼ ਕਰਦੀਆਂ ਹਨ। ਪਰ ਜਿਸ ਮੁਸਾਫ਼ਰ ਨੇ ਤੁਰਨ ਤੋਂ ਪਹਿਲਾਂ ਆਪਣੇ ਸਫ਼ਰ ਦਾ ਨਿਸ਼ਾਨਾ ਕਾਇਮ ਕੀਤਾ ਹੋਵੇ ਅਤੇ ਆਪਣੇ ਇਰਾਦੇ ਦਾ ਪੱਕਾ ਹੋਵੇ ਉਹ ਰਸਤੇ ਦੇ ਦਿਲ ਫਰੇਬ ਨਜ਼ਾਰਿਆਂ ਤੇ ਖਿੱਚਾਂ ਵਿਚ ਫਸਦਾ ਨਹੀਂ। ਉਹ ਆਤਮ ਮਾਰਗ ਦੇ ਸਭ ਸ਼ਹਿਰਾਂ ਜਾਂ ਸਟੇਸ਼ਨਾਂ ਥਾਣੀਂ ਲੰਘਦਾ ਆਪਣੇ ਸਫ਼ਰ ਨੂੰ ਕਾਇਮ ਰਖਦਾ ਹੈ ਅਤੇ ਸਫ਼ਰ ਦੇ ਕਿਸੇ ਹਿੱਸੇ ਵਿਚ ਵੀ ਆਪਣੇ ਦਿਲੋਂ ਮੁਸਾਫ਼ਰ ਹੋਣ ਦਾ ਖਿਆਲ ਨਹੀਂ ਭੁਲਾਂਦਾ।

ਆਤਮ ਮਾਰਗ ਦੇ ਪਾਂਧੀ, ਆਪਣੇ ਅਸਲੇ ਦੇ ਖੋਜੀ, ਹਸਤੀ ਦੇ ਰਾਜ਼ ਨੂੰ ਲੱਭਣ ਦੇ ਚਾਹਵਾਨ ਨੂੰ ਸਫ਼ਰ ਦੇ ਸ਼ੁਰੂ ਤੋਂ ਹੀ ਆਪਣੇ ਨਿਸ਼ਾਨੇ ਦਾ ਪਤਾ ਹੋਣਾ ਲਾਜ਼ਮੀ ਹੈ ਅਤੇ ਇਸ ਨਿਸ਼ਾਨੇ ਨੂੰ ਸਫ਼ਰ ਦੇ ਸਭ ਹਿੱਸਿਆਂ ਵਿਚ ਅੱਖੋਂ ਓਹਲੇ ਨਹੀਂ ਹੋਣ ਦੇਣਾ ਚਾਹੀਦਾ। ਆਤਮ ਮਾਰਗ ਦਾ ਨਿਸ਼ਾਨਾ ਕੀ ਹੈ? ਇਸ ਦਾ ਜਵਾਬ ਆਤਮਾ ਦੇ ਸਫ਼ਰ ਨੂੰ ਤੈਅ ਕਰ ਚੁੱਕੇ ਮਹਾਂਪੁਰਖਾਂ ਨੇ ਆਤਮ ਪਾਂਧੀਆਂ ਦੀ ਰਹਿਨੁਮਾਈ ਵਾਸਤੇ ਬੜੇ ਸਪਸ਼ਟ ਅੱਖਰਾਂ ਵਿਚ ਦੱਸਿਆ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅੰਗ - 12***

ਮਨੁੱਖ ਦਾ ਦੇਹ ਧਾਰਨ ਦਾ ਮਨੋਰਥ ਗੋਬਿੰਦ ਨੂੰ ਮਿਲਣਾ ਹੈ।

***ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ॥***
***ਅੰਗ - 48***

ਪ੍ਰਭ ਜੀ ਨੂੰ ਮਿਲਣ ਤੇ ਵੇਖਣ ਵਾਸਤੇ ਹੀ ਜੀਵ ਸਰੀਰ ਧਾਰਨ ਕਰਦਾ ਹੈ ਅਤੇ ਆਤਮ ਮਾਰਗ ਤੇ ਚੱਲ ਕੇ ਕਿਸੇ ਵੇਲੇ ਪ੍ਰਭੂ ਨੂੰ ਆਪਣੇ ਨਾਲ ਵੇਖਦਾ ਹੈ। ਦੂਸਰੇ ਅੱਖਰਾਂ ਵਿਚ ਤਨ ਧਾਰਨ ਦਾ ਮਕਸਦ ਪ੍ਰਭੂ ਜੀ ਨੂੰ ਮਿਲਣਾ ਤੇ ਅੰਗ-ਸੰਗ ਦੇਖਣਾ ਹੈ।

ਭਾਈ ਨੰਦ ਲਾਲ ਜੀ ਨੇ ਸਰੀਰ ਧਾਰਨ ਕਰਨ ਦਾ ਕਾਰਨ, 'ਬੰਦਗੀ' (ਆਤਮ ਮਾਰਗ ਦਾ ਸਫ਼ਰ) ਹੀ ਦਸਿਆ ਹੈ –

***ਹਵਾਏ ਬੰਦਗੀ ਆਵਰੁਦ ਦਰ ਵਜੂਦ ਮਰਾ।***
***ਵਗਰਨਾ ਜ਼ੇਕੇ ਚੁਨੀ ਆਮਦਨ ਨਬੂਦ ਮਰਾ।***

**ਉਲਥਾ** - ਭਗਤੀ (ਆਤਮ ਮਾਰਗ ਦੇ ਸਫ਼ਰ) ਵਾਸਤੇ ਹੀ ਮੈਂ ਵਜੂਦ ਵਿਚ ਆਇਆ ਸਾਂ, ਨਹੀਂ ਤਾਂ ਇਸ ਤਰ੍ਹਾਂ ਆਉਣ (ਭਟਕਣ) ਦੀ ਮੈਨੂੰ ਕੀ ਲੋੜ ਹੈ?

ਆਤਮ ਪਾਂਧੀ ਦਾ ਨਿਸ਼ਾਨਾ ਆਪਣੇ ਕਰਤਾਰ ਨੂੰ ਆਪਣੇ ਆਪ ਵਿਚੋਂ ਲੱਭਣਾ ਅਤੇ ਸਮਝਣਾ ਹੈ ਅਤੇ ਅੰਤ ਵਿਚ ਕਰਤਾਰ ਵਰਗਾ ਬਣਨ ਦੀ ਕੋਸ਼ਿਸ਼ ਕਰਦਿਆਂ ਕਰਦਿਆਂ ਆਪਣੇ ਮਾਲਕ ਵਿਚ ਸਮਾਅ ਜਾਣਾ ਜਾਂ ਮਾਲਕ ਰੂਪ ਹੋ ਜਾਣਾ ਹੈ। ਜਿਨ੍ਹਾਂ ਵਡਭਾਗੇ ਆਤਮ ਪਾਂਧੀਆਂ ਨੂੰ ਉਕਤ ਨਿਸ਼ਾਨੇ ਦਾ ਪਤਾ ਹੈ, ਉਨ੍ਹਾਂ ਨੂੰ ਰਸਤੇ ਦੀਆਂ ਅੜਾਉਣੀਆਂ, ਖਿੱਚਾਂ, ਸੁੰਦਰ ਦ੍ਰਿਸ਼ ਠੱਗ ਨਹੀਂ ਸਕਣਗੇ। ਉਨ੍ਹਾਂ ਨੂੰ ਮੌਤ ਵੀ ਆਪਣੇ ਇਰਾਦੇ ਤੋਂ ਨਹੀਂ ਹਟਾ ਸਕੇਗੀ। ਮੌਤ ਉਨ੍ਹਾਂ ਵਾਸਤੇ ਕੋਈ ਅਰਥ ਨਹੀਂ ਰੱਖਦੀ।

***ਨਾ ਓਹਿ ਮਰਹਿ ਨ ਠਾਗੇ ਜਾਹਿ॥***
***ਜਿਨ ਕੈ ਰਾਮੁ ਵਸੈ ਮਨਿ ਮਾਹਿ॥ ਪੰਨਾ - 8***

(ਪੰਨਾ 59 ਦੀ ਬਾਕੀ)

ਸੁਣਾਈ। ਸਵਾਮੀ ਜੀ ਤੇ ਮੈਂ ਅਸੀਂ ਦੋਨੋਂ ਜ਼ੋਰ ਜ਼ੋਰ ਦੀ ਹੱਸੇ। ਸਵਾਮੀ ਜੀ ਨੇ ਉਸਨੂੰ ਬੁਲਾਇਆ। ਉਹ ਬਹੁਤ ਹੀ ਉਚਾ ਸੁੱਚਾ ਮਨੁੱਖ ਸੀ ਤੇ ਉਹ ਪੂਰਾ ਪੂਰਾ ਮਾਨਵ-ਵਾਦੀ ਸੀ। ਕੁਝ ਸਾਲ ਬੀਤਣ ਬਾਅਦ ਉਹ ਸਾਡਾ ਬਹੁਤ ਹੀ ਚੰਗਾ ਦੋਸਤ ਬਣ ਗਿਆ ਸੀ। ਉਹ ਕਾਨੂੰਨ ਤੇ ਫਿਲੌਸਫੀ ਦਾ ਮਾਹਰ ਸੀ ਤੇ ਨਾਲ ਹੀ ਉਹ ਇਕ ਇਟਾਲੀਅਨ ਖਾਣਾ ਸਪਾਘੇਟੀ (Spagheti) ਚਟਨੀ ਐਸੀ ਬਣਾਉਂਦਾ ਸੀ ਕਿ ਸਾਰੇ ਨਿਯੂਯਾਰਕ ਵਿਚ ਕੋਈ ਨਹੀਂ ਸੀ ਬਣਾਉਂਦਾ। ਉਹ ਤੇ ਉਸ ਦੀ ਪਤਨੀ ਦੀ ਸਵਾਮੀ ਜੀ ਪ੍ਰਤੀ ਐਨੀ ਸ਼ਰਧਾ ਸੀ ਕਿ ਉਨ੍ਹਾਂ ਨੂੰ ਕੁਝ ਵੀ ਕਹੋ ਉਹ ਕਰਦੇ ਸੀ ਭਾਵੇਂ ਕਿੰਨੇ ਹੀ ਪੈਸੇ ਕਿਉਂ ਨਾ ਲਗਦੇ ਹੋਣ।

ਇਕ ਦਿਨ ਦੀ ਗੱਲ ਹੈ ਸ਼ਾਮ ਨੂੰ ਅਸੀਂ ਸਵਾਮੀ ਜੀ ਕੋਲ ਬੈਠੇ ਸਾਂ ਖਾਣੇ ਵਾਲੇ ਕਮਰੇ ਵਿਚ ਗੱਲ ਚਲ ਰਹੀ ਸੀ। ਅਸੀਂ ਸਵਾਮੀ ਜੀ ਨੂੰ ਕਿਹਾ ਤੁਹਾਡੇ ਤਾਂ ਬਹੁਤ ਸਾਰੇ ਸ਼ਰਧਾਲੂ ਜਾਂ ਕਹਿ ਲਵੋ ਸ਼ਿਸ਼ ਹੋਣੇ ਹਨ। ਸਵਾਮੀ ਜੀ ਥੋੜ੍ਹਾ ਠਹਿਰੇ ਤੇ ਹੌਲੀ ਜਿਹੀ ਕਹਿਣ ਲੱਗੇ ਮੇਰੇ ਪੰਜ ਨਹੀਂ ਤਾਂ ਛੇ ਸ਼ਿਸ਼ ਹੋਣਗੇ। ਪਰ ਸਵਾਮੀ ਜੀ ਤੁਹਾਨੂੰ ਤਾਂ ਕਿੰਨੇ ਹੀ ਲੋਕੀ ਮਿਲਣ ਆਉਂਦੇ ਹਨ, ਕਿੰਨੇ ਹੀ ਤੁਹਾਨੂੰ ਲਿਖਦੇ ਹਨ। ਉਹ ਤਾਂ ਪ੍ਰਸ਼ੰਸਾਜਨਕ ਹਨ, ਉਹ ਕਹਿਣ ਲੱਗੇ ਉਹ ਚੇਲੇ ਨਹੀਂ ਸ਼ਿਸ਼ ਨਹੀਂ, ਮੇਰੇ ਤਾਂ ਬਹੁਤ ਥੋੜ੍ਹੇ ਜਿਹੇ ਸ਼ਿਸ਼ ਹਨ। ਇਕ ਦਮ ਸਾਰੇ ਸੋਚਣ ਲਗ ਪਏ, ਕੌਣ ਹਨ ਜਿਹੜੇ ਸ਼ਿਸ਼ ਹਨ, ਕਮਰੇ ਵਿਚ ਬੈਠੇ ਸਾਰੇ ਸੋਚਣ ਲਗ ਪਏ? ਕੀ ਮੈਂ ਉਨ੍ਹਾਂ ਵਿਚੋਂ ਇਕ ਹਾਂ ਕਿ ਨਹੀਂ? ਸਵਾਮੀ ਜੀ ਹੌਲੀ ਹੌਲੀ ਧਰਤੀ ਤੋਂ ਉਠੇ ਤੇ ਸਾਨੂੰ ਸਭ ਨੂੰ ਗੁੱਡ ਨਾਈਟ ਕਹਿਣ ਲਗ ਪਏ ਉਨ੍ਹਾਂ ਦੀ ਮੈਡੀਟੇਸ਼ਨ ਦਾ ਸਮਾਂ ਹੋਇਆ ਸੀ ਤੇ ਸਾਡੇ ਸੌਣ ਦਾ।

ਥਰੀਸਾ ਨੂੰ ਆਪਣੇ ਗੁਰੂ ਦੇ ਸ਼ਬਦ ਕੰਨ ਵਿਚ ਬੜੇ ਦਿਨ ਸੁਣਦੇ ਰਹੇ, ਇਹ ਕਿਵੇਂ ਹੋ ਸਕਦਾ ਹੈ, ਤੁਸੀਂ ਸਵਾਮੀ ਜੀ ਨਾਲ ਹੋਵੋ ਤੇ ਫੇਰ ਉਨ੍ਹਾਂ ਦੇ ਸ਼ਿਸ਼ ਨਾ ਹੋਵੋ ਉਨ੍ਹਾਂ ਪ੍ਰਤੀ ਤੁਹਾਡੀ ਸ਼ਰਧਾ ਨਾ ਹੋਵੇ ਇਹ ਕਿਵੇਂ ਹੋ ਸਕਦਾ ਹੈ?

ਮੇਰੇ ਕੋਲ ਉਸ ਦੀ ਇਸ ਗੱਲ ਦਾ ਕੋਈ ਵੀ ਜਵਾਬ ਨਹੀਂ ਸੀ ਭਾਵੇਂ ਉਸ ਦੀ ਚਿੰਤਾ ਇਹ ਹੋਵੇ ਕਿ ਉਹ ਸਵਾਮੀ ਜੀ ਦੀ ਸ਼ਿਸ ਹੈ ਕਿ ਨਹੀਂ ਕਿ ਉਹ ਸਵਾਮੀ ਜੀ ਦੀ ਸ਼ਿਸ਼ ਹੋਣ ਦੇ ਕਾਬਲ ਹੀ ਨਹੀਂ। ਕੁਝ ਦਿਨ ਸਵਾਮੀ ਜੀ ਨੇ ਆਪਣੀ ਕਿਤਾਬ, Marriage Parenthood and Enlightenment ਪੂਰੀ ਕੀਤੀ। ਉਨ੍ਹਾਂ ਨੇ ਉਸ ਦੇ ਪਿਛਲੇ ਕੁਝ ਪੰਨੇ ਥਰੀਸਾ ਨੂੰ ਭੇਟ ਕੀਤੇ ਤੇ ਉਹ ਕਹਿਣ ਲੱਗੇ ਕਿ ਹੁਣ ਤੂੰ ਕੁਝ ਸੱਜਣਾਂ ਪ੍ਰਤੀ ਅਭਾਰ ਲਿਖ ਜਿਨ੍ਹਾਂ ਨੇ ਇਸ ਪੁਸਤਕ ਦੇ ਲਿਖਣ ਵਿਚ ਲਿਆਉਣ ਵਿਚ ਸਹਾਇਤਾ ਕੀਤੀ ਹੈ। ਉਸ ਵਿਚ ਸਵਾਮੀ ਜੀ ਨੇ ਲਿਖਾਇਆ, ਸੰਸਥਾ ਸ੍ਰੀ ਮਤੀ ਜਸਟਿਨ ਓਬਰਾਇਨ ਦੀ ਪੂਰੀ ਤਰ੍ਹਾਂ ਨਾਲ ਅਭਾਰੀ ਹੈ ਜੋ ਕਿ ਇਕ ਸ਼ਿਸ ਵੀ ਹੈ ਤੇ ਜਿਸ ਨੇ ਇਹ ਖਰੜਾ ਟਾਈਪ ਵੀ ਕੀਤਾ ਹੈ।

# ਸਤੰਬਰ 2004 ਵਿਚ ਮਨਾਏ ਜਾ ਰਹੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰਬਾਣੀ ਵਿਚਾਰ - ਜਪੁਜੀ

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਵੇਖੋ, ਅਗਸਤ ਅੰਕ ਪੰਨਾ - 57*

ਪਉੜੀ ੩੧ ਵਿਚ ਇਸ ਵਿਚਾਰ ਨੂੰ ਅੱਗੇ ਤੋਰਦਿਆਂ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਪ੍ਰਮਾਤਮਾ ਦੀ ਬੇਅੰਤ ਸ੍ਰਿਸਟੀ ਵਿਚ ਅਨੇਕਾਂ ਹੀ ਲੋਕ ਹਨ, ਅਨੇਕਾਂ ਹੀ ਭਵਨ ਹਨ, ਕੇਵਲ ਇਕੋ ਧਰਤੀ ਦੇ ਜੀਵ ਜੰਤ ਨਹੀਂ, ਅਨੇਕ ਧਰਤੀਆਂ ਹਨ ਜਿਨ੍ਹਾਂ ਤੇ ਜੀਆਂ ਜੰਤਾਂ ਦਾ ਵਾਸਾ ਹੈ ਅਤੇ ਇਨ੍ਹਾਂ ਸਭਨਾਂ ਧਰਤੀਆਂ, ਲੋਕਾਂ, ਭਵਨਾਂ ਵਿਚ ਅਕਾਲ ਪੁਰਖ ਦੇ ਭੰਡਾਰੇ ਚਲ ਰਹੇ ਹਨ, ਉਸ ਦਾ ਟਿਕਾਣਾ ਹਰ ਭਵਨ ਵਿਚ ਹੈ। ਜਦ ਇਨ੍ਹਾਂ ਭਵਨਾਂ ਦੀ ਰਚਨਾ ਹੋਈ ਤਾਂ ਨਾਲ ਹੀ ਇਨ੍ਹਾਂ ਭੰਡਾਰਿਆਂ ਵਿਚ ਸਭਨਾਂ ਜੀਆਂ ਜੰਤਾਂ ਦਾ ਰਿਜ਼ਕ ਇਕੋ ਵਾਰੀ ਹੀ ਪਾ ਦਿਤਾ, ਇਹ ਭੰਡਾਰੇ ਅਖੁੱਟ ਹਨ, ਨਾ ਮੁੱਕਣ ਵਾਲੇ ਹਨ। ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਜੀਆਂ ਨੂੰ ਪੈਦਾ ਕਰਕੇ ਉਨ੍ਹਾਂ ਦੀ ਸੰਭਾਲ ਵੀ ਕਰ ਰਿਹਾ ਹੈ ਅਤੇ ਇਹ ਸੱਚੇ ਪ੍ਰਮਾਤਮਾ ਦੀ ਸੱਚੀ ਕਾਰ ਹੈ, ਸ੍ਰਿਸ਼ਟੀ ਨੂੰ ਸੰਭਾਲਣ ਦੀ ਕਿਰਿਆ ਸਦਾ ਸਦਾ ਲਈ ਹੈ, ਅਟੱਲ ਹੈ। ਐਸੇ ਅਕਾਲਪੁਰਖ ਨੂੰ ਸਦਾ ਪ੍ਰਣਾਮ ਹੈ ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਨਾਸ਼-ਰਹਿਤ ਹੈ ਅਤੇ ਜੁਗਾਂ ਜੁਗਾਂਤਰਾਂ ਤਕ, ਸਦਾ ਸਦਾ ਇਕੋ ਜਿਹਾ ਰਹਿੰਦਾ ਹੈ -

*ਆਸਣੁ ਲੋਇ ਲੋਇ ਭੰਡਾਰ॥*
*ਜੋ ਕਿਛੁ ਪਾਇਆ ਸੁ ਏਕਾ ਵਾਰ॥*
*ਕਰਿ ਕਰਿ ਵੇਖੈ ਸਿਰਜਣਹਾਰੁ॥*
*ਨਾਨਕ ਸਚੇ ਕੀ ਸਾਚੀ ਕਾਰ॥*
*ਆਦੇਸੁ ਤਿਸੈ ਆਦੇਸੁ॥*
*ਆਦਿ ਅਨੀਲੁ ਅਨਾਦਿ ਅਨਾਹਤਿ*
*ਜੁਗੁ ਜੁਗੁ ਏਕੋ ਵੇਸੁ॥ (੩੧)*

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਐਸੇ ਸ਼ੁੱਧ ਸਰੂਪ, ਸਦੀਵ ਰਹਿਣ ਵਾਲੇ ਪ੍ਰਮਾਤਮਾ ਨਾਲੋਂ ਵਿੱਥ ਕਿਵੇਂ ਮਿਟ ਸਕਦੀ ਹੈ, ਉਸ ਨਾਲ ਇਕ-ਮਿਕ ਕਿਵੇਂ ਹੋਇਆ ਜਾਵੇ? ਪਹਿਲੀ ਪਉੜੀ ਵਿਚ ਹੀ ਇਸ ਪ੍ਰਸ਼ਨ 'ਕਿਵ ਕੂੜੈ ਤੁਟੈ ਨਾਲਿ' ਦਾ ਸਮਾਧਾਨ 'ਹੁਕਮਿ ਰਜਾਈ ਚਲਣਾ' ਰਾਹੀਂ ਦਿਤਾ ਗਿਆ ਸੀ। ਹੁਕਮ ਦੀ ਵਿਆਖਿਆ ਵਿਚ ਹੁਕਮ ਨੂੰ ਬੁੱਝਣ ਦਾ ਇਕ ਚਿੰਨ੍ਹ ਇਹ ਦੱਸਿਆ ਸੀ ਕਿ ਹੁਕਮ ਵਿਚ ਵਿਚਰਨ ਵਾਲਾ ਮਨੁੱਖ ਹਉਮੈ-ਰਹਿਤ ਹੋ ਜਾਂਦਾ ਹੈ, "ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ (ਪੰਨਾ.2) ਅੱਗੇ ਇਸ ਦਾ ਅਮਲੀ ਪੱਖ ਜਾਂ ਸਾਧਨ ਇਹ ਦੱਸਿਆ ਹੈ ਕਿ ਹੁਕਮ ਦੇ ਮਾਲਕ ਪ੍ਰਭੂ ਦੀ ਸਿਫਤਿ ਕਰੋ, ਗੁਣ ਗਾਇਨ ਕਰੋ, ਵਿਸ਼ੇਸ਼ ਕਰਕੇ ਪੂਰਨ ਖਿੜਾਉ ਦਾ ਪ੍ਰਭਾਤ ਵੇਲਾ ਹੋਵੇ, ਉਸ ਸਮੇਂ ਨਾਮ ਸਿਮਰੀਏ ਅਤੇ ਉਸ ਦੀਆਂ ਵਡਿਆਈਆਂ ਦੀ ਵੀਚਾਰ ਕਰੀਏ -

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*
*(ਪਉੜੀ ੪)*

ਉਸ ਦੇ ਗੁਣਾਂ ਦਾ ਗਾਇਨ ਕਰੀਏ, ਸੁਣੀਏ ਤੇ ਆਪਣੇ ਹਿਰਦੇ ਵਿਚ ਉਸ ਦਾ ਪ੍ਰੇਮ ਟਿਕਾਈਏ -

*ਗਾਵੀਐ ਸੁਣੀਐ ਮਨਿ ਰਖੀਐ ਭਾਉ॥ (ਪਉੜੀ ੫)*

ਇਹ ਵਿਚਾਰ ਅੱਗੇ 'ਸੁਣਿਐ' ਅਤੇ 'ਮੰਨੈ' ਦੀਆਂ ਪਉੜੀਆਂ ਵਿਚ ਵਿਸ਼ੇਸ਼ ਤੌਰ ਤੇ ਦਰਸਾਈ ਹੈ। ਇਥੇ ਪਉੜੀ ੩੨ ਵਿਚ ਇਹ ਯਾਚਨਾ ਕੀਤੀ ਹੈ ਕਿ ਹੇ ਵਾਹਿਗੁਰੂ! ਇਕ ਜੀਭ ਤੋਂ ਮੇਰੀਆਂ ਲੱਖ ਜੀਭਾ ਹੋ ਜਾਣ ਅਤੇ ਲੱਖ ਜੀਭਾਂ ਤੋਂ ਵੀਹ ਲੱਖ ਬਣ ਜਾਣ ਅਤੇ ਇਨ੍ਹਾਂ ਵੀਹ ਲੱਖ ਜੀਭਾਂ ਨਾਲ ਹੇ ਅਕਾਲ ਪੁਰਖ! ਤੇਰੇ ਇਕ ਨਾਮ ਨੂੰ ਮੈਂ ਲੱਖ-ਲੱਖ ਵਾਰੀ ਜਪਦਾਂ ਰਹਾਂ ਤੇ ਇਸ ਤਰ੍ਹਾਂ ਜਪ ਜਪ ਕੇ ਅਕਾਲ ਪੁਰਖ ਪਤੀ-ਪ੍ਰਮੇਸ਼ਰ ਨੂੰ ਮਿਲਣ ਵਾਲੀਆਂ, ਜੋ ਪਉੜੀਆਂ ਹਨ, ਉਨ੍ਹਾਂ ਤੇ ਚੜ੍ਹਦਾ ਮੈਂ ਤੇਰੇ ਨਾਲ ਇਕ-ਮਿਕ ਹੋ ਜਾਵਾਂ, ਮੇਰਾ ਆਪਾ-ਭਾਵ ਖਤਮ ਹੋ ਜਾਵੇ। ਪ੍ਰਭੂ-ਮਿਲਣ ਦਾ ਇਹ ਮਾਰਗ ਉਸ ਦੀ ਨਦਰ ਦਾ ਮਾਰਗ ਹੈ। ਇਹ ਉਚਾ ਮਾਰਗ ਆਕਾਸ਼ ਤੇ ਚੜ੍ਹਨ ਸਮਾਨ ਬਿਖਮ ਮਾਰਗ ਹੈ ਪਰ ਅਨਜਾਣ ਮਨੁੱਖਾਂ ਨੂੰ ਵੀ ਕਈ ਵਾਰੀ ਰੀਸ ਆਉਂਦੀ ਹੈ ਕਿ ਅਸੀਂ ਵੀ ਵਿਖਾਵੇ ਦਾ ਜਾਪ ਕਰਕੇ ਅਕਾਸ਼ ਤੇ ਪਹੁੰਚ ਜਾਈਏ ਪਰ ਇਹ ਤਾਂ ਕੂੜੇ ਮਨੁੱਖ ਦੀ ਕੂੜੀ ਰੀਸ ਹੈ। ਨਾਮ ਦਾ ਮਾਰਗ ਅਕਾਲ ਪੁਰਖ ਦੀ ਨਦਰ ਦਾ ਮਾਰਗ ਹੈ। ਇਹ ਪ੍ਰਾਪਤੀ ਨਦਰ ਰਾਹੀਂ ਹੁੰਦੀ ਹੈ -

*ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥*
*ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥*
*ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥*
*ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥*
*ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥*

ਨਾਮ ਦਾ ਮਾਰਗ, ਭਗਤੀ ਦਾ ਮਾਰਗ ਹਉਮੈ-ਨਵਿਰਤੀ ਦਾ ਮਾਰਗ ਹੈ, ਨਦਰ ਦਾ ਮਾਰਗ ਹੈ, ਜ਼ੋਰ ਦਾ ਮਾਰਗ ਨਹੀਂ। ਹਉਂ-ਆਸਰਿਤ ਮਨੁੱਖ ਨੂੰ ਆਪਣੀ ਸਮਰੱਥਾ, ਆਪਣੇ ਇਖਤਿਆਰ, ਆਪਣੇ ਮਨ ਦੀ ਮਰਜ਼ੀ ਦਾ ਮਾਣ ਹੁੰਦਾ ਹੈ। ਪਉੜੀ ੩੩ ਵਿਚ ਗੁਰੂ ਨਾਨਕ ਦੇਵ ਜੀ ਸਪਸ਼ਟ ਕਰਦੇ ਹਨ ਕਿ ਮਨੁੱਖ ਦਾ ਆਪਣਾ ਇਖਤਿਆਰ ਕਿਤੇ ਨਹੀਂ ਚਲਦਾ, ਨਾ ਬੋਲਣ ਵਿਚ, ਨਾ ਚੁੱਪ ਰਹਿਣ ਵਿਚ। ਨਾ ਮੰਗਣ ਵਿਚ ਸਾਡੀ ਮਰਜ਼ੀ ਚਲਦੀ ਹੈ ਅਤੇ ਨਾ ਹੀ ਦੇਣ ਵਿਚ। ਜੀਵਣ ਅਤੇ ਮਰਨ ਵੀ ਸਾਡੇ ਵਸ ਜਾਂ ਸਾਡੀ ਸਮਰੱਥਾ ਤੋਂ ਬਾਹਰ ਹੈ। ਰਾਜ ਅਤੇ ਮਾਲ ਦੀ

ਪ੍ਰਾਪਤੀ ਵਿਚ ਵੀ ਸਾਡਾ ਕੋਈ ਜ਼ੋਰ ਨਹੀਂ ਚਲਦਾ, ਜਿਸ ਰਾਜ ਅਤੇ ਮਾਲ ਦੀ ਪ੍ਰਾਪਤੀ ਨਾਲ ਮਨ ਵਿਚ ਫੂੰ-ਫਾਂ ਦਾ ਸ਼ੋਰ ਪੈਦਾ ਹੁੰਦਾ ਹੈ। ਆਤਮਿਕ ਸੁਰਤਿ ਦੀ ਜਾਗ੍ਰਿਤੀ ਵਿਚ, ਗਿਆਨ ਦੀ ਪ੍ਰਾਪਤੀ ਵਿਚ ਅਤੇ ਵਿਚਾਰਾਂ ਦੇ ਸੰਗ੍ਰਹਿਣ ਵਿਚ ਵੀ ਸਾਡਾ ਜ਼ੋਰ ਨਹੀਂ ਚਲਦਾ, ਇਹ ਵੀ ਸਾਡੀ ਸਮਰੱਥਾ ਤੋਂ ਬਾਹਰ ਹੈ। ਉਸ ਜੁਗਤੀ ਨੂੰ ਧਾਰਨ ਕਰਨਾ ਵੀ ਸਾਡੇ ਇਖਤਿਆਰ ਵਿਚ ਨਹੀਂ ਜਿਸ ਕਰਕੇ ਜਨਮ ਮਰਨ ਮੁੱਕ ਜਾਂਦਾ ਹੈ, ਸੰਸਾਰ ਤੋਂ ਮੁਕਤ ਹੋ ਜਾਈਦਾ ਹੈ। ਹਰ ਪ੍ਰਕਾਰ ਦੀ ਸਮਰੱਥਾ ਜਾਂ ਜ਼ੋਰ ਕੇਵਲ ਪ੍ਰਭੂ ਦੇ ਹੱਥ ਵਿਚ ਹੈ, ਜੋ ਰਚਨਾ ਰਚ ਕੇ ਉਸ ਦੀ ਹਰ ਪ੍ਰਕਾਰ ਸੰਭਾਲ ਕਰਦਾ ਹੈ। ਆਪਣੇ ਆਪ ਵਿਚ ਨਾ ਕੋਈ ਮਨੁੱਖ ਉਤਮ ਹੈ, ਨਾ ਹੀ ਨੀਚ ਕਿਉਂਕਿ ਸਾਰੇ ਜੀਵਾਂ ਦਾ ਰਚਨਹਾਰਾ, ਉਹ ਪ੍ਰਭੂ ਆਪ ਹੈ। ਅਸੀਂ ਕਿਸੇ ਨੂੰ ਸਦਾਚਾਰੀ ਜਾਂ ਕਿਸੇ ਨੂੰ ਦੁਰਾਚਾਰੀ ਕਿਵੇਂ ਕਹਿ ਸਕਦੇ ਹਾਂ? ਜੇ ਸਿਮਰਨ ਦੀ ਬਰਕਤ ਨਾਲ ਇਹ ਨਿਸ਼ਚਾ ਬਣ ਜਾਵੇ ਕਿ ਪ੍ਰਮਾਤਮਾ ਹੀ ਕਰਨ ਕਾਰਨ ਸਮਰੱਥ ਹੈ, ਤਾਂ ਹੀ ਪ੍ਰਮਾਤਮਾ ਨਾਲੋਂ ਜੀਵ ਦੀ ਵਿੱਥ ਦੂਰ ਹੋ ਸਕਦੀ ਹੈ -

*ਆਖਣਿ ਜੋਰੁ ਚੁਪੈ ਨਹ ਜੋਰੁ॥*
*ਜੋਰੁ ਨ ਮੰਗਣਿ ਦੇਣਿ ਨ ਜੋਰੁ॥*
*ਜੋਰੁ ਨ ਜੀਵਣਿ ਮਰਣਿ ਨਹ ਜੋਰੁ॥*
*ਜੋਰੁ ਨ ਰਾਜਿ ਮਾਲਿ ਮਨਿ ਸੋਰੁ॥*
*ਜੋਰੁ ਨ ਸੁਰਤੀ ਗਿਆਨਿ ਵੀਚਾਰਿ॥*
*ਜੋਰੁ ਨ ਜੁਗਤੀ ਛੁਟੈ ਸੰਸਾਰੁ॥*
*ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥*
*ਨਾਨਕ ਉਤਮੁ ਨੀਚੁ ਨ ਕੋਇ॥੩੩॥*

ਭਾਵ ਇਹ ਹੈ ਕਿ ਚੰਗੇ ਪਾਸੇ ਤੁਰਨਾ ਜਾਂ ਕੁਰਾਹੇ ਪੈ ਜਾਣਾ ਜੀਵਾਂ ਦੇ ਆਪਣੇ ਵਸ ਦੀ ਗੱਲ ਨਹੀਂ। ਵਾਹਿਗੁਰੂ ਜੀ ਦੇ ਹੁਕਮ ਅਨੁਸਾਰ ਇਹ ਖੇਡ ਚਲ ਰਹੀ ਹੈ। ਜੈਸੇ ਮਨੁੱਖ ਕਰਮ ਕਰਦਾ ਹੈ, ਵੈਸੀਆਂ ਹੀ ਉਸ ਦੀਆਂ ਪ੍ਰਵਿਰਤੀਆਂ ਤੇ ਸੰਸਕਾਰ ਬਣ ਜਾਂਦੇ ਹਨ ਅਤੇ ਉਨ੍ਹਾਂ ਅਧੀਨ ਹੀ ਅੱਗੋਂ ਮਨੁੱਖ ਕਿਰਿਆਸ਼ੀਲ ਹੁੰਦਾ ਹੈ। ਜਿਸ ਪ੍ਰਭੂ ਨੇ ਜੀਵ ਪੈਦਾ ਕੀਤੇ ਹਨ, ਉਹ ਹੀ ਕਰਮ-ਗਤੀ ਅਨੁਸਾਰ ਇਨ੍ਹਾਂ ਪੁਤਲੀਆਂ ਨੂੰ ਖਿਡਾ ਰਿਹਾ ਹੈ। ਸੋ, ਜੇ ਕੋਈ ਜੀਵ ਪ੍ਰਭੂ ਦੀ ਸਿਫਤਿ-ਸਾਲਾਹ ਕਰ ਰਿਹਾ ਹੈ, ਤਾਂ ਇਹ ਉਸ ਦੇ ਸ਼ੁਭ ਕਰਮ ਅਤੇ ਪ੍ਰਭੂ ਦੀ ਮਿਹਰ ਹੈ। ਜੇ ਕੋਈ ਇਸ ਪਾਸੇ ਵਲੋਂ ਖੁੰਝਾ ਪਿਆ ਹੈ ਤਾਂ ਇਹ ਵੀ ਉਸ ਮਾਲਕ ਦੇ ਹੁਕਮ ਅਨੁਸਾਰ ਹੈ। ਜੇ ਅਸੀਂ ਉਸ ਦੇ ਦਰ ਤੋਂ ਦਾਤਾਂ ਮੰਗਦੇ ਹਾਂ ਤਾਂ ਇਹ ਪ੍ਰੇਰਨਾ ਵੀ ਹੁਕਮ ਅਨੁਸਾਰ ਉਹ ਆਪ ਕਰਦਾ ਹੈ ਤੇ ਫਿਰ ਦਾਤਾਂ ਦੇਂਦਾ ਵੀ ਉਹ ਆਪ ਹੀ ਹੈ। ਜੇ ਕੋਈ ਜੀਵ ਰਾਜ ਤੇ ਧਨ ਦੇ ਮਦ ਵਿਚ ਮੱਤਾ ਪਿਆ ਹੈ, ਇਹ ਵੀ ਪ੍ਰਭੂ ਜੀ ਦੀ ਰਜ਼ਾ ਹੈ, ਜੇ ਕਿਸੇ ਦੀ ਸੁਰਤਿ ਪ੍ਰਭੂ-ਚਰਨਾਂ ਵਿਚ ਹੈ ਤੇ ਜੀਵਨ-ਜੁਗਤਿ ਸੁਥਰੀ ਹੈ ਤਾਂ ਇਹ ਮਿਹਰ ਭੀ ਪ੍ਰਭੂ ਦੀ ਹੀ ਹੈ।

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ - ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name........................................................................
3. ਪਿਤਾ ਦਾ ਨਾਮ/Father's Name...........................................
4. ਪੂਰਾ ਪਤਾ/Full address......................................................

.......................................................

.......................................................

PINCODE.......................Telephone...............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ........................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ..................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 05, 12, 19, 26, ਸਤੰਬਰ।

**ਸੰਗਰਾਂਦ** - 15 ਸਤੰਬਰ, ਦਿਨ ਬੁੱਧਵਾਰ।

**ਪੂਰਨਮਾਸ਼ੀ** - 28 ਸਤੰਬਰ, ਦਿਨ ਮੰਗਲਵਾਰ

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 25 ਸਤੰਬਰ 2004, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## For more information

**please visit us on internet at -**

http://www.atammarg.org

&

http://www.Ratwara sahib.com

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਵਲੋਂ ਹਸਪਤਾਲ ਵਾਸਤੇ ਮਾਇਆ ਭੇਜੀ ਜਾਂਦੀ ਹੈ ਉਹ ਹੇਠ ਲਿਖੇ ਹਸਪਤਾਲ ਅਕਾਊਂਟ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ –

**Vishav Gurmat Roohani Mission Charitable Trust Ratwara Sahib (Hospital A/C)**

**Postal Address :-**

**V.G.R.M. Charitable Trust,**
**Gurdwara Ishar Parkash,**
**Ratwara Sahib**
**P.O. Mullanpur Garibdass**
**Via : Chandigarh.**
**Distt. Ropar (Pb)-140901**

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ -**

**0160-2255002**

**0160-2255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ -** 0160–2255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ ਟੈਕਨਾਲੌਜੀ, ਰਤਵਾੜਾ ਸਾਹਿਬ -** 0160–2255005, 2255006. 2255007